# ਸਿਰਜਣਾ



ਅਪਰੈਲ-ਜੂਨ 2025 | 216 | 50 ਰੁਪਏ

# ਸਿਰਜਣਾ

**216**

**ਅਪਰੈਲ-ਜੂਨ 2025**

**ਸੰਪਾਦਕ : ਰਘਬੀਰ ਸਿੰਘ**
**Editor : Raghbir Singh**



**1728, ਸੈਕਟਰ 43-ਬੀ,**
**ਚੰਡੀਗੜ੍ਹ-160 043**
**ਫੋਨ : +91-172-2601693**

***SIRJANA***
***1728, Sector 43-B,***
***Chandigarh-160 043***
***INDIA***
***Phone : +91-172-2601693***
***E-mail :***
***sirjanasahitak@gmail.com***



**Sirjana is approved by DPI Punjab for all Schools, Colleges and Social Education Centres vide letter No. 2/6-66B (EP) dated 26-9-1966**

Account Name
**SIRJANA**
Account Number:
**Current Account**
**00321100082130**
Bank-Branch
**Punjab & Sind Bank**
**17-C, Chandigarh**
IFSC Code:
**PSIB 0000032**


## ਇਸ ਅੰਕ ਵਿਚ


ਸੰਪਾਦਕੀ/ਬਰਾਬਰੀ ਦਾ ਸੁਫਨਾ ਅਤੇ ਹਕੀਕਤ/1

ਲਖਵਿੰਦਰ ਜੌਹਲ/ਛੇ ਕਵਿਤਾਵਾਂ/3

ਆਦੇਸ਼ ਅੰਕੁਸ਼/ਦੋ ਗ਼ਜ਼ਲਾਂ/8

ਸੁਰਿੰਦਰ ਗਿੱਲ/ਤਿੰਨ ਕਵਿਤਾਵਾਂ/9

ਹਰਪ੍ਰੀਤ ਸੇਖਾ/ਕਹਾਣੀ/ਠੱਕ-ਠੱਕ/11

ਗੁਰਮੀਤ ਕੜਿਆਲਵੀ/ਕਹਾਣੀ/ਕਾਲਾ ਨਾਗ/19

ਦੀਪਤੀ ਬਬੂਟਾ/ਕਹਾਣੀ/ਵਗਦੇ ਪਾਣੀ/29

ਅੰਬਰ ਹੁਸੈਨੀ/ਕਹਾਣੀ/ਇਕ ਦਿਨ/38

ਕਮਲ ਸੇਖੋਂ/ਕਹਾਣੀ/ਸੋਲਮੇਟ/46

ਰਾਜਿੰਦਰ ਪਾਲ ਸਿੰਘ ਬਰਾੜ/ਸ਼ਬਦ ਚਿੱਤਰ/ਉਮਰ ਅਤੇ ਅਕਲ ਵਿਚ ਵੱਡਾ ਵੀਰ- ਰਾਜਪਾਲ ਸਿੰਘ/55

ਬਲਦੇਵ ਚੱਕ ਸਕੰਦਰ/ਵਾਰਤਾ/ਹੋਮਿਓਪੈਥੀ/62

ਸਈਅਦ ਭੁੱਟਾ/ਲੇਖ/ਬਾਬਾ ਫਰੀਦ ਤੋਂ ਪਹਿਲਾਂ ਪੰਜਾਬੀ ਅਦਬ ਦੇ ਮੁਹਾੜ/65

ਹਰਿੰਦਰ ਸਿੰਘ ਬਰਾੜ/ਲੇਖ/ਅਵਤਾਰ ਸਿੰਘ ਬਿਲਿੰਗ ਦੇ ਨਾਵਲ: ਕਿਰਤ ਵਿਹੂਣੇ ਪਾਤਰਾਂ ਦਾ ਜਮਾਤੀ ਖਾਸਾ/75

ਬਲਜੀਤ ਬਾਸੀ/ਸ਼ਬਦ ਝਰੋਖਾ/ਤੈਮੂਰ ਦੇ ਪੁਆੜੇ/81

ਦਵਿੰਦਰ ਸੈਫ਼ੀ/ਰਿਵਿਊ/ਬੇਸਮੈਂਟ ਕਵਿਤਾਵਾਂ/84

ਚੰਦਰ ਮੋਹਨ/ਰਿਵਿਊ/ਮਨ ਹੋਆ ਵਣਜਾਰਾ/87

ਜੇ. ਬੀ. ਸੇਖੋਂ/ਰਿਵਿਊ/ਡਲਿਵਰੀ ਮੈਨ/90

ਹਰਿੰਦਰ ਸਿੰਘ ਬਰਾੜ/ਰੋਲ਼ਿਆਂ ਵੇਲੇ/92


**ਟਾਈਟਲ ਚਿੱਤਰ : ਦੇਵ**


**ਚੰਦਾ-ਦਸ ਅੰਕ : ਦੇਸ : 500 ਰੁਪਏ, ਪੰਜ ਸਾਲ : 1000 ਰੁਪਏ**
**ਵਿਦੇਸ਼-ਹਵਾਈ ਡਾਕ ਰਾਹੀਂ : ਪੰਜ ਸਾਲ : 100 ਅਮਰੀਕਨ ਡਾਲਰ**

*ਸੰਪਾਦਕੀ*

# *ਬਰਾਬਰੀ ਦਾ ਸੁਫਨਾ ਅਤੇ ਹਕੀਕਤ*

*ਮਹਾਨ ਕਮਿਊਨਿਸਟ ਆਗੂ ਵਲਾਦੀਮੀਰ ਇਲੀਇਚ ਲੈਨਿਨ ਨੇ ਇਕ ਸਦੀ ਪਹਿਲਾਂ ਲਿਖਿਆ ਸੀ ਕਿ ਜੰਗ ਸਰਮਾਏਦਾਰਾ ਟਕਰਾਓ ਅਤੇ ਵਸੀਲਿਆਂ ਤੇ ਮੰਡੀਆਂ ਉੱਤੇ ਕਬਜ਼ੇ ਲਈ ਹੋੜ ਦਾ ਨਤੀਜਾ ਹੈ। ਲੈਨਿਨ ਦੀ ਇਹ ਟਿੱਪਣੀ ਉਸ ਵਕਤ ਆਈ ਸੀ ਜਦੋਂ ਪਹਿਲੀ ਸੰਸਾਰ ਜੰਗ ਚੱਲ ਰਹੀ ਸੀ। ਉਸ ਦੀ ਸੁਰ ਅਜਿਹੀਆਂ ਜੰਗਾਂ ਦੀ ਤਿੱਖੀ ਮੁਖ਼ਾਲਫ਼ਤ ਵਾਲੀ ਸੀ। ਫਿਰ ਕੁਝ ਹੀ ਸਾਲਾਂ ਦੌਰਾਨ ਰੂਸ ਅੰਦਰ ਇਨਕਲਾਬ ਦੀ ਪੈੜਚਾਲ ਸੁਣਾਈ ਦਿੱਤੀ ਅਤੇ ਸੰਸਾਰ ਅੰਦਰ ਅਜਿਹੇ ਨਿਜ਼ਾਮ ਦੀ ਉਸਾਰੀ ਆਰੰਭ ਹੋਈ ਜਿਸ ਬਾਰੇ ਪੇਸ਼ੀਨਗੋਈ ਕਾਰਲ ਮਾਰਕਸ ਅਤੇ ਫ੍ਰੈਡਰਿਕ ਏਂਗਲਜ਼ ਨੇ ਆਪਣੀਆਂ ਲਿਖਤਾਂ ਅੰਦਰ ਕੀਤੀ ਸੀ। ਇਹ ਤੱਥ ਤਸਲੀਮ ਕਰਨ ਵਾਲਾ ਹੈ ਕਿ ਸਿਰਫ ਇਕ ਦਹਾਕੇ ਦੌਰਾਨ ਹੀ ਰੂਸ ਅੰਦਰ ਅਜਿਹਾ ਨਿਜ਼ਾਮ ਉੱਭਰ ਆਇਆ ਸੀ ਜੋ ਬਹੁਤ ਸਾਰੇ ਮਾਮਲਿਆਂ ਵਿਚ ਚਲੰਤ ਢਾਂਚਿਆਂ ਨਾਲੋਂ ਨਿਆਰਾ ਸੀ ਅਤੇ ਉਸ ਦੌਰ ਦੇ ਇਸ ਮੁਤਵਾਜ਼ੀ ਢਾਂਚੇ ਨੇ ਸਮੁੱਚੇ ਸੰਸਾਰ ਅੰਦਰ ਸੁਨਹਿਰੇ ਸੁਫਨੇ ਦਾ ਬੀਜ ਬੀਜਿਆ। ਆਰਥਿਕ ਮੁਹਾਜ਼ 'ਤੇ ਇਸ ਢਾਂਚੇ ਦਾ ਜਲੌਅ 1920ਵਿਆਂ ਦੇ ਅਖ਼ੀਰ ਵਿਚ ਪ੍ਰਗਟ ਹੋਇਆ ਜਦੋਂ ਆਰਥਿਕ ਮਹਾਂ ਮੰਦੀ ਨੇ ਸਮੁੱਚੇ ਸੰਸਾਰ ਨੂੰ ਆਪਣੀ ਜਕੜ ਵਿਚ ਲੈ ਲਿਆ ਸੀ। ਉਸ ਵਕਤ ਇਕੱਲਾ ਸੋਵੀਅਤ ਰੂਸ ਹੀ ਸੰਸਾਰ ਦਾ ਅਜਿਹਾ ਮੁਲਕ ਸੀ ਜਿੱਥੇ ਇਸ ਮੰਦੀ ਦਾ ਕੋਈ ਅਸਰ ਨਹੀਂ ਸੀ। ਇਸ ਦੀ ਬੁਨਿਆਦ ਸਾਰੇ ਖੇਤਰਾਂ ਵਿਚ ਸਰਕਾਰੀ ਨਿਵੇਸ਼ 'ਤੇ ਟਿਕੀ ਹੋਈ ਸੀ। ਫਿਰ ਸਰਮਾਏਦਾਰਾ ਮੁਲਕਾਂ ਨੇ ਉੱਘੇ ਅਰਥ ਸ਼ਾਸਤਰੀ ਜੇ.ਐੱਮ. ਕੇਅਨਜ਼ ਦੀ ਗੱਲ ਮੰਨ ਕੇ ਸਰਕਾਰੀ ਨਿਵੇਸ਼ ਵਧਾਇਆ ਅਤੇ ਇਸ ਤੋਂ ਬਾਅਦ ਹੀ ਇਸ ਮਹਾਂ ਮੰਦੀ 'ਤੇ ਕਾਬੂ ਪਾਇਆ ਜਾ ਸਕਿਆ ਸੀ।*

*2008 ਵਿਚ ਆਈ ਆਰਥਿਕ ਮੰਦੀ ਉੱਤੇ ਤਾਂ ਵੱਖ-ਵੱਖ ਮੁਲਕਾਂ ਨੇ ਜਿਵੇਂ-ਕਿਵੇਂ ਕਾਬੂ ਪਾ ਲਿਆ ਸੀ ਪਰ ਉਦੋਂ ਜਿਹੜੇ ਢੰਗ-ਤਰੀਕੇ ਅਪਣਾਏ ਗਏ, ਬਿਮਾਰੀ ਦਾ ਪੱਕਾ ਇਲਾਜ ਨਹੀਂ ਸਨ, ਇਸੇ ਕਰ ਕੇ ਹੁਣ ਵਾਲੀ ਮਹਾਂ ਮੰਦੀ ਵਿਕਰਾਲ ਰੂਪ ਵਿਚ ਸਭ ਦੇ ਸਾਹਮਣੇ ਹੈ ਅਤੇ ਇਹ ਸਾਰੇ ਸੰਸਾਰ ਦੇ ਬੂਹੇ ਭੰਨ ਰਹੀ ਹੈ। ਉਂਝ, ਹੁਣ ਹਾਲ ਇਹ ਹੈ ਕਿ ਕਿਸੇ ਵੀ ਸਰਕਾਰ ਦੀ ਸਰਕਾਰੀ ਨਿਵੇਸ਼ ਵਧਾਉਣ ਵਿਚ ਕੋਈ ਖ਼ਾਸ ਰੁਚੀ ਨਹੀਂ। ਪੂੰਜੀਵਾਦ ਦੇ ਕਾਰਪੋਰੇਟੀ ਸਰੂਪ ਦਾ ਪਸਾਰ ਹੁਣ ਇੰਨੇ ਵਸੀਹ ਪੱਧਰ 'ਤੇ ਪੁੱਜ ਚੁੱਕਿਆ ਹੈ ਕਿ ਮੋੜਾ ਪੈਣਾ ਬਹੁਤ ਮੁਸ਼ਕਿਲ ਜਾਪ ਰਿਹਾ ਹੈ। ਪੂੰਜੀਵਾਦ ਦੀ ਇਸ ਵੰਨਗੀ ਨੇ ਕੁਦਰਤ ਦੀ ਜਿੰਨੀ ਤਬਾਹੀ ਕੀਤੀ ਹੈ, ਉਸ ਦੀ ਭਰਪਾਈ ਵੀ ਹੁਣ ਮੁਸ਼ਕਿਲ ਜਾਪ ਰਹੀ ਹੈ। ਅਸਲ ਵਿਚ, ਪਿਛਲੇ ਕੁਝ ਦਹਾਕਿਆਂ ਦੌਰਾਨ ਵਿਕਾਸ ਦਾ ਜਿਹੜਾ ਮਾਡਲ ਵਿਕਸਿਤ ਹੋਇਆ ਹੈ, ਉਸ ਨੇ ਕੁਦਰਤੀ ਸਰੋਤਾਂ ਦੀ ਅੰਧਾ-ਧੁੰਦ ਵਰਤੋਂ ਕੀਤੀ ਹੈ। ਹੁਣ ਤਾਂ ਇਹ ਵੀ ਕਿਹਾ ਜਾਣ ਲੱਗ ਪਿਆ ਹੈ ਕਿ ਜੇਕਰ ਇਹ ਵਿਕਾਸ ਮਾਡਲ ਇਸੇ ਤਰ੍ਹਾਂ ਨਿਰਵਿਘਨ ਚੱਲਦਾ ਰਿਹਾ ਤਾਂ ਆਉਣ ਵਾਲੇ ਸਾਲਾਂ ਵਿਚ ਪੂੰਜੀਵਾਦ ਨੇ ਇਸ ਧਰਤ ਨੂੰ ਜਿਊਣ ਜੋਗੀ ਵੀ ਨਹੀਂ ਰਹਿਣ ਦੇਣਾ। ਇਸੇ ਕਰ ਕੇ ਇਹ ਵਿਕਾਸ ਮਾਡਲ ਹੁਣ ਇਕੱਲੇ ਪੂੰਜੀਵਾਦ ਦਾ ਨਹੀਂ ਸਗੋਂ ਸਮੁੱਚੀ ਮਨੁੱਖਤਾ ਦਾ ਸੰਕਟ ਬਣ ਗਿਆ ਹੈ।*

*ਇਸ ਸੰਕਟ ਦੀ ਥਾਹ ਪਾਉਣ ਲਈ ਫ਼ਿਲਹਾਲ ਦੋ ਮਿਸਾਲਾਂ ਵਿਚਾਰੀਆਂ ਜਾ ਸਕਦੀਆਂ ਹਨ। ਪਹਿਲੀ ਰੂਸ-ਯੂਕਰੇਨ ਜੰਗ ਦੀ ਹੈ ਅਤੇ ਦੂਜੀ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੀ ਚੱਕਵੀਂ ਸਿਆਸਤ ਦੀ ਹੈ ਜਿਸ ਨੇ ਇਤਿਹਾਸ ਨੂੰ ਪੁੱਠਾ ਗੇੜਨਾ ਸ਼ੁਰੂ ਕਰ ਦਿੱਤਾ ਹੋਇਆ ਹੈ। ਰੂਸ-ਯੂਕਰੇਨ ਜੰਗ ਦਾ ਬੁਨਿਆਦੀ ਨੁਕਤਾ ਪੱਛਮ ਦੀ ਵਿਸਥਾਰਵਾਦੀ ਪਹੁੰਚ ਨਾਲ ਹੀ ਜੁੜਿਆ ਹੋਇਆ ਹੈ। ਪੱਛਮ ਦੇ ਇਸੇ ਲਾਲਚ ਕਾਰਨ ਯੂਕਰੇਨ ਪੂਰੀ ਤਰ੍ਹਾਂ ਤਬਾਹ ਹੋ ਚੁੱਕਾ ਹੈ। ਸਿਤਮਜ਼ਰੀਫ਼ੀ ਇਹ ਹੈ ਕਿ ਇਸ ਮੁਲਕ ਦੀ ਪੁਨਰ-ਉਸਾਰੀ ਦਾ ਸਾਰਾ ਲਾਭ ਵੀ ਪੱਛਮ, ਖਾਸ ਕਰ ਕੇ ਅਮਰੀਕਾ ਨੇ ਉਠਾਉਣਾ ਹੈ। ਅਮਰੀਕੀ ਰਾਸ਼ਟਰਪਤੀ ਟਰੰਪ ਨੇ ਯੂਕਰੇਨ ਦੇ ਕੁਦਰਤੀ ਸਰੋਤ ਹੜੱਪਣ ਬਾਬਤ ਆਪਣੀ ਇੱਛਾ ਬਹੁਤ ਸਾਫ਼ਗੋਈ ਨਾਲ ਜ਼ਾਹਿਰ ਵੀ ਕਰ ਦਿੱਤੀ ਹੈ। ਇਜ਼ਰਾਈਲ ਇਸ ਵਕਤ ਜਿਹੜੀ ਤਬਾਹੀ ਫ਼ਲਸਤੀਨ ਵਿਚ ਮਚਾ ਰਿਹਾ ਹੈ, ਉਹ ਇਸ ਤੋਂ ਬਹੁਤੀ ਵੱਖਰੀ ਨਹੀਂ। ਇਹ ਤਬਾਹੀ ਸਭ ਦੇ ਸਾਹਮਣੇ ਹੋਈ ਹੈ ਅਤੇ ਕੋਈ ਵੀ ਸੰਸਾਰ ਸੰਸਥਾ ਜਾਂ ਮੁਲਕ ਇਜ਼ਰਾਈਲ ਦਾ ਹੱਥ ਨਹੀਂ ਫੜ ਸਕਿਆ ਹੈ। ਇਸ ਤੋਂ ਪਹਿਲਾਂ ਅਸੀਂ ਇਰਾਕ ਦੀ ਤ੍ਰਾਸਦੀ ਅਤੇ ਤਬਾਹੀ ਦੇਖ ਹੀ ਚੁੱਕੇ ਹਾਂ। ਉੱਥੇ ਸਾਮਰਾਜੀ ਤਾਕਤਾਂ ਨੇ ਜਿਸ ਢੰਗ ਨਾਲ ਸ਼ਰੇਆਮ ਲੁੱਟ ਮਚਾਈ, ਉਹ ਵੀ ਕਿਸੇ ਤੋਂ ਲੁਕੀ ਨਹੀਂ।*

*ਇਸ ਦੇ ਨਾਲ ਹੀ ਇਕ ਹੋਰ ਮਸਲਾ ਨਵੇਂ ਸਿਰਿਓਂ ਬਣ-ਵਿਗਸ ਰਹੀ ਸੰਸਾਰ ਦੀ ਸਰਦਾਰੀ (new world order) ਦਾ ਵੀ ਹੈ। ਚੀਨ ਦੀ ਚੜ੍ਹਤ ਨੇ ਅਮਰੀਕਾ ਅਤੇ ਯੂਰਪ ਨੂੰ ਇਕ ਤਰ੍ਹਾਂ ਨਾਲ ਵਖਤ ਪਾਇਆ ਹੋਇਆ ਹੈ। ਇਸ ਦੇ ਨਾਲ ਇਕ ਹੋਰ ਵਰਤਾਰਾ ਇਹ ਆਣ ਜੁੜਿਆ ਹੈ ਕਿ ਪਿਛਲੇ ਕੁਝ ਸਾਲਾਂ ਦੌਰਾਨ ਸੱਜੇ ਪੱਖੀ ਉਭਾਰ ਹੋਇਆ ਹੈ ਅਤੇ ਕਈ ਮੁਲਕਾਂ ਅੰਦਰ ਸੱਜੇ ਪੱਖੀ ਧਿਰਾਂ ਨੇ ਸਰਕਾਰਾਂ ਕਾਇਮ ਕੀਤੀਆਂ ਹਨ। ਇਸ ਨਾਲ ਸਮਾਜਕ ਖੇਤਰ ਅੰਦਰ ਚੋਖੀ ਉਥਲ-ਪੁਥਲ ਨੋਟ ਕੀਤੀ ਜਾ ਰਹੀ ਹੈ। ਭਾਰਤ ਦੇ ਹਾਲਾਤ ਵੀ ਇਨ੍ਹਾਂ ਹਾਲਾਤ ਤੋਂ ਬਹੁਤੇ ਵੱਖਰੇ ਨਹੀਂ। ਸਿਹਤ ਅਤੇ ਸਿੱਖਿਆ ਵਰਗੇ ਅਹਿਮ ਖੇਤਰਾਂ ਤੋਂ ਪੈਰ ਪਿਛਾਂਹ ਖਿੱਚੇ ਜਾ ਰਹੇ ਹਨ ਤੇ ਇਨ੍ਹਾਂ ਨੂੰ ਪ੍ਰਾਈਵੇਟ ਨਿਵੇਸ਼ਕਾਂ ਦੇ ਹਵਾਲੇ ਕੀਤਾ ਜਾ ਰਿਹਾ ਹੈ। ਪਿਛਲੇ ਇਕ ਦਹਾਕੇ ਦੌਰਾਨ ਜਿਸ ਤਰ੍ਹਾਂ ਦੀ ਆਰਥਿਕ ਅਤੇ ਸਮਾਜਕ ਉਥਲ-ਪੁਥਲ ਮੁਲਕ ਵਿਚ ਦੇਖਣ ਨੂੰ ਮਿਲ ਰਹੀ ਹੈ, ਉਸ ਨੇ ਬਹੁਤ ਸਾਰੇ ਨਵੇਂ ਸਵਾਲ ਖੜ੍ਹੇ ਕੀਤੇ ਹਨ। ਸਮੁੱਚਾ ਤਾਣਾ-ਬਾਣਾ ਬਦਲ ਰਿਹਾ ਹੈ ਅਤੇ ਮੋਕਲੇ ਵਿਚਾਰਾਂ ਵਾਲੀ ਸਪੇਸ ਲਗਾਤਾਰ ਸੁੰਗੜ ਰਹੀ ਹੈ।*

*ਲੈਨਿਨ ਨੇ ਸਰਮਾਏਦਾਰਾ ਟਕਰਾਓ ਅਤੇ ਜੰਗ ਦਾ ਜਿਹੜਾ ਨੁਕਤਾ ਆਪਣੀ ਲਿਖਤ ਵਿਚ ਉਭਾਰਿਆ ਸੀ, ਉਸ ਦਾ ਤੋੜ ਸਮਾਜਵਾਦ ਦੀ ਉਸਾਰੀ ਦੱਸਿਆ ਸੀ। ਅੱਜ ਸਮਾਜਵਾਦ ਦਾ ਸੁਫਨਾ ਭਾਵੇਂ ਸੰਸਾਰ ਪੱਧਰ 'ਤੇ ਪਛਾੜ ਦੀ ਮਾਰ ਝੱਲ ਰਿਹਾ ਹੈ ਪਰ ਲੈਨਿਨ ਦੇ ਆਖਣ ਵਾਂਗ, ਇਹ ਸਰਮਾਏਦਾਰਾ ਟਕਰਾਵਾਂ ਤੋਂ ਪਾਰ ਜਾਣ ਦੀ ਅਣਸਰਦੀ ਲੋੜ ਹੈ। ਸਰਮਾਏਦਾਰਾਂ ਦੀ ਧਨ-ਦੌਲਤ ਇਕੱਠੀ ਕਰਨ ਦੀ ਹੋੜ ਅਤੇ ਕੁਦਰਤੀ ਸਰੋਤਾਂ ਦੀ ਤਬਾਹੀ ਸੰਸਾਰ ਨੂੰ ਅਜਿਹੇ ਮੋੜ 'ਤੇ ਲੈ ਆਈ ਹੈ ਜਿੱਥੇ ਇਕ ਵਾਰ ਫਿਰ ਸਮਾਜਵਾਦ ਬਾਰੇ ਬੜੀ ਸ਼ਿੱਦਤ ਨਾਲ ਸੋਚਣ-ਵਿਚਾਰਨ ਦੀ ਲੋੜ ਮਹਿਸੂਸ ਕੀਤੀ ਜਾ ਰਹੀ ਹੈ। ਅੱਜ ਵਰਗੀ ਬੇਕਿਰਕ ਅਤੇ ਮਾਰਖੋਰੀ ਲੁੱਟ ਦੀ ਮਾਰ ਝੱਲਦਿਆਂ ਹੀ ਮਨੁੱਖ ਕਦੀ ਸ਼ਿਕਾਗੋ ਦੀਆਂ ਸੜਕਾਂ 'ਤੇ ਨਿੱਤਰ ਆਇਆ ਸੀ ਅਤੇ ਉਹਨੇ ਬਰਾਬਰੀ ਦਾ ਸੁਫਨਾ ਲਿਆ ਸੀ। ਹੁਣ ਇਹ ਕਹਿਣ ਦੀ ਲੋੜ ਨਹੀਂ ਕਿ ਅਜਿਹੀ ਬਰਾਬਰੀ ਦੀ ਲੋੜ ਪਹਿਲੇ ਕਿਸੇ ਵੀ ਸਮੇਂ ਨਾਲੋਂ ਅੱਜ ਵਧੇਰੇ ਹੈ। ਹੁਣ ਇਹ ਲੈਨਿਨ ਦੇ ਵਾਰਿਸਾਂ ਨੇ ਤੈਅ ਕਰਨਾ ਹੈ ਕਿ ਬਰਾਬਰੀ ਦੇ ਇਸ ਸੁਫਨੇ ਨੂੰ ਹਕੀਕਤ ਵਿਚ ਕਿੰਝ ਬਦਲਿਆ ਜਾ ਸਕਦਾ ਹੈ।000*

# ਲਖਵਿੰਦਰ ਜੌਹਲ: ਛੇ ਕਵਿਤਾਵਾਂ

## ੳ ਮੇਰੇ ਦੀਵਿਆ

ੳ ਜਗ ਜਗ ਦੀਵਿਆ
ਤੈਨੂੰ ਮੈਂ ਨਿੰਮ੍ਹਾ ਹੋਣ ਨਹੀਂ ਦੇਣਾ
ਸਮੇਂ ਨੂੰ ਸੌਣ ਨਹੀਂ ਦੇਣਾ

ਤੇਰੇ ਵਿਚ ਤੇਲ ਸੱਧਰਾਂ ਦਾ, ਮੇਰੇ ਵਿਰਸੇ ਨੇ ਪਾਇਆ ਹੈ
ਤੇਰੀ ਜੋਤੀ ਦੀਆਂ ਲਿਸ਼ਕਾਂ, ਮੇਰਾ ਤਨ ਮਨ ਜਗਾਇਆ ਹੈ
ਬਣ ਕੇ ਅੱਖ ਦਾ ਲੋਚਨ, ਤੇਰੀ ਜੋਤੀ ਸਮਾਈ ਹੈ
ਤੇ ਲੈ ਕੇ ਜ਼ਬਤ ਜਾਗਣ ਦਾ, ਇਹ ਸਦੀਆਂ ਝਾਗ ਆਈ ਹੈ
ਨਜ਼ਰ ਮੇਰੀ ਨੂੰ ਹੇ ਮੌਲਾ, ਤੂੰ ਰਸਤਾ ਖੋਣ ਨਹੀਂ ਦੇਣਾ
ੳ ਮੇਰੇ ਦੀਵਿਆ...

ਤੇਰੇ ਚਾਨਣ ਦੀਆਂ ਰਿਸ਼ਮਾਂ ਨੇ, ਕੰਦਰਾਂ ਤੀਕ ਜਗਣਾ ਹੈ
ਤੇ ਸੁੱਚੇ ਸੇਕ ਤੇਰੇ ਨੇ ਵੀ, ਅਰਸ਼ਾਂ ਤੀਕ ਮਘਣਾ ਹੈ
ਤੇਰਾ ਇਹ ਨੂਰ ਨਿਰਕਾਰੀ, ਜਦੋਂ ਆਕਾਰ ਦਿੰਦਾ ਹੈ
ਤਾਂ ਟੁੱਟੀ ਤਾਰ ਦਿਲ ਦੀ ਨੂੰ, ਨਵੀਂ ਟੁਣਕਾਰ ਦਿੰਦਾ ਹੈ
ਮੇਰੀ ਸਰਗਮ ਸੁਰੀਲੀ ਨੂੰ, ਕਦੇ ਵੀ ਰੋਣ ਨਹੀਂ ਦੇਣਾ
ੳ ਮੇਰੇ ਦੀਵਿਆ...

ੳ ਜਗ ਜਗ ਦੀਵਿਆ
ਤੈਨੂੰ ਮੈਂ ਨਿੰਮ੍ਹਾ ਹੋਣ ਨਹੀਂ ਦੇਣਾ
ਸਮੇਂ ਨੂੰ ਸੌਣ ਨਹੀਂ ਦੇਣਾ
ੳ ਮੇਰੇ ਦੀਵਿਆ

## ਮੈਂ ਤੇ ਮੇਰੀ ਸੰਸਦ

ਮੈਂ ਜਾ ਰਿਹਾ ਹਾਂ, ਸੰਸਦ ਮਾਰਗ 'ਤੇ ਰੋਜ਼ ਵਾਂਗ
ਦਫਤਰ ਦੀ ਦੇਰੀ, ਪਰੇਸ਼ਾਨ ਕਰ ਰਹੀ ਹੈ ਮੈਨੂੰ
ਅਹੁਲ਼ਦਾ ਹਾਂ ਤੇਜ਼...ਨਿਹਾਰਦਾਂ ਸੰਸਦ ਨੂੰ...
ਖੁਦ ਨੂੰ... ਮੇਚ ਮੇਚ ਵੇਖਦਾਂ...
ਮੇਰੀਆਂ ਅੱਖਾਂ 'ਚ ਖੌਲਦਾ ਹੈ, ਇਕ ਸਮੁੰਦਰ ਖਾਰਾ
ਸਮੁੰਦਰ 'ਤ ਤੈਰਦਾ, ਸੰਸਦ ਦਾ ਗੁੰਬਦ
ਮੇਰੀਆਂ ਅੱਖਾਂ 'ਚ ਘੁੰਮਦਾ
ਮੇਰੇ ਮਸਤਕ ਨੂੰ ਟੁੰਬਦਾ

ਮੇਰੇ ਜ਼ਿਹਨ 'ਚ
ਮਾਰਚ-ਪਾਸਟ ਕਰ ਰਹੀਆਂ
ਮੇਰੀਆਂ ਭਾਵਨਾਵਾਂ... ਅਕਾਂਖਿਆਵਾਂ ਮੇਰੀਆਂ
ਮੇਰੇ ਅੰਦਰ, ਉਮੜ ਰਿਹਾ ਹੈ ਇਕ ਜਨੂੰਨ
ਸੰਸਦ ਬੁਲਾ ਰਹੀ ਹੈ ਮੈਨੂੰ, ਕੋਲ਼ ਆਪਣੇ
ਮੈਂ ਵੇਖਦਾਂ...ਨਿਹਾਰਦਾਂ ਅਰਮਾਨ ਆਪਣੇ...ਭਾਵਨਾਵਾਂ...

ਸੰਸਦ ਬੁਲਾ ਰਹੀ ਹੈ ਮੈਨੂੰ
ਮੇਰੇ ਕੰਨਾਂ 'ਚ ਕਹਿ ਰਹੀ ਹੈ
ਅੰਦਰ ਆ ਜਾ, ਬਾਹਰ ਰੱਖ ਕੇ
ਅਰਮਾਨ ਸਾਰੇ...ਭਾਵਨਾਵਾਂ ਸਾਰੀਆਂ...
ਕੀ ਕਰਾਂ?

ਮੇਰੇ ਤੇ ਸੰਸਦ ਵਿਚਕਾਰ, ਖਾਰੇ ਪਾਣੀ ਦਾ ਸਮੁੰਦਰ
ਸੰਸਦ ਅਤੇ ਸਮੁੰਦਰ ਦਾ, ਇਕ ਗਹਿਰਾ ਰਿਸ਼ਤਾ?

## ਓ ਯਾਰਾ

ਏਨਾ ਹੀ ਹੈ ਸਾਰ ਓ ਯਾਰਾ
ਕੁਝ ਕਹਿਣਾ ਬੇਕਾਰ ਓ ਯਾਰਾ

ਸਗਲ ਸਬੂਤੀ ਦਿਸਦੀ ਖਿੱਦੋ
ਅੰਦਰ ਤਾਰੋ ਤਾਰ ਓ ਯਾਰਾ

ਅਜ਼ਲਾਂ ਤੋਂ ਦੁਨਿਆਵੀ ਫਿਤਰਤ
ਦੋ-ਧਾਰੀ ਤਲਵਾਰ ਓ ਯਾਰਾ

ਗ਼ੈਰਾਂ ਨਾਲੋਂ ਗਹਿਰੀ ਹੁੰਦੀ
ਯਾਰਾਂ ਵਾਲੀ ਮਾਰ ਓ ਯਾਰਾ

ਹਿੱਕ ਗ਼ਰੀਬਾਂ ਦੀ ਸਾੜੇਗੀ
ਝਾਂਜਰ ਦੀ ਛਣਕਾਰ ਓ ਯਾਰਾ

ਹੋ ਜਾਣੇ ਭੰਵਰ ਸ਼ਰਮਿੰਦੇ
ਕਿਸ਼ਤੀ ਠ੍ਹੇਲ-ਉਤਾਰ ਓ ਯਾਰਾ

ਮਹਿਫਲ ਝੂੰਮਣ ਝੂੰਮਣ ਲੱਗੇ
ਉੱਠ! ਤੂੰ ਛੇੜ ਸਿਤਾਰ ਓ ਯਾਰਾ

ਯਾਰੀ ਸ਼ਿੱਦਤ ਨਾਲ ਨਿਭਾਉਂਦੇ
ਫੁੱਲਾਂ ਨਾਲੋਂ ਖਾਰ ਓ ਯਾਰਾ

**ਖੇਤ ਮੇਰੇ**

ਜ਼ਰਦ ਚਿਹਰਾ ਹੋ ਗਿਆ
ਹੋ ਗਿਆ ਹੈ ਸਰਦ ਖ਼ੂਨ...

ਕੰਬ ਗਈਆਂ ਅਜ਼ਮਤਾਂ, ਅਹਿਸਾਸ ਕੰਬੇ
ਮਾਲਕੀ ਦੇ ਭਰਮ ਸਨ
ਜੋ ਜਾਗਦੇ, ਸੋਚਾਂ 'ਚ ਹਾਲੇ
ਤਿੜਕਣੇ ਹੋ ਗਏ ਸ਼ੁਰੂ...

ਜਾਗਿਆ ਅਹਿਸਾਸ, ਅੱਖਾਂ ਸਾਹਮਣੇ
ਹੱਥ ਦਿਸਦੇ ਆਪਣੇ ਅੱਡੇ ਹੋਏ, ਮੰਗਤਾ ਬਣਿਆ ਵਜੂਦ
ਭਟਕਦਾ ਹੈ ਦਰ-ਬ-ਦਰ, ਭੀਖ ਮੰਗੇ ਜ਼ਿੰਦਗੀ ਦੀ
ਘੁੰਮਦਾ ਖੇਤਾਂ 'ਚ ਦਿਸੇ...

ਸਾਹਮਣੇ ਅੱਖਾਂ ਦੇ ਹੁੰਦੀ, ਅਸਤ ਵੇਖੀ ਆਸਥਾ
ਖੇਤ ਦਿਸਦੇ ਡੁਸਕਦੇ...
ਵੇਖ ਕੇ ਏਹਾ ਵਜੂਦ, ਕਿਰ ਰਿਹਾ
ਕਣ ਕਣ ਚੁਫੇਰੇ, ਰਾਖ ਬਣ ਬਣ ਆਪਣੀ
ਆਪਣੀ ਝੋਲ਼ੀ 'ਚ ਪਾ ਕੇ, ਆਪ ਨੂੰ
ਕੇਰਦਾ ਸਿਆੜਾਂ 'ਚ ਮੈਂ, ਬੀਜਦਾ ਹਾਂ ਬੇਬਸੀ...

ਪੀੜ੍ਹੀਆਂ ਦੇ ਪੂਰ ਆ ਕੇ, ਚੁਗਣਗੇ ਅਹਿਸਾਸ ਮਰੀਅਲ
ਡਿਕੋ ਡੋਲੇ ਖਾ ਰਿਹਾ ਹਾਂ, ਘੁੰਮਦਾ ਸਿਆੜਾਂ 'ਚ ਮੈਂ
ਆਪਣੇ ਹੀ ਖੇਤ ਅੰਦਰ, ਸਿੱਧਦਾ ਆਪਣਾ ਵਜੂਦ...

ਓਭੜ ਖੋਭੜ ਚਿਲਾਂ ਅੰਦਰ, ਪਹੁੜ ਕੇ ਡਿੱਗਦਾ ਹਾਂ ਮੈਂ
ਸਾਹਮਣੇ ਸਾਕਾਰ ਮੇਰੇ, ਹੋ ਰਿਹਾ ਕਲਬੂਤ ਮੇਰਾ
ਆਇਤਾਕਾਰ-ਵਰਗਾਕਾਰ-ਅਜਬ ਆਕਾਰ...

ਖੇਤ ਜੀਕਣ, ਤਣ ਗਏ ਦੀਵਾਰ ਬਣ ਕੇ
ਕੰਬਦਾ ਹਾਂ...
ਖੇਤ ਮੇਰੇ, ਮੇਰਿਆਂ ਪੈਰਾਂ ਦੇ ਹੇਠੋਂ
ਨਿਕਲੇ ਨੇ ਕਿਸ ਤਰ੍ਹਾਂ?
ਪੈਰ ਮੇਰੇ ਨੇ, ਖਲਾਅ ਵਿਚ ਲਟਕਦੇ

ਮੇਰੇ ਚੁਫੇਰ, ਖੇਤ ਘੁੰਮਣ...ਤਾਰਿਆਂ ਦੀ ਡਾਰ ਵਾਂਗ

ਸਹਿਮਿਆ ਮੇਰਾ ਵਜੂਦ, ਅਜਬ ਕੌਤਕ ਵੇਖ ਕੇ
ਆਕਾਰ ਕਿਧਰੇ ਵੀ ਨਹੀਂ ਹੈ, ਇਹ ਸਿਰਫ ਆਵਾਜ਼ ਹੈ...
ਆਵਾਜ਼ ਨਿਰਾਕਾਰ ਹੈ...?
ਜਾਗ ਉੱਠੀ ਖੇਤ ਬਣ ਕੇ...

ਜਾਗ ਉੱਠੇ ਖੇਤ ਸਾਰੇ...
ਜਾਗ ਪਈ ਮੇਰੀ ਜ਼ਮੀਰ, ਖੇਤੇ ਮੇਰੇ...

## ਮੇਰਾ ਮਨ ਮੇਰਾ ਦੇਸ਼

ਅਜੀਬ ਚੁੱਪ ਹੈ
ਕਿ ਮੇਰੇ ਸਾਹਾਂ ਦੀ ਆਵਾਜ਼ ਵੀ, ਡਰਾਉਂਦੀ ਹੈ ਮੈਨੂੰ

ਬਹੁਤ ਤੇਜ਼ੀ ਨਾਲ
ਉਤਰੀ ਹੈ ਰਾਤ, ਅਸਮਾਨ ਉੱਤੇ

ਟੁਕੜੇ ਟੁਕੜੇ ਹੋ ਕੇ ਸੂਰਜ
ਕਿਹੜੇ ਵੇਲ਼ੇ ਗੀਟੇ ਬਣਿਆ, ਸਮਝ ਨਾ ਆਵੇ

ਕਿਹੜੇ ਵੇਲ਼ੇ
ਖਿੜੇ ਮਹਿਕਦੇ ਫੁੱਲਾਂ ਉੱਤੇ, ਕਾਲ਼ਖ ਗਈ ਤਰੌਂਕੀ
ਚੰਨ ਚਮਕਦੇ ਚਿਹਰੇ ਬਣ ਗਏ, ਨ੍ਹੇਰੇ ਗੁੰਬਦ... ਕਿਹੜੇ ਵੇਲ਼ੇ?

ਕੰਬਣੀ ਕੰਬਣੀ ਹੋਇਆ ਮੌਸਮ
ਕੰਬਣੀ ਹੋਇਆ ਜੰਗਲ਼

ਪੱਤਾ ਪੱਤਾ - ਟਹਿਣੀ ਟਹਿਣੀ
ਰੁੱਖ ਪਹਿਨ ਕੇ ਬੈਠੇ ਕੰਬਣੀ
ਥਰ ਥਰ ਕੰਬੇ, ਸਗਲ ਪਰਿੰਦੇ...

ਜੰਗਲ ਦੀ ਇਸ ਸਾਂ ਸਾਂ ਅੰਦਰ
ਡਰੇ ਪਰਿੰਦੇ ਵਾਂਗੂੰ ਸੁਣਦਾ, ਚੁੱਪ ਦੀ ਸਰਗਮ
ਮੇਰਾ ਮਨ ਵੀ ਸਹਿਮ ਗਿਆ ਹੈ...

ਮੇਰਾ ਮਨ ਹੀ ਦੇਸ਼ ਹੈ ਮੇਰਾ
ਮੇਰਾ ਦੇਸ਼ ਹੀ ਮੇਰਾ ਮਨ ਹੈ

ਮੇਰਾ ਮਨ ਜੰਗਲ਼ ਦੀ ਸਾਂ ਸਾਂ...

ਅਜੀਬ ਚੁੱਪ ਹੈ
ਕਿ ਮੇਰੇ ਸਾਹਾਂ ਦੀ ਆਵਾਜ਼ ਵੀ, ਡਰਾਉਂਦੀ ਹੈ ਮੈਨੂੰ

**ਹੇ ਮੇਰੇ ਦੇਸ਼**

ਮੈਂ ਬਹੁਤ ਡਰ ਗਿਆ ਹਾਂ
ਸਹਿਮ ਨਾਲ ਭਰ ਗਿਆ ਹਾਂ

ਮੇਰੇ ਸਾਹਮਣੇ, ਅਜੀਬ ਮੰਜ਼ਰ ਹਨ
ਬਲ਼ਦੀਆਂ ਲਾਟਾਂ, ਸਹਿਕਦੀਆਂ ਲਾਸ਼ਾਂ
ਮੇਰੇ ਕੰਨਾਂ 'ਚ ਠੱਕ ਠੱਕ ਹੈ
ਮੇਰੇ ਮੱਥੇ 'ਚ, ਕਿੱਲ ਠੋਕ ਰਿਹਾ ਹੈ ਕੋਈ...
ਵਿੰਨ੍ਹਦਾ ਮੇਰੇ ਵਿਚਾਰ, ਵਾਰ ਵਾਰ...

ਮੇਰੇ ਪੈਰਾਂ 'ਚ ਖਿੱਲਰੇ ਖਿਆਲ
ਮੇਰੀਆਂ ਅੱਖਾਂ 'ਚ ਡੁੱਬੇ
ਆਸਾਂ ਦੇ ਅਸਮਾਨ 'ਚ, ਤੜਫ ਰਹੀ
ਹੀਣਤਾ ਭਰੀ ਅਪਣੱਤ...
ਮੇਰੇ ਸਾਹਾਂ 'ਚ ਸਹਿਕਦਾ ਸਿਦਕ
ਮੇਰੇ ਪੈਰਾਂ ਨੂੰ ਲਿਪਟੀ ਮੇਰੀ ਜਾਨ
ਮੇਰੇ ਤਣੇ ਹੋਏ ਮੁੱਕੇ 'ਚੋਂ, ਮੁੱਕ ਰਿਹਾ ਰੋਹ....
ਮੇਰੀ ਸੁੰਨ ਹੋਈ ਸੰਵੇਦਨਾ...
ਮੇਰੇ ਸੁਪਨਿਆਂ ਵਾਂਗ ਹੀ, ਸੌਂ ਰਿਹਾ ਸਮਾਂ...

ਇਹ ਸਭ ਕੀ ਹੈ ਮੇਰੇ ਦੇਸ਼...?
ਕੀ ਤੂੰ ਵੀ ਸੌਂ ਗਿਆ ਏਂ ਮੇਰੇ ਦੇਸ਼...?

ਤੇਰੇ ਪ੍ਰਤੀ ਮੇਰੀ ਆਸਥਾ, ਜਿਉਂਦੀ ਹੈ ਅਜੇ...
ਅਜੇ ਵੀ, ਤੂੰ ਮੂਕ ਦਰਸ਼ਕ ਬਣਿਆ ਰਿਹਾ
ਤਾਂ ਬਹੁਤ ਦੇਰ ਹੋ ਜਾਵੇਗੀ...ਮੇਰੇ ਦੇਸ਼! ...

ਉੱਠੋ! ਮੇਰੀ ਰੱਖਿਆ ਕਰੋ... ਮੇਰੇ ਦੇਸ਼!
ਮੈਂ ਬਹੁਤ ਡਰ ਗਿਆ ਹਾਂ
ਸਹਿਮ ਨਾਲ ਭਰ ਗਿਆ ਹਾਂ 000

***(20 ਪ੍ਰੋਫੈਸਰ ਕਲੋਨੀ, ਨੇੜੇ ਵਡਾਲਾ ਚੌਂਕ, ਜਲੰਧਰ 144 003***
***ਫੋਨ: +91-94171-94812)***

# ਆਦੇਸ਼ ਅੰਕੁਸ਼: ਦੋ ਗ਼ਜ਼ਲਾਂ

-1-

ਸੀ ਰਾਤੀਂ ਔੜ ਮਾਰੀ ਧਰਤ ਨੂੰ ਇਹ ਕਹਿ ਰਿਹਾ ਪਾਣੀ।
ਸਬਰ ਕਰ, ਮੰਨ ਭਾਣਾ ਇੰਝ ਨਾ ਨੈਣੋਂ ਵਹਾ ਪਾਣੀ।

ਮਨੁੱਖੀ ਖ਼ੂਨ ਤੋਂ ਵਧ ਕੇ ਨਾ ਕੁਝ ਵੀ ਨਿਕਲਿਆ ਇਸ 'ਚੋਂ,
ਬੜਾ ਕੌਮਾਂ ਤੇ ਮਜ਼੍ਹਬਾਂ ਵਾਲਿਆਂ ਨੇ ਰਿੜਕਿਆ ਪਾਣੀ।

ਪਰਿੰਦੇ ਜਾ ਰਹੇ ਨੇ ਜ਼ਖਮੀਆਂ ਦਾ ਹਾਲ ਪੁੱਛਣ ਹੁਣ,
ਜੋ ਜਾਂਦੇ ਸੀ ਕਦੇ ਕਸ਼ਮੀਰ ਵਿਚ ਬਦਲਣ ਹਵਾ-ਪਾਣੀ।

ਕਿਸੇ ਨੇ ਬਾਤ ਕਾਲ਼ੇ ਪਾਣੀਆਂ ਦੀ ਇਸ ਕਦਰ ਛੇੜੀ,
ਸੀ ਇਕਦਮ ਛਾ ਗਿਆ ਅੰਬਰ 'ਤੇ ਬਣ ਕਾਲ਼ੀ ਘਟਾ ਪਾਣੀ।

ਉਹ ਜਾ ਵੱਸੇ ਨੇ ਮਜਬੂਰੀ 'ਚ ਨੀਲੇ ਸਾਗਰਾਂ ਕੰਢੇ,
ਮਗਰ ਸੀਨੇ 'ਚ ਵੱਸਦਾ ਹੈ ਉਹ ਸਤਲੁਜ ਦਾ ਹਰਾ ਪਾਣੀ।

ਤੂੰ ਇੱਟਾਂ, ਪੱਥਰਾਂ ਜਾਂ ਲੱਕੜਾਂ ਉੱਤੇ ਸਿਆਸਤ ਕਰ,
ਮਗਰ ਹੈ ਬੇਨਤੀ ਨਾ ਬਹਿਸ ਦਾ ਮੁੱਦਾ ਬਣਾ ਪਾਣੀ।

ਕਦੀ ਲਾਉਂਦਾ ਹੈ ਛਹਿਬਰ ਤੇ ਕਦੀ ਇਕ ਬੂੰਦ ਨੂੰ ਤਰਸਾਂ,
ਮੇਰੀ ਨਗਰੀ ਦਾ ਹੈ ਆਦੇਸ਼ ਤੇਰੇ ਹੀ ਜਿਹਾ ਪਾਣੀ।00

-2-

ਕਦੇ ਬੇਰਾਂ ਤੇ ਕਦੇ ਨਮੋਲ਼ੀਆਂ 'ਚੋਂ
ਮਿਲਦੈਂ ਕਦੇ ਭਰਿੰਡਾਂ ਦੇ ਡੰਗ ਬਣਕੇ।

ਵੱਜੇਂ ਹਿੱਕ 'ਚ ਵਾਂਗ ਸੰਤਾਲ਼ੀਆਂ ਦੇ
ਬਾਹਠ, ਪੈਂਹਟ, ਇਕੱਤਰ ਦੀ ਜੰਗ ਬਣਕੇ।

ਝਰਿਆ ਕਦੇ ਸੈਂ ਵੰਝਲੀ-ਬੰਸਰੀ 'ਚੋਂ
ਬਾਬੇ ਵਾਲੀ ਰਬਾਬੀ ਤਰੰਗ ਬਣਕੇ।

ਕੂਕੇ ਜ਼ਿੰਦਗੀ ਸ਼ਿਆਮ-ਸ਼ਵੇਤ, ਕਿਧਰੇ
ਮਿਲ ਜਾ ਦੁਸ਼ਮਣਾ ਹੋਲੀ ਦਾ ਰੰਗ ਬਣਕੇ! 000

***(ਪਿੰਡ ਧਿਆਨਪੁਰ, ਜ਼ਿਲ੍ਹਾ ਗੁਰਦਾਸਪੁਰ 143 605 ਫੋਨ: +91-98768-12725)***

# ਸੁਰਿੰਦਰ ਗਿੱਲ: ਤਿੰਨ ਕਵਿਤਾਵਾਂ

## ਸਾਰਥਕ ਆਰੰਭ

ਅੱਖਾਂ ਅਤੇ ਆਵਾਜ਼ ਦਾ ਜਾਦੂ
ਦੋਸਤੀ, ਫਿਰ ਪਿਆਰ।

ਇਕ ਪਿਆਰੇ ਘਰ ਦਾ ਸੁਪਨਾ
ਜਾਤੀ ਗੁੰਝਲ ਘੋਰ ਅੜਿੱਕਾ
ਦੋਹਾਂ ਵੱਲੋਂ ਨਿਰੰਤਰ ਘੋਲ।

ਅੰਤਰ ਜਾਤੀ ਮੇਲ ਮੁਬਾਰਕ
ਖੁਸ਼ੀਆਂ ਅਤੇ ਵਧਾਈਆਂ
ਪਰੀਆਂ ਨੱਚਣ ਆਈਆਂ।

ਅੱਧੀ ਸਦੀ, ਫੁਰਰ ਕਰਕੇ ਉੱਡ ਗਈ
ਕਈ ਵਾਰੀਂ ਸੋਚਦਾਂ
ਉਦੋਂ ਜੇ ਮਿੱਤ ਹਰ ਜਾਂਦੀ
ਉਦੋਂ ਜੇ ਡਰ ਕੇ ਬਹਿ ਜਾਂਦੇ
ਕਹਾਣੀ ਮੁੱਕ ਜਾਂਦੀ
ਤਾਂ ਕੀ ਬਣਦਾ ਤੇ ਕੀ ਹੁੰਦਾ
ਇਹ ਜੀਵਨ ਨਰਕ ਹੋ ਜਾਂਦਾ।

ਹੁਣ ਤਕ ਸਾਥ ਸਾਥ ਤੁਰਨਾ ਤੇ ਜਿਉਣਾ
ਕਿਸ ਤਰ੍ਹਾਂ ਹੁੰਦਾ ਨਸੀਬ
ਇਰਾਦਾ ਧਾਰ ਕੇ ਤੁਰਨਾ
ਤੇ ਸ਼ੁਭ ਆਰੰਭ ਕਰਨਾ
ਜ਼ਿੰਦਗੀ ਦਾ ਸਾਰਥਕ ਆਰੰਭ, ਸਿੱਧ ਹੋਇਆ।

## ਨਮੋਸ਼ੀ

ਉਹ ਦਿਨ
ਮੇਰੀ ਚੜ੍ਹਦੀ ਜਵਾਨੀ ਦੇ, ਉਹ ਕ੍ਰਾਂਤੀਕਾਰੀ ਦਿਨ।

ਭਾਂਤ ਭਾਂਤ ਦੇ ਲੋਕ ਮਿਲੇ
ਜਿਹੜਾ ਆਪਣੇ ਵਰਗਾ ਦਿਸਿਆ
ਜੋ ਵੀ ਆਪਣੇ ਮਨ ਨੂੰ ਭਾਇਆ
ਮਿੱਤਰ ਪਿਆਰਾ ਬਣ ਗਿਆ।

ਮਨ ਪੰਛੀ
ਅੰਬਰ ਵਿਚ ਉੱਚਾ ਉਡਣਾ ਚਾਹੇ
ਘਣੀਆਂ ਸੜਕਾਂ, ਰਾਹ ਖਹਿੜੇ ਤੇ
ਰੋਹੀਆਂ ਰੱਕੜ ਸਾਰੇ ਗਾਹੇ
ਆਲ਼ਾ ਦੁਆਲ਼ਾ ਸੱਖਣਾ ਫਿੱਕਾ
ਰੰਗ ਬੰਨ੍ਹਦਾ ਦਾਰੂ ਸਿੱਕਾ
ਮਿਤਰਾਂ ਦੀ ਮਹਿਫਲ ਵਿਚ ਸ਼ਾਮਾਂ
ਗਈ ਰਾਤ ਤਕ ਮਘਦੀਆਂ
ਤੀਜੇ ਪੈੱਗ ਦੇ ਝੂਟੇ ਆਉਂਦੇ।

ਮੈਂ ਇਕ ਅਨਿਨ ਸਿੱਖ ਦਾ ਪੁੱਤਰ
ਦੂਰ ਪਿੰਡ ਵਿਚ ਵਸਦੇ ਆਪਣੇ
ਬਾਪੂ ਜੀ ਦਾ ਚੇਤਾ ਆਵੇ
ਅੱਜ ਮੈਨੂੰ ਏਥੇ ਦੇਖਣ ਤਾਂ ਕੀ ਸੋਚਣਗੇ
ਕੀ ਕਹਿਣਗੇ
ਦੋਸ਼ੀ ਮਨ ਸਵੈ ਨੂੰ ਝਿੜਕੇ
ਲਾਹਣਤ ਪਾਵੇ ਕੋੜੇ ਮਾਰੇ
ਮੇਰੇ ਮਨ 'ਤੇ ਘੋਰ ਉਦਾਸੀ ਛਾ ਜਾਵੇ
ਮਨ ਕਰਾਰਾ ਕਰ ਕੇ ਮਹਿਫਲ 'ਚੋਂ ਉੱਠਾਂ
ਬਾਹਰ ਆ ਜਾਵਾਂ
ਆਪਣੇ ਸੁੰਨੇ ਸੱਖਣੇ ਕਮਰੇ ਵਿਚ ਆ ਕੇ
ਸੌਂ ਜਾਵਾਂ। 00

## ਮਜਬੂਰੀ

ਹੁਣ ਕਦੇ ਆਉਣਾ
ਮਿਲਾਂਗੇ, ਬੈਠਾਂਗੇ
ਦਿਲ ਫੋਲਾਂਗੇ

ਕਦੋਂ ਮਿਲਣਾ
ਕਿੱਥੇ ਮਿਲਣਾ
ਕਿਸ ਬਹਾਨੇ ਮਿਲਣਾ?

ਇਹੀ ਤਾਂ ਪ੍ਰਸ਼ਨ ਹੈ
ਇਹ ਹੀ ਸਮੱਸਿਆ ਹੈ
ਸਾਡੀ ਸਾਂਝੀ ਮਜਬੂਰੀ। 000

***(1093, ਫੇਜ਼ 9, ਮੁਹਾਲੀ 160 062***
***ਫੋਨ: +91-99154-73505)***

# ਠੱਕ-ਠੱਕ: ਕਹਾਣੀ: ਹਰਪ੍ਰੀਤ ਸੇਖਾ

ਫੋਨ 'ਤੇ ਬੋਲੇ ਅਲਾਰਮ ਦੀ ਆਵਾਜ਼ ਸੁਣ ਕੇ ਰਮਨ ਦੀ ਅੱਖ ਖੁੱਲ੍ਹ ਗਈ। ਜੇ ਉਸ ਨੂੰ ਕਮਰੇ ਵਿਚੋਂ ਬਦਬੂ ਨਾ ਆਈ ਹੁੰਦੀ ਤਾਂ ਉਸ ਨੇ ਕੁਝ ਹੋਰ ਮਿੰਟ ਪਈ ਰਹਿਣਾ ਸੀ। ਉਹ ਇਕ ਦਮ ਬਿਸਤਰੇ ਵਿਚੋਂ ਨਿਕਲੀ ਅਤੇ ਕਮਰੇ ਵਿਚ ਹੀ ਆਪਣੇ ਮੈਟ 'ਤੇ ਲੇਟੀ ਬਿੱਲੀ, ਬੈਲਾ ਕੋਲ਼ ਗਈ। ਬੈਲਾ ਨੇ ਅੰਗੜਾਈ ਭੰਨੀ ਅਤੇ ਲਾਡ ਕਰਨ ਲਈ ਰਮਨ ਵੱਲ ਅਹੁਲੀ। ਰਮਨ ਨੇ ਉਸ ਨੂੰ ਚੁੱਕਿਆ। ਉਸ ਦੀ ਪੂਛ ਚੁੱਕ ਕੇ ਦੇਖੀ, ਫਿਰ ਮੈਟ ਨੂੰ ਧਿਆਨ ਨਾਲ ਦੇਖਿਆ। ਇਹ ਸਭ ਸਾਫ਼ ਸੀ। ਉਸ ਨੇ ਬੇਲਾ ਨੂੰ ਸੁੰਘਿਆ। ਉਸ ਕੋਲ਼ੋਂ ਵੀ ਬਦਬੂ ਨਹੀਂ ਸੀ ਆ ਰਹੀ ਪਰ ਕਮਰੇ 'ਚੋਂ ਆ ਰਹੀ ਸੀ। ਉਹ ਬਦਬੂ ਕਾਰਨ ਨਹੀਂ ਸੀ ਜਾਗੀ, ਅਲਾਰਮ ਦੀ ਆਵਾਜ਼ ਨੇ ਉਸ ਨੂੰ ਜਗਾਇਆ ਸੀ। ਉਹ ਬਾਲਕੋਨੀ ਵਿਚ ਗਈ, ਜਿੱਥੇ ਬੈਲਾ ਲਈ ਬਕਸਾ ਰੱਖਿਆ ਹੋਇਆ ਸੀ। ਆਮ ਤੌਰ 'ਤੇ ਹਾਜਤ ਹੋਣ ਵੇਲ਼ੇ ਬੈਲਾ ਉੱਥੇ ਹੀ ਜਾਂਦੀ। ਰਮਨ ਜੇ ਘਰ ਹੁੰਦੀ ਤਾਂ ਉਸ ਬਕਸੇ ਵਿਚੋਂ ਬੈਲਾ ਦਾ ਗੰਦ ਉਦੋਂ ਹੀ ਸਾਫ਼ ਕਰ ਦਿੰਦੀ। ਰਮਨ ਨੂੰ ਯਾਦ ਆਇਆ ਕਿ ਕੱਲ੍ਹ ਬੈਲਾ ਗਈ ਨਹੀਂ ਸੀ। ਬਕਸੇ ਵਿਚ ਕੁਝ ਨਹੀਂ ਸੀ। ਬਕਸੇ ਵਾਲੀ ਰੇਤ ਵਿਚੋਂ ਕੋਈ ਮੁਸ਼ਕ ਨਹੀਂ ਸੀ ਆ ਰਿਹਾ। ਰਮਨ ਨੂੰ ਇਕ ਥਾਂ ਗਿੱਲੀ ਹੋਈ ਲੱਗੀ। ਉਸ ਨੇ ਗਿੱਲੀ ਹੋਈ ਰੇਤ ਰੰਬੀ ਨਾਲ ਚੁੱਕ ਕੇ ਲਿਫ਼ਾਫ਼ੇ ਵਿਚ ਪਾ ਲਈ ਅਤੇ ਲਿਫ਼ਾਫ਼ਾ ਦਰਵਾਜ਼ੇ ਦੇ ਮੂਹਰੇ ਰੱਖ ਆਈ ਤਾਂ ਕਿ ਕੰਮ 'ਤੇ ਜਾਂਦੀ ਹੋਈ ਗਾਰਬੇਜ ਵਿਚ ਸੁੱਟਣ ਲਈ ਨਾਲ ਲੈ ਜਾਵੇ। ਉਸ ਨੇ ਕਿਚਨ ਵਿਚ ਪਈ ਗਾਰਬੇਜ ਕੈਨ ਦਾ ਢੁੱਕਣ ਚੁੱਕ ਕੇ ਦੇਖਿਆ। ਉਸ ਵਿਚ ਵੀ ਉਸ ਨੂੰ ਅਜਿਹਾ ਕੁਝ ਨਹੀਂ ਦਿਸਿਆ, ਜਿਸ ਵਿਚੋਂ ਬਦਬੂ ਉੱਠ ਕੇ ਘਰ ਵਿਚ ਫੈਲੀ ਹੋਵੇ। ਫਿਰ ਵੀ ਰਮਨ ਨੇ ਅੱਧੇ ਤੋਂ ਵੀ ਘੱਟ ਭਰਿਆ ਬੈਗ ਕੱਢਿਆ ਅਤੇ ਉਸ ਦੀ ਗੰਢ ਮਾਰ ਕੇ ਪਹਿਲਾਂ ਰੱਖੇ ਲਿਫ਼ਾਫ਼ੇ ਕੋਲ਼ ਰੱਖ ਆਈ। ਫਿਰ ਉਹ ਆਪਣੇ ਇਸ ਦੋ ਬੈੱਡਰੂਮਾਂ ਤੇ ਦੋ ਵਾਸ਼ਰੂਮਾਂ ਵਾਲੇ ਕਾਂਡੋਮੀਨੀਅਮ ਦੇ ਮੇਨ ਵਾਸ਼ਰੂਮ ਵਿਚ ਗਈ, ਜਿਹੜਾ ਉਹ ਆਪ ਨਹੀਂ ਸੀ ਵਰਤਦੀ, ਉਸ ਨੂੰ ਮਿਲਣ ਆਏ ਉਸ ਦੇ ਮਾਂ-ਬਾਪ, ਭਰਾ ਜਾਂ ਮਮੇਰੇ-ਮਸੇਰੇ ਭੈਣ ਭਰਾ ਹੀ ਵਰਤਦੇ ਸਨ। ਪਰ ਮਹੀਨੇ ਤੋਂ ਵੀ ਵੱਧ ਹੋ ਗਿਆ ਸੀ, ਉਸ ਕੋਲ਼ ਕੋਈ ਨਹੀਂ ਸੀ ਆਇਆ। ਰਮਨ ਨੂੰ ਇਹ ਪਤਾ ਸੀ ਕਿ ਜੇ ਕਿਸੇ ਟਾਇਲਟ ਨੂੰ ਕੁਝ ਹਫ਼ਤੇ ਫ਼ਲੱਸ਼ ਨਾ ਕਰੋ ਤਾਂ ਉਸ ਵਿਚ ਖੜ੍ਹੇ ਪਾਣੀ 'ਚੋਂ ਬਦਬੂ ਆਉਣ ਲੱਗਦੀ ਹੈ। ਰਮਨ ਨੇ ਟਾਇਲਟ ਫ਼ਲੱਸ਼ ਕੀਤੀ ਅਤੇ ਸਾਰੇ ਯੂਨਿਟ ਵਿਚ ਗੇੜਾ ਦਿੱਤਾ। ਲਾਂਡਰੀ ਦੇ ਸੈਂਕ ਵਿਚ ਦੇਖਿਆ। ਉਹ ਸਾਫ਼ ਸੀ। ਉਸ ਨੂੰ ਪਤਾ ਨਾ ਲੱਗਾ ਕਿ ਬਦਬੂ ਦਾ ਕੀ ਕਾਰਨ ਸੀ। ਰਮਨ ਨੇ ਸੋਚਿਆ ਕਿ ਉਹ ਡਫਿਊਜ਼ਰ ਚਲਾ ਦਿੰਦੀ ਹੈ, ਜਿਸ ਵਿਚੋਂ ਨਿਕਲਦੀ ਮਹਿਕ ਨਾਲ ਬਦਬੂ ਤੰਗ ਕਰਨੋਂ ਹਟ ਜਾਵੇਗੀ। ਉਸ ਨੇ ਲਿਵਿੰਗ ਰੂਮ ਵਿਚ ਰੱਖਿਆ ਡਫਿਊਜ਼ਰ ਚਲਾ ਦਿੱਤਾ ਅਤੇ ਆਪਣਾ ਬ੍ਰੇਕ ਫਾਸਟ ਤਿਆਰ ਕਰਨ ਲੱਗੀ। ਸਕਰੈਂਬਲਡ ਐੱਗ - ਮਿਰਚ-ਮਸਾਲਿਆਂ ਅਤੇ ਗੰਢੇ ਤੋਂ ਬਿਨਾਂ ਆਂਡੇ ਦੀ ਭੁਰਜੀ ਬਣਾਈ ਅਤੇ ਪਲੇਟ ਵਿਚ ਪਾ ਕੇ ਰੱਖ ਦਿੱਤੀ। ਬੈਲਾ ਲਈ ਉਸ ਦੇ ਭਾਂਡਿਆਂ ਵਿਚ ਤਾਜ਼ਾ ਪਾਣੀ ਅਤੇ ਵੈਟਰਨਰੀ ਤੋਂ ਲਿਆਂਦੇ ਕਿਬਲਜ਼ ਪਾ ਕੇ ਬੋਲੀ, "ਬੈਲਾ, ਆ ਜਾ ਬਰੇਕ ਫਾਸਟ ਕਰੀਏ।" ਜਦੋਂ ਬੈਲਾ ਆਪਣੇ ਭਾਂਡਿਆਂ 'ਚ ਮੂੰਹ ਮਾਰਨ ਲੱਗ ਗਈ, ਰਮਨ ਨੇ ਵੀ ਆਪਣੀ ਪਲੇਟ ਚੁੱਕ ਲਈ। ਭੁਰਜੀ ਖਾ ਕੇ ਉਸ ਨੇ ਇਕ ਕੱਪ ਕੌਫ਼ੀ ਬਣਾਉਣ ਵਾਲੀ ਮਸ਼ੀਨ ਵਿਚ ਕੌਫ਼ੀ ਵਾਲੀ ਡੱਬੀ ਰੱਖੀ ਅਤੇ ਨਹਾਉਣ ਲਈ ਆਪਣੇ ਬੈੱਡ-ਰੂਮ ਵਾਲੇ ਵਾਸ਼ਰੂਮ ਵਿਚ ਚਲੀ ਗਈ। ਉੱਥੇ ਉਸ ਨੂੰ ਬਾਹਰ ਦੇ ਮੁਕਾਬਲੇ ਜ਼ਿਆਦਾ ਬਦਬੂ ਮਹਿਸੂਸ ਹੋਈ। 'ਰਾਤ ਬੈਲਾ ਏਥੇ ਸੀ, ਜ਼ਰੂਰ ਹੀ ਉਸ ਨੇ ਇੱਥੇ ਕੁਝ ਕੀਤਾ ਹੋਵੇਗਾ, ਜਿਸ ਕਰਕੇ

ਇੱਥੇ ਜ਼ਿਆਦਾ ਬਦਬੂ ਹੈ', ਰਮਨ ਦੇ ਦਿਮਾਗ਼ 'ਚ ਆਇਆ। ਉਸ ਨੇ ਆਪਣੇ ਬੈੱਡ ਦੇ ਥੱਲੇ ਦੇਖਿਆ। ਉੱਥੇ ਵੀ ਬੈਲਾ ਨੇ ਕੁਝ ਨਹੀਂ ਸੀ ਕੀਤਾ ਹੋਇਆ। ਫਿਰ ਫ਼ਰਸ਼ 'ਤੇ ਨਿਗ੍ਹਾ ਟਿਕਾਈ ਇਸ ਤਰ੍ਹਾਂ ਹੌਲ਼ੀ ਹੌਲ਼ੀ ਤੁਰਨ ਲੱਗੀ, ਜਿਵੇਂ ਕੋਈ ਸੂਈ ਲੱਭਦੀ ਹੋਵੇ। ਇਸ ਦਾ ਰਮਨ ਨੂੰ ਵੀ ਪਤਾ ਸੀ ਕਿ ਬੈਲਾ ਇਸ ਤਰ੍ਹਾਂ ਨਹੀਂ ਕਰ ਸਕਦੀ ਕਿ ਪਹਿਲਾਂ ਆਪਣਾ ਮੈਟ ਚੁੱਕ ਕੇ ਪਾਸੇ ਕਰਦੀ ਤੇ ਫਿਰ ਆਪਣਾ ਕੰਮ ਕਰਕੇ ਮੈਟ ਨਾਲ ਢਕ ਦਿੰਦੀ। ਪਰ ਰਮਨ ਨੇ ਫਿਰ ਵੀ ਮੈਟ ਚੁੱਕ ਕੇ ਦੇਖਿਆ। ਆਖੀਰ ਉਸ ਨੇ ਲਿਵਿੰਗ ਰੂਮ ਵਾਲਾ ਡਫਿਊਜ਼ਰ ਚੁੱਕ ਕੇ ਆਪਣੇ ਬੈੱਡ ਰੂਮ ਵਿਚ ਲਾ ਦਿੱਤਾ ਅਤੇ ਨਹਾਉਣ ਲੱਗ ਪਈ। ਨਹਾਉਣ ਤੋਂ ਬਾਅਦ ਵੀ ਉਸ ਨੂੰ ਕੋਈ ਫਰਕ ਮਹਿਸੂਸ ਨਾ ਹੋਇਆ। ਉਸ ਨੇ ਬੈਲਾ ਨੂੰ ਬਾਲਕੋਨੀ 'ਚ ਕੱਢਿਆ ਤੇ ਬੋਲੀ, "ਡੂ ਯੂਅਰ ਬਿਜ਼ਨਿਸ, ਬੈਲਾ।" ਪਰ ਬੈਲਾ ਨੇ ਓਧਰ ਮੂੰਹ ਹੀ ਨਾ ਕੀਤਾ। ਰਮਨ ਫਿਰ ਬੋਲੀ, "ਬੈਲਾ, ਕਰ ਮਰ ਲੈ ਭੈਣੇ।" ਇਸ ਤਰ੍ਹਾਂ ਰਮਨ ਦੀ ਮੰਮੀ ਨੇ ਕਿਹਾ ਸੀ, ਜਦੋਂ ਉਹ ਰਮਨ ਕੋਲ਼ ਇਕ ਦਿਨ ਲਈ ਰੁਕੀ ਸੀ। ਉਸ ਨੇ "ਕਰ ਮਰ ਲੈ," ਕਿਹਾ ਸੀ ਤੇ ਸੁਣਦਿਆਂ ਸਾਰ ਰਮਨ ਬੋਲੀ ਸੀ, "ਮੇਰੀ ਸੋਹਣੀ ਨੂੰ ਮਰ ਜਾ ਨਾ ਕਹਿ, ਮੰਮ।" "ਹੋਰ ਕੀ ਕਹਾਂ, ਐਨਾ ਚਿਰ ਲਾਈ ਜਾਂਦੀ ਐ। ਬਾਹਰ ਕਿੰਨੀ ਠੰਢ ਐ। ਕੰਮ ਨਬੇੜੇ ਤਾਂ ਮੈਂ ਡੋਰ ਬੰਦ ਕਰਨ ਵਾਲੀ ਹੋਵਾਂ।" ਆਪਣੀ ਮਾਂ ਦੀ ਆਵਾਜ਼ ਵਿਚਲੀ ਤਲਖ਼ੀ ਮਹਿਸੂਸ ਕਰ ਕੇ ਰਮਨ ਨੇ ਬੈਲਾ ਨੂੰ ਅੰਦਰ ਲਿਆ ਕੇ ਪਲੋਸਿਆ ਸੀ ਤੇ ਬੋਲੀ ਸੀ, "ਮੰਮੀ ਝਿੜਕਾਂ ਮਾਰਦੀ ਐ, ਮੇਰੀ ਸੋਹਣੀ ਨੂੰ!" ਤੇ ਹੁਣ ਬੈਲਾ ਦਾ ਇਸ ਤਰ੍ਹਾਂ ਤਰਲਾ ਕਰਦਿਆਂ ਰਮਨ ਦੇ ਦਿਮਾਗ਼ 'ਚ ਆਇਆ ਕਿ ਜਿਹੜਾ ਇਹ ਜਾਂਦੀ ਨਹੀਂ, ਜ਼ਰੂਰ ਹੀ ਇਸ ਨੇ ਅੰਦਰ ਕਿਤੇ ਕੰਮ ਕੀਤਾ ਹੋਵੇਗਾ। ਰਮਨ ਨੇ ਫਿਰ ਸਾਰੇ ਘਰ ਵਿਚ ਗੇੜਾ ਦਿੱਤਾ। ਸੋਫੇ ਦੇ ਥੱਲੇ ਦੇਖਿਆ। ਉੱਥੇ ਵੀ ਕੁਝ ਨਹੀਂ ਸੀ। ਫਿਰ ਉਸ ਨੇ ਸੋਚਿਆ, 'ਮੈਂ ਕਿਉਂ ਐਵੇਂ ਪ੍ਰੇਸ਼ਾਨ ਹੋ ਰਹੀਂ ਹਾਂ। ਬਦਬੂ ਹੀ ਤਾਂ ਹੈ। ਸ਼ਾਮ ਤਕ ਚਲੀ ਜਾਵੇਗੀ।'

ਰਮਨ ਨੇ ਕੌਫ਼ੀ ਵਾਲਾ ਕੱਪ ਮਸ਼ੀਨ 'ਚੋਂ ਚੁੱਕਿਆ। ਉਸ ਦਾ ਢੱਕਣ ਬੰਦ ਕੀਤਾ ਅਤੇ ਬੈਲਾ ਨੂੰ ਲਾਡ ਕਰਦਿਆਂ ਬੋਲੀ, "ਮੈਂ ਕੰਮ 'ਤੇ ਜਾਨੀ ਆਂ। ਸ਼ਾਮ ਨੂੰ ਮਿਲਾਂਗੇ। ਸਿਆਣੀ ਬਣ ਕੇ ਰਹੀਂ।" ਦਰਵਾਜ਼ਾ ਬੰਦ ਕਰ ਕੇ ਇਕ ਹੱਥ ਵਿਚ ਗਾਰਬੇਜ ਵਾਲੇ ਲਿਫ਼ਾਫ਼ੇ ਅਤੇ ਦੂਜੇ ਹੱਥ ਵਿਚ ਕੌਫੀ ਵਾਲਾ ਕੱਪ ਫੜੀ ਰਮਨ ਐਲੀਵੇਟਰ ਵੱਲ ਤੁਰ ਪਈ। ਐਲੀਵੇਟਰ ਉੱਪਰ ਵੱਲੋਂ ਆ ਰਹੀ ਸੀ। ਅਠਾਰਾਂ ਮੰਜ਼ਿਲਾਂ ਵਾਲੀ ਇਸ ਇਮਾਰਤ ਦੀ ਤੀਜੀ ਮੰਜ਼ਿਲ 'ਤੇ ਆ ਕੇ ਰੁਕੀ ਤਾਂ ਉਸ ਦਾ ਦਰਵਾਜ਼ਾ ਖੁੱਲ੍ਹਦਿਆਂ ਹੀ ਅੰਦਰ ਖੜ੍ਹੀ ਕ੍ਰਿਸਟੀਨਾ ਨੂੰ ਦੇਖ ਕੇ ਰਮਨ ਦਾ ਜੀਅ ਕੀਤਾ ਕਿ ਉਹ ਐਲੀਵੇਟਰ ਵਿਚ ਵੜਨ ਦੀ ਥਾਂ ਪੌੜੀਆਂ ਰਾਹੀਂ ਥੱਲੇ ਜਾਵੇ। ਪਰ ਕ੍ਰਿਸਟੀਨਾ ਨੇ ਉਸ ਨੂੰ ਦੇਖ ਲਿਆ ਸੀ। ਉਹ ਐਲੀਵੇਟਰ ਦੇ ਵਿਚਕਾਰ ਬਾਂਹਾਂ ਦੀ ਕਰਿੰਘੜੀ ਮਾਰੀ ਇਸ ਤਰ੍ਹਾਂ ਖੜ੍ਹੀ ਸੀ, ਜਿਵੇਂ ਸਾਰੀ ਐਲੀਵੇਟਰ ਦੀ ਮਾਲਕ ਹੋਵੇ। ਹੱਥਾਂ ਦੀਆਂ ਉਂਗਲਾਂ ਇਸ ਤਰ੍ਹਾਂ ਅਕੜਾਈਆਂ ਹੋਈਆਂ ਕਿ ਉਂਗਲ ਵਿਚ ਪਾਈ ਛਾਪ ਦੇ ਹੀਰੇ 'ਤੇ ਅਗਲੇ ਦੀ ਸਿੱਧੀ ਨਿਗ੍ਹਾ ਜਾਵੇ। ਬਾਂਹ ਵਿਚ ਗੂਚੀ ਦਾ ਲਟਕ ਰਿਹਾ ਪਰਸ। ਰਮਨ ਨੂੰ ਉਸ ਦੀ ਧੌਣ ਆਕੜੀ ਹੋਈ ਲੱਗੀ। ਰਮਨ ਨੂੰ ਦੇਖਦਿਆਂ ਹੀ ਉਹ ਬੋਲੀ, "ਆਖੀਰ ਸੁਭਾਗ ਮਿਲ ਹੀ ਗਿਆ ਤੈਨੂੰ ਦੇਖਣ ਦਾ!"

ਰਮਨ ਨੂੰ ਲੱਗਾ ਕਿ ਉਸ ਨੇ ਗਾਰਬੇਜ ਬੈਗ ਚੁੱਕ ਕੇ ਗ਼ਲਤੀ ਕੀਤੀ ਸੀ। ਜੇ ਉਸ ਨੇ ਬੈਗ ਨਾ ਚੁੱਕੇ ਹੁੰਦੇ ਤਾਂ ਉਸ ਦੇ ਇਕ ਹੱਥ ਵਿਚ ਕੌਫ਼ੀ ਵਾਲਾ ਕੱਪ ਹੋਣਾ ਸੀ ਤੇ ਦੂਜੇ ਵਿਚ ਫ਼ੋਨ ਅਤੇ ਉਸ ਦੀ ਨਿਗ੍ਹਾ ਫ਼ੋਨ 'ਤੇ ਇਸ ਤਰ੍ਹਾਂ ਗੱਡੀ ਹੋਣੀ ਸੀ ਜਿਵੇਂ ਉਹ ਕਿਸੇ ਬਹੁਤ ਵੱਡੇ ਕੰਮ ਵਿਚ ਰੁੱਝੀ ਹੋਈ ਹੋਵੇ। ਉਸ ਨੇ ਬਿਨਾਂ ਅੱਖ ਮਿਲਾਏ ਰਸਮੀ ਮੁਸਕਾਨ ਦੇਣੀ ਸੀ ਤੇ ਮੁੜ ਫ਼ੋਨ 'ਤੇ ਨਿਗ੍ਹਾ ਗੱਡ ਦੇਣੀ ਸੀ। ਗੱਲਬਾਤ ਤੋਂ ਬਚਣ ਦਾ ਇਹ ਵਧੀਆ ਤਰੀਕਾ ਉਸ ਨੇ ਲੱਭ ਲਿਆ ਸੀ ਪਰ ਹੁਣ ਫ਼ੋਨ ਉਸ ਦੇ ਪਰਸ ਵਿਚ ਸੀ ਅਤੇ ਦੋਹੇਂ ਹੱਥ ਰੁੱਝੇ ਹੋਏ ਸਨ। ਉਹ ਪਿਛਲੀ ਵਾਰ ਕ੍ਰਿਸਟੀਨਾ ਵੱਲੋਂ ਦਿੱਤੀ

ਚਿਤਾਉਣੀ ਦੀ ਸਫ਼ਾਈ ਦਿੰਦਿਆਂ ਬੋਲੀ, "ਗੁੱਡ ਮਾਰਨਿੰਗ। ਮੁਆਫ਼ ਕਰਨਾ ਮੈਂ ਆ ਨਹੀਂ ਸਕੀ ਮੀਟਿੰਗ ਵਿਚ।"

"ਤੂੰ ਇੱਥੇ ਪੂਰਾ ਟਾਈਮ ਹੀ ਰਹਿਨੀ ਐਂ ਨਾ? ਮੈਂ ਸੋਚਿਆ ਸ਼ਾਇਦ ਇਹ ਤੇਰਾ ਛੁੱਟੀਆਂ ਕੱਟਣ ਲਈ ਘਰ ਹੋਵੇ," ਆਖ ਕੇ ਕ੍ਰਿਸਟੀਨਾ ਮੁਸਕਰਾਈ। ਰਮਨ ਨੂੰ ਲੱਗਾ ਕਿ ਇਹ ਬਣਾਉਟੀ ਮੁਸਕਰਾਹਟ ਵਿਅੰਗ ਦੀ ਮਾਰ ਨੂੰ ਘਟਾਉਣ ਲਈ ਸੀ। ਉਹ ਬੋਲੀ, "ਮੁਆਫ਼ ਕਰਨਾ, ਜ਼ਿਆਦਾ ਰੁੱਝੀ ਹੋਈ ਸੀ। ਤੈਨੂੰ ਪਤਾ ਹੈ ਕਿ ਟੈਕਸ ਭਰਨ ਦਾ ਸਮਾਂ ਨੇੜੇ ਆ ਰਿਹਾ ਹੈ। ਇਸ ਲਈ ਬਹੁਤਾ ਸਮਾਂ ਕੰਮ 'ਤੇ ਹੀ ਲੰਘ ਜਾਂਦਾ ਹੈ।"

"ਆਪਾਂ ਸਾਰੇ ਹੀ ਨਹੀਂ ਆਪਣੇ-ਆਪਣੇ ਕੰਮਾਂ 'ਚ ਰੁੱਝੇ ਹੋਏ! ਖ਼ੈਰ, ਮੈਂ ਫਿਰ ਸਟਰਾਟਾ ਕਾਊਂਸਲ ਦੀ ਪ੍ਰਧਾਨ ਚੁਣੀ ਗਈ ਹਾਂ।"

ਰਮਨ ਉਸ ਦੀ ਤਿੱਖੀ ਆਵਾਜ਼ ਨੂੰ ਅੰਦਰੇ ਪੀ ਗਈ ਤੇ ਬੋਲੀ, "ਗੁੱਡ ਫਾਰ ਯੂ- ਤੇਰੇ ਲਈ ਚੰਗਾ ਹੈ। ਵਧਾਈਆਂ।"

"ਸਾਡੇ ਸਾਰਿਆਂ ਲਈ," ਕ੍ਰਿਸਟੀਨਾ ਬੋਲੀ।

"ਹਾਂ, ਉਮੀਦ ਕਰਦੇ ਹਾਂ।" ਰਮਨ ਨੇ ਗੱਲ ਮੁਕਾਉਣ ਲਈ ਕਿਹਾ।

'ਇਹ ਔਰਤ ਕੀ ਸ਼ੈਅ ਹੈ! ਇਸ ਤਰ੍ਹਾਂ ਕਰਦੀ ਹੈ ਜਿਵੇਂ ਮੈਂ ਇਸ ਦਾ ਕਰਜ਼ਾ ਮੋੜਨਾ ਹੋਵੇ,' ਰਮਨ ਦੇ ਚਿੱਤ 'ਚ ਆਈ। ਉਸ ਨੇ ਐਲੀਵੇਟਰ ਦੀ ਸਕਰੀਨ ਵੱਲ ਦੇਖਿਆ। ਉਹ ਲਾਬੀ ਵਿਚ ਪਹੁੰਚ ਗਈ ਸੀ। ਰਮਨ ਨੇ ਸ਼ੁਕਰ ਕੀਤਾ ਅਤੇ ਦਰਵਾਜ਼ੇ ਦੇ ਖੁੱਲ੍ਹਦਿਆਂ ਹੀ ਬਿਨਾਂ ਕ੍ਰਿਸਟੀਨਾ ਵੱਲ ਦੇਖਿਆਂ, "ਚੰਗਾ ਦਿਨ ਹੋਵੇ!" ਉਸ ਵੱਲ ਚਲਾਵਾਂ ਮਾਰਿਆ ਅਤੇ ਐਲੀਵੇਟਰ 'ਚੋਂ ਬਾਹਰ ਨਿਕਲ ਗਈ। ਨਾਲ ਹੀ ਉਸ ਨੇ ਮੂੰਹ 'ਚ ਹੀ ਕਿਹਾ, "ਬਲੱਡੀ ਕੈਰਨ!"

ਲਾਬੀ ਵਿਚ ਪਹੁੰਚ ਕੇ ਰਮਨ ਦੇ ਜੀਅ 'ਚ ਆਈ ਕਿ ਉਹ ਆਪਣੇ ਵੱਟਸਐਪ ਦੇ ਮਮੇਰੇ-ਮਸੇਰੇ ਭੈਣ-ਭਰਾਵਾਂ ਵਾਲੇ ਗਰੁੱਪ ਵਿਚ ਇਹ ਵਾਰਤਾਲਾਪ ਪਾ ਕੇ ਆਪਣੀ ਭੜਾਸ ਕੱਢ ਲਵੇ। ਪਰ ਇਹ ਉਸ ਨੇ ਸ਼ਾਮ ਨੂੰ ਕੰਮ ਤੋਂ ਬਾਅਦ ਲਈ ਰਾਖਵਾਂ ਰੱਖ ਲਿਆ।

ਪਹਿਲੀ ਵਾਰ ਜਦੋਂ ਉਹ ਕ੍ਰਿਸਟੀਨਾ ਨੂੰ ਮਿਲੀ ਸੀ, ਉਸ ਦਿਨ ਉਸ ਨੇ ਉਸ ਨਾਲ ਹੋਈ ਵਾਰਤਾਲਾਪ ਨੂੰ ਕਿਸੇ ਹੋਰ ਸਮੇਂ ਲਈ ਨਹੀਂ ਸੀ ਛੱਡਿਆ। ਸਗੋਂ ਉਦੋਂ ਹੀ ਗਰੁੱਪ ਵਿਚ ਲਿਖ ਦਿੱਤਾ ਸੀ: ਆਈ ਜਸਟ ਡਿਲਟ ਵਿਦ ਏ ਕੈਰਨ, ਮੇਰਾ ਹੁਣੇ ਇਕ 'ਕੈਰਨ' ਨਾਲ ਵਾਹ ਪਿਆ।

"ਓ ਨੋ" ਤੇ "ਛੇਤੀ ਦੱਸ" ਕਹਿੰਦੇ ਕਈ ਸੁਨੇਹੇ ਝੱਟਪੱਟ ਆ ਗਏ ਸਨ।

"ਐਲੀਵੇਟਰ ਵਿਚ ਵੜੀ ਹੀ ਸੀ ਕਿ ਮੂਹਰੇ ਇਕ ਆਂਟੀ ਖੜ੍ਹੀ---

ਰਮਨ ਨੇ ਇਹ ਲਿਖ ਕੇ ਭੇਜ ਦਿੱਤਾ ਤੇ ਹੋਰ ਲਿਖਣ ਲੱਗੀ।

ਹੈਰੀ ਦਾ ਝੱਟ ਸੁਨੇਹਾ ਆ ਗਿਆ, "ਆਪਣੀ ਸੀ?" ਇਸ ਗਰੁੱਪ ਨੇ 'ਕੈਰਨ' ਸਲੈਂਗ ਦਾ ਘੇਰਾ ਉੱਚ-ਮੱਧ ਵਰਗ ਦੀ ਅੱਧਖੜ ਗੋਰੀ ਔਰਤ, ਜਿਹੜੀ ਆਪਣੇ ਆਪ ਨੂੰ ਹੋਰਾਂ ਨਾਲੋਂ ਉੱਪਰ ਸਮਝਦੀ ਹੋਵੇ ਤੋਂ ਦੂਜਿਆਂ ਤੋਂ ਰੋਹਬ ਨਾਲ ਕੰਮ ਕਰਾਉਣ ਵਾਲੀ 'ਦੇਸੀ ਆਂਟੀ' ਤਕ ਫੈਲਾਅ ਲਿਆ ਸੀ।

"ਨਾ, ਸੱਚੀਂ ਮੁਚੀਂ ਦੀ 'ਕੈਰਨ'। ਹੋਰ ਪ੍ਰਸ਼ਨ ਨਾ ਪੁੱਛ। ਪਹਿਲਾਂ ਮੈਨੂੰ ਸਾਰੀ ਕਹਾਣੀ ਦੱਸ ਲੈਣ ਦੇ।"

"ਸਾਰੀ ਦੱਸ ਫੇਰ। ਟੁਕੜਿਆਂ 'ਚ ਕਿਉਂ ਦੱਸਦੀ ਹੈਂ?"

"ਸੈਂਡ ਬਟਨ ਨੱਪਿਆ ਗਿਆ ਗ਼ਲਤੀ ਨਾਲ। ਉਡੀਕ ਕਰ ਲੈ। ਤੇਰੇ ਕੋਲ਼ ਹੋਰ ਕੁਝ ਨਹੀਂ ਕਰਨ ਲਈ?"

"ਰਮਨ, ਹੈਰੀ ਨੂੰ ਛੱਡ, ਤੂੰ ਅੱਗੇ ਦੱਸ," ਸ਼ਾਨ ਨੇ ਲਿਖਿਆ। ਉਹ ਇਸ ਗਰੁੱਪ ਵਿਚ ਸਭ

ਤੋਂ ਵੱਡਾ ਹੈ।

"ਮਿਲਣ ਸਾਰ ਕਹਿੰਦੀ, 'ਤੈਨੂੰ ਕਦੇ ਸਟਰਾਟਾ ਕਾਊਂਸਲ ਦੀਆਂ ਮੀਟਿੰਗਾਂ ਵਿਚ ਨਹੀਂ ਦੇਖਿਆ। ਮੈਂ ਸੋਚਿਆ ਕਿ ਤੂੰ ਕੌਣ ਹੈਂ ਪੁੱਛਣ ਵਾਲੀ। ਮੈਂ ਤਾਂ ਇਹ ਸੋਚਿਆ ਹੀ ਸੀ, ਉਸ ਨੂੰ ਪਤਾ ਨਹੀਂ ਕਿਵੇਂ ਪਤਾ ਲੱਗ ਗਿਆ ਕਿ ਮੈਂ ਇਹ ਸੋਚਦੀ ਹਾਂ। ਉਹ ਝੱਟ ਬੋਲੀ, ਮੈਂ ਸਟਰਾਟਾ ਕਾਊਂਸਿਲ ਦੀ ਪ੍ਰੈਜ਼ੀਡੈਂਟ ਆਂ। ਤੂੰ ਆਇਆ ਕਰ। ਆਪਣੀ ਵੋਟ ਦਾ ਹੱਕ ਵਰਤਿਆ ਕਰ। ਦੂਜਿਆਂ ਨੂੰ ਮਿਲਿਆ ਕਰ। ਅਸੀਂ ਇਕ ਛੱਤ ਥੱਲੇ ਰਹਿੰਦੇ ਹਾਂ। ਸਾਡਾ ਇਕ ਪਰਿਵਾਰ ਹੈ। ਸਾਨੂੰ ਇਕ ਦੂਜੇ ਦਾ ਖ਼ਿਆਲ ਰੱਖਣਾ ਚਾਹੀਦਾ ਹੈ, ਬਲਾਅ, ਬਲਾਅ ਬਲਾਅ। ਮੇਰਾ ਮਤਲਬ ਕਿਸ ਕੋਲ਼ ਟਾਈਮ ਹੈ ਇਸ ਤਰ੍ਹਾਂ ਦੀਆਂ ਮੀਟਿੰਗਾਂ ਵਿਚ ਜਾਣ ਦਾ?"

"ਇਹ ਸਟਰਾਟਾ ਕਾਊਂਸਲ ਕੀ ਹੁੰਦੀ ਹੈ?" ਸੁਮੀਤ ਨੇ ਪੁੱਛਿਆ, ਜਿਹੜਾ ਇਨ੍ਹਾਂ ਸਭ ਤੋਂ ਛੋਟਾ ਹੈ ਅਤੇ ਹਾਲੇ ਬਾਰ੍ਹਵੀਂ ਜਮਾਤ ਵਿਚ ਹੈ।

"ਸਾਰੀਆਂ ਯੂਨਿਟਾਂ ਦੇ ਮਾਲਕ ਬਿਲਡਿੰਗ ਦਾ ਪ੍ਰਬੰਧ ਚਲਏਉਣ ਲਈ ਇਕ ਕਮੇਟੀ ਚੁਣਦੇ ਐ, ਉਸਨੂੰ ਕਹਿੰਦੇ ਨੇ ਸਟਰਾਟਾ ਕਾਊਂਸਲ। ਹੋਰ ਜਾਣਨ ਲਈ ਗੂਗਲ ਕਰ ਲੈ।"

ਜੈਸ: ਰਮਨ, ਤਾਂ ਫਿਰ ਤੂੰ ਜਾਇਆ ਕਰੇਂਗੀ? ਐੱਲ ਓ ਐੱਲ।

ਜੈਸ: ਕੀ ਕੋਈ ਕਲਪਨਾ ਕਰ ਸਕਦਾ ਹੈ ਕਿ ਰਮਨ ਕਾਊਂਸਲ ਮੀਟਿੰਗ ਵਿਚ ਹੱਥ ਖੜ੍ਹਾ ਕਰ ਕੇ ਕੋਈ ਸਵਾਲ ਪੁੱਛ ਰਹੀ ਹੋਵੇ?

"ਹਾਂ, ਮੈਂ ਕਰ ਸਕਦਾ ਹਾਂ। ਇਸ ਦੀਆਂ ਸੰਗ ਨਾਲ ਲਾਲ ਹੋਈਆਂ ਗੱਲ੍ਹਾਂ, ਕੰਬਦੀਆਂ ਲੱਤਾਂ ਤੇ ਥਥਲਾਉਂਦੀ ਆਵਾਜ਼," ਗੈਰੀ ਨੇ ਲਿਖਿਆ, ਜਿਹੜਾ ਰਮਨ ਨਾਲ ਬਾਰ੍ਹਵੀਂ ਤਕ ਪੜ੍ਹਦਾ ਰਿਹਾ ਸੀ।

ਉੱਪਰੋ ਥਲੀ ਹਾਸੇ ਵਾਲੀਆਂ ਕਈ ਅਮੋਜੀਆਂ ਆਈਆਂ। ਉਹ ਦੇਖ ਰਮਨ ਦੀਆਂ ਗੱਲ੍ਹਾਂ ਲਾਲ ਹੋਣ ਲੱਗੀਆਂ।

ਸ਼ਾਨ ਨੇ ਬੋਲ ਕੇ ਪੰਜਾਬੀ 'ਚ ਸੁਨੇਹਾ ਭੇਜਿਆ, "ਪੁੱਤ ਤੂੰ ਜਾਇਆ ਕਰ ਮੀਟਿੰਗਾਂ 'ਚ। ਜੇ ਲੋਕਾਂ ਨੂੰ ਮਿਲੇਂਗੀ ਨਹੀਂ ਤਾਂ ਤੇਰੇ ਵਿਆਹ ਲਈ ਕੋਈ ਮੁੰਡਾ ਕਿਵੇਂ ਲੱਭੂ। 'ਠਾਈ ਸਾਲਾਂ ਦੀ ਹੋਗੀ ਤੂੰ। ਤੇਰੀ ਉਮਰ ਨਿਕਲਦੀ ਜਾਂਦੀ ਐ।"

ਰਮਨ ਨੇ "ਓ ਕੇ, ਮੰਮ।" ਲਿਖ ਕੇ ਹੱਸਣ ਵਾਲੀ ਅਮੋਜੀ ਨਾਲ ਲਾ ਦਿੱਤੀ।

ਅਗਲਾ ਪੰਜਾਬੀ 'ਚ ਬੋਲ ਕੇ ਭੇਜਿਆ ਸੁਨੇਹਾ ਹੈਰੀ ਦਾ ਸੀ। ਉਹ ਰਮਨ ਦੀ ਰੀਸ ਲਾ ਕੇ ਆਖ ਰਿਹਾ ਸੀ, "ਥੋਨੂੰ ਵਿਆਹ ਦੀ ਐਡੀ ਕੀ ਅੱਗ ਲੱਗੀ ਐ। ਜਦੋਂ ਕੋਈ ਮਿਲ ਗਿਆ ਕਰਵਾ ਲਵੂੰ।"

"ਹੇ, ਬਹੁਤ ਉਡਾ ਲਿਆ ਮਖ਼ੌਲ ਰਮਨ ਦਾ। ਸੰਜੀਦਗੀ ਨਾਲ ਕਹਿਨੀ ਆਂ। ਰਮਨ, ਸ਼ਾਇਦ ਉਹ "ਕੈਰਨ" ਨਾ ਹੋਵੇ। ਉਸ ਦੇ ਕਹਿਣ ਦਾ ਤਰੀਕਾ ਗ਼ਲਤ ਹੋ ਸਕਦਾ ਹੈ, ਰੋਹਬ ਨਾਲ ਆਖਣ ਦੀ ਥਾਂ ਦਲੀਲ ਨਾਲ ਕਹਿਣਾ ਚਾਹੀਦਾ ਸੀ ਪਰ ਉਸ ਦੀ ਗੱਲ ਗ਼ੌਰ ਕਰਨ ਵਾਲੀ ਹੈ ਕਿ ਸਾਰੇ ਇਕ ਛੱਤ ਥੱਲੇ ਰਹਿਣ ਵਾਲੇ ਇਕ ਪਰਿਵਾਰ ਹਾਂ।" ਸੈਂਡੀ ਨੇ ਸੁਨੇਹਾ ਭੇਜਿਆ। ਸੈਂਡੀ ਸ਼ਾਨ ਦੀ ਘਰਵਾਲੀ ਹੈ ਅਤੇ ਐਲੀਮੈਂਟਰੀ ਸਕੂਲ ਵਿਚ ਟੀਚਰ ਹੈ।

"ਭਾਬੀ, ਚੇਤੇ ਹੈ ਜਦੋਂ ਅਸੀਂ ਸਾਰੇ ਕਿਟਾਮੈਟ ਰਹਿੰਦੇ ਸੀ। ਸਕੂਲ 'ਚ ਲੰਚ ਬਰੇਕ ਵੇਲ਼ੇ ਇਸ ਕਰਕੇ ਡਰਦੇ ਬਾਹਰ ਨਹੀਂ ਸੀ ਜਾਂਦੇ ਕਿ ਕੋਈ ਦੇਖ ਕੇ ਸਾਡੇ ਮਾਪਿਆਂ ਨੂੰ ਦੱਸ ਨਾ ਦੇਵੇ। ਸਾਰਾ ਟਾਊਨ ਤਾਂ ਜਾਣਦਾ ਸੀ ਇਕ ਦੂਜੇ ਨੂੰ। ਅਖੌਤੀ ਇਕ ਪਰਿਵਾਰ ਵਾਂਗ," ਰਮਨ ਨੇ ਜਵਾਬ ਦਿੱਤਾ।

"ਉਹ ਠੀਕ ਨਹੀਂ ਸੀ? ਮੈਂ ਤਾਂ ਹਾਲੇ ਵੀ ਮਿੱਸ ਕਰਦੀ ਹਾਂ ਉਸ ਟਾਊਨ ਨੂੰ। ਮੈਂ ਉੱਥੇ ਹੋਰਾਂ

ਨਾਲ ਜੁੜੀ ਹੋਈ ਮਹਿਸੂਸ ਕਰਦੀ ਸੀ।"

"ਕੀ ਹੁਣ ਆਪਾਂ ਜੁੜੇ ਹੋਏ ਨਹੀਂ? ਇਸੇ ਕਰ ਕੇ ਤਾਂ ਆਪਾਂ ਹੁਣ ਸਾਰੇ ਦੂਰ ਬੈਠੇ ਵੀ ਗੱਲਾਂ ਕਰ ਰਹੇ ਹਾਂ।"

"ਇਹ ਹੋਰ ਗੱਲ ਐ, ਰਮਨ," ਸੈਂਡੀ ਨੇ ਲਿਖਿਆ।

'ਨਾ ਇਕੋ ਹੀ ਗੱਲ ਐ', ਰਮਨ ਨੇ ਸੋਚਿਆ ਤੇ ਫ਼ੋਨ ਜੇਬ 'ਚ ਪਾ ਲਿਆ।

ਉਸ ਦਿਨ ਵਾਲੀ ਗਰੁੱਪ ਚੈਟ ਬਾਰੇ ਯਾਦ ਕਰ ਕੇ ਰਮਨ ਦੇ ਦਿਮਾਗ਼ 'ਚ ਅੱਜ ਵਾਲੀ ਗੱਲ ਬਾਤ ਦੱਸਣ ਦੀ ਕਾਹਲ਼ ਪਈ। ਉਸ ਨੇ ਟਰੈਸ਼ਰੂਮ ਵਿਚ ਜਾ ਕੇ ਗਾਰਬੇਜ ਵਾਲੇ ਬੈਗਾਂ ਨੂੰ ਕੈਨ ਵਿਚ ਸੁੱਟਿਆ ਅਤੇ ਗਰੁੱਪ ਵਿਚ ਲਿਖ ਦਿੱਤਾ: ਅੱਜ ਫਿਰ 'ਕੈਰਨ' ਐਲੀਵੇਟਰ ਵਿਚ ਮਿਲੀ। ਕਹਿੰਦੀ ਕਿ ਇਹ ਮੇਰਾ ਅਸਲੀ ਘਰ ਹੈ ਕਿ ਛੁੱਟੀਆਂ ਕੱਟਣ ਵਾਲਾ। ਮੈਨੂੰ ਸਮਝ ਨਹੀਂ ਲਗਦੀ ਕਿ ਲੋਕ ਆਪਣੇ ਕੰਮ ਨਾਲ ਮਤਲਬ ਕਿਉਂ ਨਹੀਂ ਰੱਖਦੇ। ਦੋ ਮਿੰਟ ਦੀ ਐਲੀਵੇਟਰ ਦੀ ਰਾਈਡ ਵਿਚ ਕਿਸੇ ਨਾਲ ਫ਼ਜ਼ੂਲ ਗੱਲ ਕਰਨੀ ਜ਼ਰੂਰੀ ਹੁੰਦੀ ਹੈ ਕੀ?

ਹੈਰੀ ਦਾ ਝੱਟ ਸੁਨੇਹਾ ਆ ਗਿਆ: ਅਪਸੈੱਟ ਨਾ ਹੋ। ਉਹ ਸੋਚਦੀ ਹੋਵੇਗੀ ਕਿ ਐਲੀਵੇਟਰ ਨੇ ਟਰਾਂਟੋ ਜਾਣਾ ਹੈ। ਨਾਲ ਹੀ ਹੱਸਣ ਵਾਲੀ ਅਮੋਜੀ।

ਰਮਨ: ਭਾਵੇਂ ਚਾਰ ਘੰਟੇ ਦੀ ਫਲਾਈਟ ਹੋਵੇ। ਮੈਂ ਨਾਲ ਦੀ ਸੀਟ 'ਤੇ ਬੈਠੇ ਕਿਸੇ ਅਜਨਬੀ ਨਾਲ ਫਜ਼ੂਲ ਗੱਲਾਂ ਕਰ ਕੇ ਟਾਈਮ ਕਿਉਂ ਖ਼ਰਾਬ ਕਰਾਂ? ਜਿਸ ਵਿਅਕਤੀ ਨੂੰ ਬਾਅਦ ਵਿਚ ਮੈਂ ਮਿਲਣਾ ਹੀ ਨਹੀਂ, ਉਸ ਉੱਪਰ ਆਪਣਾ ਸਮਾਂ ਕਿਉਂ ਖਰਚ ਕਰਾਂ?

ਸੈਂਡੀ: ਪਰ ਤੇਰੀ ਅਖੌਤੀ 'ਕੈਰਨ' ਅਜਨਬੀ ਨਹੀਂ। ਉਸ ਨੂੰ ਤਾਂ ਤੂੰ ਆਮ ਹੀ ਮਿਲਣਾ ਹੈ।

ਮਗਰ ਹੀ ਸ਼ਾਨ ਦਾ ਸੁਨੇਹਾ ਆ ਗਿਆ। ਉਸ ਨੇ ਲਿਖਿਆ: ਫਿਰ ਤੂੰ ਆਪਣਾ ਪਤੀ ਕਿਵੇਂ ਲੱਭੇਂਗੀ? ਤੇ ਨਾਲ ਹੀ ਜੀਭ ਬਾਹਰ ਕੱਢਦੀ ਅਮੋਜੀ।

ਰਮਨ ਨੇ ਫ਼ੋਨ ਜੇਬ ਵਿਚ ਪਾ ਲਿਆ ਅਤੇ ਆਪਣੇ ਦਫ਼ਤਰ ਵੱਲ ਤੁਰ ਪਈ। ਉਸ ਦਾ ਦਫ਼ਤਰ ਉਸ ਦੇ ਘਰ ਤੋਂ ਚਾਰ ਬਲਾਕਾਂ 'ਤੇ ਸੀ। ਉਸ ਦਾ ਘਰ ਹੋਮਰ ਅਤੇ ਨੈਲਸਨ ਸਟਰੀਟ 'ਤੇ ਸੀ ਅਤੇ ਦਫ਼ਤਰ ਹਾਓ ਅਤੇ ਨੈਲਸਨ ਦੇ ਕੋਨੇ 'ਤੇ। ਮੀਂਹ-ਕਣੀ ਦਾ ਦਿਨ ਹੁੰਦਾ ਤਾਂ ਉਹ ਉਬਰ ਜਾਂ ਟੈਕਸੀ ਕਰ ਲੈਂਦੀ, ਨਹੀਂ ਤਾਂ ਤੁਰ ਕੇ ਜਾਂਦੀ। ਧੁੱਪ ਵਾਲਾ ਦਿਨ ਸੀ। ਕੋਰਾ ਪਿਆ ਹੋਇਆ ਸੀ। ਫਰਵਰੀ ਦੀ ਠੰਢੀ ਸਵੇਰ ਨੂੰ ਲੋਕ ਹੱਥਾਂ ਵਿਚ ਕੌਫ਼ੀ ਦੇ ਕੱਪ ਫੜੀ, ਕੁਝ ਫ਼ੋਨ ਦੀ ਸਕਰੀਨ 'ਤੇ ਨਿਗਾਹਾਂ ਗੱਡੀ ਸਾਈਡ ਵਾਕਾਂ 'ਤੇ ਤੁਰ ਰਹੇ ਸਨ। ਇਸ ਭੀੜ ਵਿਚ ਰਮਨ ਆਰਾਮਦਾਇਕ ਮਹਿਸੂਸ ਕਰਦੀ। ਮੂਹਰੋਂ ਪੈ ਰਹੀ ਮੱਠੀ ਮੱਠੀ ਧੁੱਪ ਵਿਚ ਉਹ ਨੈਲਸਨ ਸਟਰੀਟ 'ਤੇ ਢਲਾਣ ਦੇ ਉਪਰ ਵੱਲ ਤੁਰਨ ਲੱਗੀ। ਗਰੈਨਵਿਲ ਸਟਰੀਟ ਦੇ ਕੋਨੇ ਕੋਲ਼ ਪਹੁੰਚਦਿਆਂ ਉਸ ਦੀ ਨਿਗਾਹ ਸਾਈਡ ਵਾਕ 'ਤੇ ਬਾਂਹਾਂ ਦੀ ਕਰਿੰਘੜੀ ਮਾਰੀ ਬੈਠੇ ਆਦਮੀ 'ਤੇ ਪਈ। ਉਹ ਬਿਲਡਿੰਗ ਨਾਲ ਢੋਅ ਲਾ ਕੇ ਬੈਠਾ ਹੋਇਆ ਸੀ। ਰਮਨ ਨੂੰ ਉਸ ਦਾ ਚਿਹਰਾ ਪੀਲ਼ਾ ਲੱਗਾ। ਜਿਓਂ ਹੀ ਉਹ ਰਮਨ ਵੱਲ ਝਾਕਿਆ ਰਮਨ ਨੇ ਆਪਣੀ ਨਿਗ੍ਹਾ ਉਸ ਤੋਂ ਪਾਸੇ ਕਰ ਲਈ। ਇਸ ਝਪਕਾਰੇ ਵਿਚ ਰਮਨ ਨੂੰ ਲੱਗਾ ਜਿਵੇਂ ਉਸ ਆਦਮੀ ਨੇ ਕੁਝ ਕਿਹਾ ਹੋਵੇ। ਪਰ ਕਾਰਾਂ ਦੇ ਰੌਲ਼ੇ ਵਿਚ ਰਮਨ ਨੂੰ ਉਸ ਦੀ ਆਵਾਜ਼ ਨਾ ਸੁਣੀ। ਰਮਨ ਨੇ ਆਪਣੀ ਤੋਰ ਹੋਰ ਵਧਾ ਲਈ। ਗਰੈਨਵਿਲ ਲੰਘ ਕੇ ਰਮਨ ਦੇ ਦਿਮਾਗ਼ 'ਚ ਆਈ ਕਿ ਸ਼ਾਇਦ ਕੋਈ ਸਹਾਇਤਾ ਮੰਗ ਰਿਹਾ ਹੋਵੇ। ਹੋ ਸਕਦਾ ਹੈ ਕਿ ਉਸ ਦੀ ਬਲੱਡ ਸ਼ੂਗਰ ਘਟ ਗਈ ਹੋਵੇ ਤੇ ਉਸ ਨੂੰ ਐਂਬੂਲੈਂਸ ਦੀ ਜ਼ਰੂਰਤ ਹੋਵੇ। ਉਸ ਨੂੰ ਪਛਤਾਵਾ ਹੋਣ ਲੱਗਾ। ਉਸ ਦੇ ਚਿੱਤ 'ਚ ਆਈ ਕਿ ਮੁੜ ਕੇ ਜਾਵੇ ਅਤੇ ਪੁੱਛੇ ਕਿ ਕੋਈ ਸਹਾਇਤਾ ਤਾਂ ਨਹੀਂ ਚਾਹੀਦੀ। ਪਰ ਉਹ ਖ਼ਿਆਲ ਹੀ ਸੀ। ਇਸ ਤਰ੍ਹਾਂ ਉਸ ਨੇ ਕੀਤਾ ਨਹੀਂ। ਉਸ ਦੇ ਦਿਮਾਗ਼ 'ਚ

ਆਇਆ ਇਸ ਤਰ੍ਹਾਂ ਦੇ ਬੇਵਜ੍ਹਾ ਦੇ ਪਛਤਾਵਿਆਂ ਨਾਲੋਂ ਤਾਂ ਚੰਗਾ ਹੈ ਕਿ ਕਾਰ ਵਿਚ ਆਇਆ ਕਰਾਂ। ਨਾ ਕਿਸੇ ਨਾਲ ਇਸ ਤਰ੍ਹਾਂ ਸਾਹਮਣਾ ਹੋਵੇ ਨਾ ਕੋਈ ਪਛਤਾਵਾ। ਪਰ ਡਾਊਨ ਟਾਊਨ ਵਿਚ ਕਾਰ ਪਾਰਕਿੰਗ ਮਹਿੰਗੀ ਹੋਣ ਕਰ ਕੇ ਉਹ ਇਸ ਤਰ੍ਹਾਂ ਨਹੀਂ ਸੀ ਕਰ ਸਕਦੀ।

'ਕਾਸ਼! ਹਰ-ਰੋਜ਼ ਦਫ਼ਤਰ ਨਾ ਆਉਣਾ ਪਿਆ ਕਰੇ। ਇਸ ਗੱਲੋਂ ਕਰੋਨਾ ਵਾਲਾ ਸਮਾਂ ਵਧੀਆ ਸੀ। ਘਰੋਂ ਹੀ ਕੰਮ ਕਰ ਲੈਂਦੀ ਸੀ।' ਉਸ ਨੇ ਸੋਚਿਆ। ਫਿਰ ਰਮਨ ਨੇ ਪਛਤਾਵੇ ਤੋਂ ਛੁਟਕਾਰਾ ਪਾਉਣ ਲਈ ਆਪਣੇ ਆਪ ਨੂੰ ਦਲੀਲ ਦਿੱਤੀ, 'ਐਵੇਂ ਕੋਈ ਡਰੱਗੀ ਹੋਵੇਗਾ, ਕੋਲ਼ੋਂ ਲੰਘਦਿਆਂ ਮੁਸ਼ਕ ਤਾਂ ਮਾਰਦਾ ਸੀ।' 'ਮੁਸ਼ਕ' ਤੋਂ ਉਸ ਦੇ ਦਿਮਾਗ਼ ਵਿਚ ਫਿਰ ਉਸ ਦੇ ਯੂਨਿਟ ਵਿਚੋਂ ਆਉਂਦੀ ਬਦਬੂ ਦਾ ਖ਼ਿਆਲ ਆ ਗਿਆ। ਦਫ਼ਤਰ ਪਹੁੰਚਦਿਆਂ ਸਾਰ ਹੀ ਉਸ ਨੇ ਆਪਣੇ ਵ੍ਹਟਸਐਪ ਗਰੁੱਪ ਵਿਚ ਆਪਣਾ ਫ਼ਿਕਰ ਸਾਂਝਾ ਕਰ ਦਿੱਤਾ।

ਰਮਨ ਨੂੰ ਲੱਗਦਾ ਸੀ ਕਿ ਸ਼ਾਨ ਕੋਈ ਹੱਲ ਦੱਸੇਗਾ। ਪਰ ਕਿਸੇ ਦਾ ਕੋਈ ਸੁਨੇਹਾ ਨਾ ਆਇਆ। ਰਮਨ ਨੇ ਸੋਚਿਆ ਕਿ ਸਾਰੇ ਆਪਣੇ ਕੰਮਾਂ ਵਿਚ ਲੱਗੇ ਹੋਣਗੇ। ਉਸ ਨੇ ਫ਼ੋਨ ਪਾਸੇ ਰੱਖ ਦਿੱਤਾ ਅਤੇ ਆਪਣੇ ਕੰਮ 'ਚ ਰੁੱਝ ਗਈ।

ਗਿਆਰਾਂ ਕੁ ਵਜੇ ਕੌਫ਼ੀ ਲੈਣ ਲੰਚ ਰੂਮ ਵਿਚ ਗਈ ਨੇ ਆਪਣਾ ਫ਼ੋਨ ਦੇਖਿਆ ਤਾਂ ਗਰੁੱਪ ਵਿਚ ਕਈ ਸੁਨੇਹੇ ਸਨ। ਪਰ ਰਮਨ ਨੇ ਉਨ੍ਹਾਂ ਨੂੰ ਨਾ ਖੋਲ੍ਹਿਆ ਤੇ ਸ਼ਾਨ ਦਾ ਪ੍ਰਾਈਵੇਟ ਆਇਆ ਸੁਨੇਹਾ ਪੜ੍ਹਨ ਲੱਗੀ। ਸ਼ਾਨ ਨੇ ਫ਼ਿਕਰ ਜ਼ਾਹਰ ਕੀਤਾ ਸੀ ਕਿ ਗੈਸ ਲੀਕ ਕਰਦੀ ਹੋ ਸਕਦੀ ਹੈ ਜਾਂ ਪਲੰਬਿੰਗ ਦਾ ਕੋਈ ਨੁਕਸ ਹੋ ਸਕਦਾ ਹੈ। ਅੱਗੇ ਉਸ ਨੇ ਤਾਕੀਦ ਕੀਤੀ ਸੀ ਕਿ ਬਿਲਡਿੰਗ ਦੇ ਕੇਅਰ ਟੇਕਰ ਨੂੰ ਦੱਸਣਾ ਜ਼ਰੂਰੀ ਹੈ। ਰਮਨ ਨੂੰ ਪਤਾ ਸੀ ਕਿ ਉਸ ਦੇ ਘਰ ਦੀ ਹੀਟ, ਪਾਣੀ ਗਰਮ ਕਰਨ ਵਾਲੇ ਟੈਂਕ ਜਾਂ ਫਾਇਰ ਪਲੇਸ, ਵਿਚੋਂ ਕੋਈ ਵੀ ਗੈਸ 'ਤੇ ਨਹੀਂ ਸੀ, ਸਾਰੇ ਬਿਜਲੀ 'ਤੇ ਸਨ। ਪਰ ਉਸ ਨੇ ਫਿਰ ਵੀ ਪਲੰਬਿੰਗ ਦੇ ਕਿਸੇ ਨੁਕਸ ਦੇ ਡਰੋਂ ਕੇਅਰ ਟੇਕਰ ਨੂੰ ਫ਼ੋਨ ਕਰ ਲਿਆ। ਉਸ ਨਾਲ ਇਕ ਵਜੇ ਮਿਲਣ ਦਾ ਸਮਾਂ ਸੈੱਟ ਕਰ ਲਿਆ। ਫਿਰ ਉਹ ਗਰੁੱਪ ਵਿਚਲੇ ਸੁਨੇਹੇ ਦੇਖਣ ਲੱਗੀ। ਹੈਰੀ ਨੇ ਪੰਜਾਬੀ 'ਚ ਬੋਲ ਕੇ ਸੁਨੇਹਾ ਭੇਜਿਆ ਸੀ, "ਤਾਂ ਹੀ ਕਹਿਨੀ ਆਂ ਕਿ ਆਂਢੀਆਂ-ਗੁਆਂਢੀਆਂ ਨਾਲ ਬਣਾ ਕੇ ਰੱਖੀਦੀ ਐ। ਲੋੜ ਵੇਲੇ ਥੋਡੇ ਫੋਨਾਂ 'ਚੋਂ ਨਿਕਲ ਕੇ ਕਿਸੇ ਨੇ ਨਹੀਂ ਥੋਡੀ ਹੈਲਪ ਕਰਨੀ। ਸਾਰਾ ਦਿਨ ਏਹਦੇ 'ਚ ਮੂੰਹ ਥੁੰਨੀ ਰੱਖਦੇ ਆਂ।"

ਗੈਰੀ: ਕੀ ਤੂੰ ਮੇਰੀ ਮਾਂ ਦੀ ਰੀਸ ਲਾਹ ਰਿਹੈਂ? ਨਾਲ ਹੀ ਹਾਸੇ ਵਾਲੀ ਅਮੋਜੀ।

ਜੈਸ: ਨਾ, ਮੇਰੀ ਮੰਮ ਦੀ।

ਰਮਨ ਦੇ ਦਿਮਾਗ਼ ਵਿਚ ਆਪਣੀ ਮੰਮੀ ਦਾ ਉਸ ਕੋਲ ਰਹਿਣ ਵਾਲਾ ਦਿਨ ਆ ਗਿਆ। ਉਹ ਇਕ ਵਾਰ ਹੀ ਤਾਂ ਰਮਨ ਕੋਲ਼ ਰਾਤ ਰਹੀ ਸੀ, ਜਦੋਂ ਰਮਨ ਨੂੰ ਆਪਣੇ ਕਾਂਡੋ ਵਿਚ ਰਹਿੰਦਿਆਂ ਹਾਲੇ ਦੋ ਕੁ ਮਹੀਨੇ ਹੀ ਹੋਏ ਸਨ।

ਰਮਨ ਕੰਮ ਤੋਂ ਮੁੜੀ ਤਾਂ ਉਸ ਦੀ ਮੰਮੀ ਬੋਲੀ ਸੀ, "ਮੈਂ ਤਾਂ ਸਾਰੀ ਬਿਲਡਿੰਗ ਗਾਹ ਮਾਰੀ। ਆਪਣਾ ਤਾਂ ਕੋਈ ਰਹਿੰਦਾ ਨਹੀਂ ਐਥੇ।"

"ਯੂ ਆਰ ਕਰੇਜ਼ੀ, ਮੰਮ- ਤੂੰ ਸ਼ੁਦਾਈ ਐਂ, ਮੰਮ! ਤੂੰ ਸਾਰਾ ਦਿਨ ਇਹੀ ਲੱਭਣ ਦੀ ਕੋਸ਼ਸ਼ ਕਰਦੀ ਰਹੀਂ ਹੈਂ ਕਿ ਆਪਣਾ ਕੋਈ ਇੱਥੇ ਰਹਿੰਦਾ ਹੈ ਕਿ ਨਹੀਂ? ਇਸ ਨਾਲ ਕੀ ਫ਼ਰਕ ਪਵੇਗਾ?"

"ਲੈ ਪੈਂਦਾ ਕਿਉਂ ਨੀ ਫ਼ਰਕ? ਦੁੱਖ-ਸੁੱਖ ਵੇਲ਼ੇ ਕੋਈ ਜਾਣ-ਪਛਾਣ ਵਾਲਾ ਨੇੜੇ ਹੋਵੇ ਤਾਂ ਚੰਗਾ ਹੁੰਦੈ। ਤੇਰੇ ਫ਼ੋਨ 'ਚੋਂ ਨਿਕਲ ਕੇ ਤਾਂ ਕਿਸੇ ਨੇ ਤੇਰੀ ਹੈਲਪ ਨੀ ਕਰਨੀ।"

"ਮੈਨੂੰ ਕਿਸੇ ਦੀ ਹੈਲਪ ਨਹੀਂ ਚਾਹੀਦੀ। ਮੈਂ ਇੰਡੀਪੈਂਡੈਂਟ ਵੁਮੈਨ ਆਂ। ਮੈਂ ਛੋਟੀ ਬੱਚੀ

ਨਹੀਂ।"

"ਲੈ ਤੂੰ ਤਾਂ ਜਿਵੇਂ ਬੇਬੇ ਬਣ ਗਈ ਹੋਵੇਂ। ਮੈਂ ਤਾਂ ਤੇਰੇ ਗਵਾਂਢੀਆਂ ਨੂੰ ਮਿਲ ਆਈ ਆਂ। ਏਧਰਲੇ ਪਾਸੇ 302 ਨੰਬਰ ਆਲ਼ਾ ਬਥੇਰਾ ਚੰਗਾ ਲੱਗਦੈ। ਮੇਰੇ ਨਾਲ ਗੱਲਾਂ ਮਾਰਦਾ ਰਿਹਾ ਕਾਫ਼ੀ ਚਿਰ। ਰੌਡ ਹੈ ਉਹਦਾ ਨਾਂ। ਕਹਿੰਦਾ ਫ਼ਿਕਰ ਨਾ ਕਰੀਂ ਮੈਂ ਤੇਰੀ ਕੁੜੀ ਦਾ ਖ਼ਿਆਲ ਰੱਖਾਂਗਾ---

"ਓਹ ਮੰਮ---," ਰਮਨ ਨੇ ਮੱਥੇ 'ਤੇ ਹੱਥ ਮਾਰਿਆ। ਉਸ ਵੱਲ ਧਿਆਨ ਦਿੱਤੇ ਬਿਨਾਂ ਉਸ ਦੀ ਮੰਮ ਬੋਲੀ, "ਦੂਏ ਪਾਸੇ 306 ਆਲ਼ਾ ਨੀਂ ਚੱਜ ਨਾਲ ਬੋਲਿਆ। ਨਾ ਹੀ ਉਹਦਾ ਨਾਂ ਪਤਾ ਲੱਗਾ। ਕੀ ਨਾਂ ਹੈ, ਏਧਰਲੇ ਦੇ ਦਾ?"

"ਮੈਨੂੰ ਨਹੀਂ ਪਤਾ ਕੀ ਨਾਂ ਹੈ ਉਹਦਾ। ਤੂੰ ਉਹਨਾਂ ਦੇ ਯੂਨਿਟਾਂ 'ਚ ਜਾ ਕੇ ਆਈ ਐਂ?" ਰਮਨ ਬੋਲੀ। ਫਿਰ ਆਪਣੀ ਮੰਮੀ ਦੇ ਜਵਾਬ ਦੇਣ ਤੋਂ ਪਹਿਲਾਂ ਹੀ ਉਸ ਨੇ ਕਿਹਾ, "ਇਹ ਕਿਟੀਮੈਟ ਵਰਗਾ ਛੋਟਾ ਟਾਊਨ ਨਹੀਂ। ਨਾ ਹੀ ਸਰੀ ਐ ਜਿੱਥੇ ਸਾਰੇ ਬਰਾਊਨ ਲੋਕ ਰਹਿੰਦੇ ਆ। ਇਹ ਵੈਨਕੂਵਰ ਦਾ ਡਾਊਨ ਟਾਊਨ ਹੈ, ਜਿੱਥੇ ਸਾਰੇ ਆਪਣੇ ਕੰਮ ਨਾਲ ਮਤਲਬ ਰੱਖਦੇ ਆ।"

"ਐਵੇਂ ਨਾ ਪਹਿਲਾਂ ਹੀ ਬੇਬੇ ਬਣ ਜਾਇਆ ਕਰ। ਅਗਲੇ ਦੀ ਪੂਰੀ ਗੱਲ ਸੁਣਿਆ ਕਰ ਪਹਿਲਾਂ। ਬਾਹਰ ਕਿਸੇ ਦੇ ਤੁਰੇ ਫਿਰਦੇ ਹੋਣ ਦਾ ਖੜਕਾ ਸੁਣਿਆ ਤਾਂ ਮੈਂ ਬਾਹਰ ਜਾ ਖੜ੍ਹੀ। ਤੇਰਾ ਗੁਆਂਢੀ, ਰੌਡ ਟਹਿਲਦਾ ਫਿਰਦਾ ਸੀ। ਮੈਂ ਉਸ ਨਾਲ ਗੱਲਾਂ ਕਰਨ ਲੱਗ ਪਈ। ਓਦੋਂ ਹੀ ਏਧਰਲਾ 306 ਆਲ਼ਾ, ਜੀਹਦੇ ਲੰਬੇ ਲੰਬੇ ਘੁੰਗਰਾਲੇ ਵਾਲ਼ ਐ ਕੁੜੀਆਂ ਵਰਗੇ, ਉਹ ਆਵਦੇ ਘਰ 'ਚੋਂ ਬਾਹਰ ਨਿਕਲ ਆਇਆ। ਮੈਂ ਹਾਏ ਕਿਹਾ ਤਾਂ ਬੁੱਲ੍ਹਾਂ ਜਿਹਿਆਂ 'ਚ ਹੀ ਜਵਾਬ ਦੇ ਕੇ ਕੋਲ਼ ਦੀ ਲੰਘ ਗਿਆ। ਮੈਨੂੰ ਤਾਂ ਸੱਚੀਂ ਫ਼ਿਕਰ ਲੱਗ ਗਿਆ। ਸੁੱਖਾ-ਸਾਖਾ ਪੀਂਦਾ ਲੱਗਦੈ। ਮੁਸ਼ਕ ਮਾਰਦਾ ਸੀ ਕੋਲ਼ੋਂ। ਡਰੱਗੀ ਜਿਹਾ ਲਗਦਾ ਸੀ।"

"ਮੰਮ, ਕਿਸੇ ਨੂੰ ਐਦਾਂ ਜੱਜ ਨਹੀਂ ਕਰੀਦਾ। ਤੈਨੂੰ ਕਾਹਦਾ ਫ਼ਿਕਰ ਲੱਗ ਗਿਆ। ਮੈਨੂੰ ਤਾਂ ਕਦੇ ਉਸ ਨੇ ਪਰੇਸ਼ਾਨ ਨਹੀਂ ਕੀਤਾ। ਉਸ ਨੂੰ ਮੈਂ ਕਦੇ ਗਿਟਾਰ ਤੋਂ ਬਿਨਾਂ ਨਹੀਂ ਦੇਖਿਆ। ਕੋਈ ਮਿਊਜ਼ੀਸ਼ਨ ਹੋਵੇਗਾ ਪਰ ਕਦੇ ਕੁਵੇਲ਼ੇ ਉੱਚੀ ਮਿਊਜ਼ਿਕ ਦੀ ਆਵਾਜ਼ ਨਹੀਂ ਆਈ ਉਸ ਦੀ ਯੂਨਿਟ 'ਚੋਂ।"

"ਧਿਆਨ ਰੱਖੀਂ ਆਵਦਾ," ਮੰਮੀ ਨੇ ਕਿਹਾ।

ਉਸ ਦਿਨ ਬਾਰੇ ਯਾਦ ਕਰ ਕੇ ਰਮਨ ਦੇ ਦਿਮਾਗ਼ 'ਚ ਆਇਆ ਕਿ ਗਰੁੱਪ ਵਿਚ ਲਿਖ ਦੇਵੇ ਕਿ ਹੈਰੀ ਨੇ ਉਸ ਦੀ ਮੰਮੀ ਦੀ ਰੀਸ ਲਾਈ ਸੀ। ਪਰ ਉਸ ਨੇ ਲਿਖਿਆ ਨਹੀਂ ਤੇ ਧਿਆਨ ਕੰਮ ਵੱਲ ਕਰ ਲਿਆ। ਉਸ ਨੇ ਸੋਚਿਆ ਕਿ ਜੇ ਇਨ੍ਹਾਂ ਸੁਨੇਹਿਆਂ ਦੇ ਚੱਕਰ 'ਚ ਪੈ ਗਈ ਤਾਂ ਕੰਮ ਨਹੀਂ ਨਿੱਬੜਨਾ, ਉਸ ਨੇ ਇਕ ਵਜੇ ਘਰ ਵੀ ਜਾਣਾ ਸੀ।

ਇਕ ਵਜੇ ਰਮਨ ਘਰ ਪਹੁੰਚ ਗਈ। ਕੇਅਰ ਟੇਕਰ, ਜੇਮੀ ਨੇ ਅੰਦਰ ਵੜਦੇ ਹੀ ਕਿਹਾ, "ਲੱਗਦੈ ਜਿਵੇਂ ਕੋਈ ਮਰਿਆ ਚੂਹਾ ਪਿਆ ਹੋਵੇ ਇੱਥੇ।" ਰਮਨ ਬੈਲਾ ਨੂੰ ਗੋਦੀ 'ਚ ਲੈ ਕੇ ਪਾਸੇ ਹੋ ਕੇ ਬੈਠ ਗਈ। ਵਿਚ-ਵਿਚ ਚੋਰੀ ਅੱਖ ਨਾਲ ਜੇਮੀ ਵੱਲ ਦੇਖ ਲੈਂਦੀ। ਉਹ ਸਾਰੇ ਯੂਨਿਟ ਵਿਚ ਸੁੰਘਦੇ ਹੋਏ ਤੁਰ ਫਿਰ ਕੇ ਦੇਖ ਰਿਹਾ ਸੀ। ਉਸ ਵੱਲ ਦੇਖ ਕੇ ਰਮਨ ਨੂੰ ਹਾਸਾ ਆਇਆ ਪਰ ਉਸ ਨੇ ਰੋਕ ਲਿਆ ਅਤੇ ਗਰੁੱਪ ਵਿਚ ਪਾ ਦਿੱਤਾ: ਕੇਅਰ ਟੇਕਰ ਇਜ਼ ਸਨਿਫਿੰਗ ਅਰਾਊਂਡ- ਕੇਅਰ ਟੇਕਰ ਸੁੰਘਦਾ ਫਿਰ ਰਿਹਾ ਹੈ। ਉਹ ਨਾਸਾਂ ਨੂੰ ਇਉਂ ਸੁੜ੍ਹਕਾ ਰਿਹਾ ਹੈ ਜਿਵੇਂ ਉਨ੍ਹਾਂ ਵਿਚ ਸਮੈੱਲ ਡੀਟੈਕਟਰ ਲੱਗਾ ਹੋਵੇ।

ਜੇਮੀ ਨੇ ਫ਼ਰਿਜ ਅਤੇ ਸਟੋਵ ਨੂੰ ਬਾਹਰ ਖਿੱਚ ਕੇ ਉਨ੍ਹਾਂ ਦੇ ਪਿੱਛੇ ਦੇਖਿਆ ਤੇ ਬੋਲਿਆ, "ਕਈ ਵਾਰੀ ਕੋਈ ਖਾਣਾ ਇਨ੍ਹਾਂ ਦੇ ਪਿੱਛੇ ਡਿੱਗ ਪੈਂਦਾ ਹੈ। ਉਸ ਵਿਚੋਂ ਮੁਸ਼ਕ ਮਾਰਨ ਲੱਗਦਾ ਹੈ।" ਪਰ ਉੱਥੇ ਕੁਝ ਨਹੀਂ ਸੀ। ਉਸ ਨੇ ਰਮਨ ਦੇ ਬੈੱਡ-ਰੂਮ ਵੱਲ ਇਸ਼ਾਰਾ ਕਰ ਕੇ ਪੁੱਛਿਆ,

"ਕੀ ਮੈਂ ਏਧਰ ਦੇਖ ਸਕਦਾ ਹਾਂ?" ਰਮਨ ਨੇ ਦਰਵਾਜ਼ਾ ਖੋਲ੍ਹ ਦਿੱਤਾ। ਜੇਮੀ ਨੇ ਕੰਧ ਕੋਲ਼ ਜਾ ਕੇ ਸੁੰਘਿਆ ਤੇ ਬੋਲਿਆ, "ਇਸ ਕੰਧ ਵਿਚੋਂ ਆਉਂਦੀ ਲੱਗਦੀ ਹੈ ਬਦਬੂ।" ਕੁਝ ਦੇਰ ਉਹ ਖੜ੍ਹਾ ਸੋਚਦਾ ਰਿਹਾ ਫਿਰ ਬੋਲਿਆ, "ਮੈਂ ਗੁਆਂਢ ਵਿਚ ਜਾ ਕੇ ਦੇਖਾਂਗਾ ਕਿ ਉਸ ਪਾਸੇ ਇਸ ਕੰਧ ਨਾਲ ਕੀ ਹੈ, ਫਿਰ ਸ਼ਾਇਦ ਕੁਝ ਪਤਾ ਲੱਗ ਜਾਵੇ। ਨਹੀਂ ਤਾਂ ਕੰਧ ਨਾਲੋਂ ਜ਼ਿਪਰਕ ਲਾਹ ਕੇ ਦੇਖਣਾ ਪਵੇਗਾ ਕਿ ਵਿਚ ਕੀ ਹੈ। ਉਮੀਦ ਰੱਖੀਏ ਕਿ ਕੋਈ ਵੱਡੀ ਤੋੜ-ਭੰਨ ਨਾ ਕਰਨੀ ਪਵੇ।" ਇਹ ਆਖ ਕੇ ਉਹ ਚਲਿਆ ਗਿਆ।

ਸ਼ਾਮ ਨੂੰ ਜਦੋਂ ਰਮਨ ਕੰਮ ਤੋਂ ਮੁੜੀ ਤਾਂ ਐਲੀਵੇਟਰ ਵਿਚੋਂ ਬਾਹਰ ਨਿਕਲਦੇ ਹੀ ਉਸ ਦੀ ਨਜ਼ਰ ਪੀਲ਼ੀ ਟੇਪ 'ਤੇ ਪਈ। ਪੁਲੀਸ ਨੇ ਆਖ਼ਰੀ ਯੂਨਿਟ, ਜਿਸ ਦੀ ਕੰਧ ਰਮਨ ਦੇ ਯੂਨਿਟ ਦੀ ਕੰਧ ਨਾਲ ਸਾਂਝੀ ਸੀ, ਨੂੰ ਸੀਲ ਕੀਤਾ ਹੋਇਆ ਸੀ। ਐਲੀਵੇਟਰ ਤੋਂ ਪੈਰ ਘੜੀਸਦੀ ਮਸਾਂ ਰਮਨ ਆਪਣੇ ਯੂਨਿਟ ਵਿਚ ਪਹੁੰਚੀ। ਉਸ ਦੀਆਂ ਅੱਖਾਂ ਅੱਗੇ ਨਾਲ ਵਾਲੀ ਯੂਨਿਟ ਵਾਲੇ ਬਜ਼ੁਰਗ ਦਾ ਚਿਹਰਾ ਘੁੰਮਣ ਲੱਗਾ, ਜਿਸ ਦੇ ਨਕਸ਼ਾਂ ਤੋਂ ਵੀ ਉਹ ਪੂਰੀ ਤਰ੍ਹਾਂ ਵਾਕਫ਼ ਨਹੀਂ ਸੀ। ਜਿਸ ਦਾ ਨਾਂ ਵੀ ਰਮਨ ਨੂੰ ਉਸ ਦੀ ਮੰਮੀ ਰਾਹੀਂ ਹੀ ਪਤਾ ਲੱਗਾ ਸੀ। ਰਮਨ ਅੰਦਰ ਉਸ ਦੀ ਪਛਾਣ ਠੱਕ-ਠੱਕ ਕਰਨ ਵਾਲੇ ਬਾਬੇ ਵਜੋਂ ਬਣੀ ਹੋਈ ਸੀ। ਸ਼ਾਮ ਨੂੰ ਉਹ ਆਪਣੇ ਵਾਕਰ ਨਾਲ ਹਾਲਵੇਅ ਵਿਚ ਟਹਿਲਦਾ ਸੀ। ਉਸ ਦੇ ਤੁਰਨ ਨਾਲ ਵਾਕਰ ਠੱਕ-ਠੱਕ ਦੀ ਆਵਾਜ਼ ਕਰਦਾ ਸੀ। ਰਮਨ ਨੂੰ ਉਹ ਕਈ ਵਾਰ ਇਸ ਤਰ੍ਹਾਂ ਟਹਿਲਦਾ ਦਿਸਦਾ ਸੀ ਪਰ ਰਮਨ ਨੇ ਕਦੇ ਪੈਰ ਮਲ਼ ਕੇ ਉਸ ਦਾ ਹਾਲ ਚਾਲ ਨਹੀਂ ਸੀ ਪੁੱਛਿਆ। ਰਸਮੀ ਮੁਸਕਰਾ ਕੇ ਉਹ ਲੰਘ ਜਾਂਦੀ ਸੀ। ਉਹ ਕਈ ਵਾਰ ਤੁਰੀ ਜਾਂਦੀ ਨੂੰ ਪਿੱਛੋਂ ਆਵਾਜ਼ ਦੇ ਕੇ ਉਸ ਦੀ ਮੰਮੀ ਦਾ ਹਾਲ-ਚਾਲ ਪੁੱਛਦਾ ਸੀ। 'ਕੀ ਹੋਇਆ ਹੋਵੇਗਾ ਉਸ ਨੂੰ?' ਰਮਨ ਸੋਚਣ ਲੱਗੀ। ਅਚਾਨਕ ਉਸ ਨੂੰ ਠੱਕ-ਠੱਕ ਦੀ ਆਵਾਜ਼ ਸੁਣੀ। ਇਕ ਪਲ ਉਸ ਨੂੰ ਲੱਗਾ ਕਿ ਠੱਕ-ਠੱਕ ਵਾਲਾ ਬਾਬਾ ਹਾਲਵੇਅ ਵਿਚੋਂ ਲੰਘ ਰਿਹਾ ਹੈ। ਜਦੋਂ ਦੁਬਾਰਾ ਠੱਕ-ਠੱਕ ਹੋਈ ਤਾਂ ਉਸ ਨੂੰ ਪਤਾ ਲੱਗਾ ਕਿ ਇਹ ਤਾਂ ਕੋਈ ਦਰਵਾਜ਼ੇ 'ਤੇ ਦਸਤਕ ਦੇ ਰਿਹਾ ਸੀ। ਰਮਨ ਨੇ ਬੂਹਾ ਖੋਲ੍ਹਿਆ ਤਾਂ ਮੂਹਰੇ ਪੁਲਿਸ ਅਫ਼ਸਰ ਖੜ੍ਹਾ ਸੀ। ਉਸ ਨੇ ਆਪਣੀ ਜਾਣ-ਪਛਾਣ ਕਰਵਾ ਕੇ ਦੱਸਿਆ ਕਿ 302 ਨੰਬਰ ਵਾਲਾ ਮਰ ਗਿਆ ਸੀ ਤੇ ਉਨ੍ਹਾਂ ਦਾ ਅਨੁਮਾਨ ਸੀ ਕਿ ਉਸ ਨੂੰ ਮਰੇ ਹੋਏ ਹਫ਼ਤਾ ਹੋ ਗਿਆ ਸੀ। ਉਹ ਇਸ ਸੰਬੰਧੀ ਪੁੱਛ-ਗਿੱਛ ਕਰਨ ਆਇਆ ਸੀ। ਇਹ ਦੱਸ ਕੇ ਪੁਲਿਸ ਅਫ਼ਸਰ ਨੇ ਰਮਨ ਨੂੰ ਪੁੱਛਿਆ, "ਤੂੰ ਉਸ ਨੂੰ ਪਿਛਲੀ ਵਾਰ ਕਦੋਂ ਦੇਖਿਆ ਸੀ?" ਰਮਨ ਨੂੰ ਕੁਝ ਯਾਦ ਨਹੀਂ ਸੀ। ਉਸ ਨੇ ਸ਼ਰਮਿੰਦੀ ਆਵਾਜ਼ ਵਿਚ ਜਵਾਬ ਦਿੱਤਾ, "ਮੈਨੂੰ ਪੂਰਾ ਯਕੀਨ ਨਹੀਂ। ਹੋ ਸਕਦਾ ਹੈ ਕਿ ਹਫ਼ਤੇ ਤੋਂ ਉੱਪਰ ਹੋ ਗਿਆ ਹੋਵੇ।" ਪੁਲਿਸ ਅਫ਼ਸਰ ਨੇ ਫਿਰ ਪੁੱਛਿਆ, "ਤੂੰ ਕਿਸੇ ਨੂੰ ਉਸ ਦੇ ਯੂਨਿਟ ਵਿਚ ਵੜਦਿਆਂ ਨਿਕਲਦਿਆਂ ਦੇਖਿਆ ਸੀ?"

"ਨਾ।"

"ਪਿਛਲੇ ਦਿਨੀਂ ਕੋਈ ਖੜਕਾ ਵਗ਼ੈਰਾ ਸੁਣਿਆ ਹੋਵੇ?"

ਰਮਨ ਨੂੰ ਯਾਦ ਆਇਆ ਕਿ ਉਸ ਨੇ ਕੁਝ ਦਿਨ ਪਹਿਲਾਂ ਕੋਈ ਖੜਕਾ ਤਾਂ ਸੁਣਿਆ ਸੀ, ਜਿਵੇਂ ਕੋਈ ਡਿੱਗਿਆ ਹੋਵੇ, ਪਰ ਉਸ ਨੇ ਕੋਈ ਧਿਆਨ ਨਹੀਂ ਸੀ ਦਿੱਤਾ। ਉਸ ਨੇ ਪੁਲਿਸ ਅਫ਼ਸਰ ਨੂੰ ਇਹ ਨਹੀਂ ਦੱਸਿਆ। "ਨਾ," ਆਖਦੀ ਉਹ ਸ਼ਰਮ ਨਾਲ ਪਾਣੀ-ਪਾਣੀ ਹੋ ਗਈ।000

***(14913 - 83A Ave, Surrey, B.C. CANADA V3S 7S2***
***Email: hsekha@hotmail.com***
***Phone: +1-778-231-1189)***

# ਕਾਲਾ ਨਾਗ: ਕਹਾਣੀ: ਗੁਰਮੀਤ ਕੜਿਆਲਵੀ

"ਪੰਜਾਬ 'ਚ ਕਿਹੜਾ ਪਿੰਡ ਹੈ ਤੇਰਾ?"

"ਜੀ ਸਰ, ਮੋਗੇ ਕੋਲ਼ ਪੱਕਾ ਪਿੰਡ।"

"ਤਖਾਣਵੱਧ ਦੇ ਨਾਲ?"

"ਯੈਸ !"

"ਕੀਹਦੀ ਕੁੜੀ ਏਂ ।"

ਇੰਮਪਲਾਇਰ ਵੱਲੋਂ ਇਉਂ ਦੁਹਰਾ ਕੇ ਆਪਣੇ ਪਿੰਡ ਦਾ ਨਾਂ ਪੁੱਛਣ ਅਤੇ ਫਿਰ ਪਿੰਡ ਤੋਂ ਵੀ ਅੱਗੇ ਪਰਿਵਾਰ ਬਾਰੇ ਪੁੱਛ ਲੈਣ ਤੇ ਰਵਨੀਤ ਦੇ ਚਿਹਰੇ 'ਤੇ ਰੌਣਕ ਆ ਗਈ। ਉਸਨੂੰ ਆਲ਼ੇ ਦੁਆਲ਼ੇ 'ਚੋਂ ਜੌਬ ਮਿਲਣ ਦੀ ਮਹਿਕ ਆਉਂਦੀ ਮਹਿਸੂਸ ਹੋਈ। ਪਿਛਲੇ ਤਿੰਨ ਮਹੀਨਿਆਂ ਤੋਂ ਕੰਮ ਦੀ ਤਲਾਸ਼ 'ਚ ਉਹ ਕਿੰਨੀਆਂ ਸਾਈਟਾਂ ਸਰਚ ਕਰ ਚੁੱਕੀ ਸੀ ਤੇ ਕਿੰਨੇ ਹੀ ਥਾਵਾਂ 'ਤੇ ਰੈਜ਼ਮੇ ਭੇਜ ਚੁੱਕੀ ਸੀ। ਅਨੇਕਾਂ ਥਾਵਾਂ 'ਤੇ ਇੰਟਰਵਿਊਆਂ ਵੀ ਦੇ ਆਈ ਹੋਣ ਕਾਰਨ ਉਸਦੇ ਚਿਹਰੇ 'ਤੇ ਉਦਾਸੀ ਦੇ ਭਾਵ ਪੱਕੇ ਤੌਰ 'ਤੇ ਡੇਰਾ ਜਮਾ ਕੇ ਬੈਠ ਗਏ ਸਨ। ਉਸਦੇ ਚਿਹਰੇ 'ਤੇ ਸਵਾਲੀਆ ਜਿਹਾ ਨਿਸ਼ਾਨ ਬਣਿਆ ਜਿਵੇਂ ਪੁੱਛ ਰਿਹਾ ਹੋਵੇ, "ਸਰ! ਤੁਸੀਂ ਜਾਣਦੇ ਓਂ ਕਿਸੇ ਨੂੰ ਉੱਚੇ ਪਿੰਡ?"

"ਪੱਕੇ ਪਿੰਡ ਦੇ ਤਾਂ ਬੜੇ ਲੋਕਾਂ ਨੂੰ ਜਾਣਦੈਂ। ਬੜੇ ਕੀ ਲਗਪਗ ਸਾਰੇ ਲੋਕਾਂ ਨੂੰ ਹੀ। ਪੁਰਾਣੀ ਪੀੜ੍ਹੀ ਦੇ ਤਾਂ ਸਾਰੇ ਲੋਕਾਂ ਨੂੰ। ਹੁਣ ਵਾਲੀ ਜਨਰੇਸ਼ਨ ਨੂੰ ਨਹੀਂ ਜਾਣਦਾ।"

"ਮੇਰੇ ਡੈਡੀ ਦਾ ਨਾਂ ਸਰਬਜੀਤ ਸਿੰਘ ਹੈ। ਪਿੰਡ 'ਚ ਉਹਨਾਂ ਨੂੰ ਸਰਬਾ ਆਖਦੇ ਨੇ। ਮੇਰੇ ਦਾਦਾ ਜੀ ਦਾ ਨਾਂ ਸਰਦਾਰ ਜ਼ੱਬਰ ਸਿੰਘ ਹੈ। ਦਾਦਾ ਜੀ ਪਿੰਡ ਦੇ ਨੰਬਰਦਾਰ ਹੋਣ ਕਰਕੇ ਲੋਕ ਸਾਡੇ ਘਰ ਨੂੰ ਨੰਬਰਦਾਰਾਂ ਦਾ ਘਰ ਆਖਦੇ ਨੇ।"

ਜ਼ੱਬਰ ਸਿੰਘ ਦਾ ਨਾਂ ਸੁਣਦਿਆਂ ਹੀ ਕੁਲਜੀਤ ਦੇ ਸਾਰੇ ਸਰੀਰ 'ਤੇ ਕੀੜੀਆਂ ਲੜਨ ਲੱਗੀਆਂ। ਪਿੰਡੇ 'ਤੇ ਜਿਵੇਂ ਇਕੋ ਵੇਲ਼ੇ ਬਹੁਤ ਸਾਰੇ ਠੂੰਹੇਂ ਡੰਗ ਮਾਰਨ ਲੱਗੇ। ਦਿਮਾਗ਼ ਦੀਆਂ ਗਰਾਰੀਆਂ ਤੇਜ਼ੀ ਨਾਲ ਘੁੰਮਣ ਲੱਗੀਆਂ।

-ਇਸ ਕੁੜੀ ਨੇ ਜੌਬ ਲਈ ਜਗਾ ਜਗਾ ਅਪਲਾਈ ਕੀਤਾ ਹੋਵੇਗਾ। ਰੈਜ਼ਮੇ ਈਮੇਲ ਕੀਤੇ ਹੋਣਗੇ। ਆਪ ਵੀ ਜਾ ਕੇ ਅਪਲਾਈ ਕੀਤਾ ਹੋਊ। ਜ਼ਾਹਰ ਹੈ ਅਜੇ ਤਕ ਜੌਬ ਨਹੀਂ ਮਿਲੀ। ਜੌਬਾਂ ਹੈ ਕਿੱਥੇ? ਜੌਬਾਂ ਤਾਂ ਕਨੇਡਾ ਦੇ ਪੱਕੇ ਬਸ਼ਿੰਦਿਆਂ ਨੂੰ ਨਹੀਂ ਮਿਲ ਰਹੀਆਂ। ਪੀ ਆਰ ਹੋ ਚੁੱਕੇ ਧੱਕੇ ਖਾਂਦੇ ਫਿਰਦੇ। ਵਰਕ ਪਰਮਿੱਟ ਵਾਲੇ ਅੱਡ ਤਰਲੇ ਮਾਰਦੇ ਫਿਰਦੇ। ਸਟੂਡੈਂਟਸ ਲਈ ਕੰਮ ਕਿੱਥੇ? ਇਹਦਾ ਚਿਹਰਾ ਦੱਸਦਾ ਕਿ ਇਹਨੂੰ ਸਟੂਡੈਂਟਸ ਲਈ ਅਲਾਊਡ ਵੀਹ ਘੰਟਿਆਂ ਦੇ ਵਰਕ ਲਈ ਵੀ ਕਿਧਰੋਂ ਹਾਂ ਨਹੀਂ ਹੋਈ। ਇਹਦੇ ਘਰਦਿਆਂ ਨੇ ਵੀ ਜ਼ਰੂਰ ਆਪਣੀ ਜਾਣ ਪਛਾਣ ਵਾਲਿਆਂ ਨੂੰ ਫੋਨ ਖੜਕਾ ਕੇ ਕੰਮ ਦਵਾਉਣ ਲਈ ਆਖਿਆ ਹੋਊ। ਫੇਰ ਵਰਕ—ਵਰਕ ਕਿਤੇ ਧਰੇ ਪਏ? ਜਿਸ ਹਿਸਾਬ ਨਾਲ ਮੰਦੀ ਦਾ ਦੌਰ ਚੱਲ ਰਿਹਾ, ਇੰਮਪਲਾਇਰ ਤਾਂ ਪਹਿਲਾਂ ਵਾਲੇ ਕਾਮਿਆਂ ਦੀ ਵੀ ਛਾਂਟੀ ਕਰੀ ਜਾਂਦੇ। ਮੈਂ ਕਿਹੜਾ ਨਵੇਂ ਇੰਮਪਲਾਈਜ਼ ਲਈ ਐਡ ਦੇਣੀ ਸੀ ਜੇ ਵਰਕ ਪਰਮਿੱਟ ਵਾਲੇ ਦੋਵੇਂ ਵਰਕਰ ਵਿਨੀਪੈੱਗ ਮੂਵ ਨਾ ਕਰਦੇ।

"ਸਰ, ਜ਼ੱਬਰ ਸਿੰਘ ਮੇਰੇ ਦਾਦਾ ਜੀ ਤਾਂ ਹੁਣ ਬਜ਼ੁਰਗ ਹੋ ਗਏ, ਇਸ ਕਰਕੇ ਨੰਬਰਦਾਰੀ ਮੇਰੇ ਡੈਡ ਹੀ ਕਰਦੇ ਹੁੰਦੇ।" ਕੁੜੀ ਦੇ ਬੋਲਾਂ ਨੇ ਕੁਲਜੀਤ ਦੇ ਦਿਮਾਗ਼ 'ਚ ਚੱਲਦੀ ਵਿਚਾਰਾਂ ਦੀ ਰੇਲ ਨੂੰ ਬਰੇਕਾਂ ਲਾਈਆਂ ਸਨ।

"ਜੱਬਰ ਸਿੰਘ? ਜ਼ੱਬਰ ਸਿੰਘ ਨੰਬਰਦਾਰ?" ਕੁਲਜੀਤ ਦੇ ਭੂਸਲੇ ਰੰਗ 'ਤੇ ਹੋਰ ਵਧੇਰੇ ਕਾਲ਼ੋਂ

ਫਿਰ ਗਈ। ਉਸਦੀਆਂ ਮੁੱਠੀਆਂ ਮੀਚੀਆਂ ਗਈਆਂ। ਸਿਰ ਤੋਂ ਲੈ ਕੇ ਪੈਰਾਂ ਤਕ ਨਫ਼ਰਤ ਦੀ ਲੀਕ ਧੁਰ ਅੰਦਰ ਤਕ ਖਿੱਚੀ ਗਈ। ਉਸਨੇ ਚੋਰ ਅੱਖਾਂ ਨਾਲ ਕੁੜੀ ਨੂੰ ਸਿਰ ਤੋਂ ਲੈ ਕੇ ਪੈਰਾਂ ਤਕ ਵੇਖਿਆ। ਕੁਲਜੀਤ ਨੂੰ ਲੱਗਾ ਜਿਵੇਂ ਕੁੜੀ ਦਾ ਚਿਹਰਾ ਜ਼ੱਬਰ ਦੇ ਚਿਹਰੇ 'ਚ ਵਟ ਗਿਆ ਹੋਵੇ। ਇੰਨ ਬਿੰਨ ਉਹੀ ਮੁਹਾਂਦਰਾ। ਕੁੜੀ ਦੀਆਂ ਜ਼ਬਰੇ ਵਰਗੀਆਂ ਮੋਟੀਆਂ ਮੋਟੀਆਂ ਅੱਖਾਂ ਕੁਲਜੀਤ ਨੂੰ ਘੂਰਦੀਆਂ ਜਾਪੀਆਂ।

"ਸਾਲ਼ਾ ਬਲੱਡੀ!" ਕੁਲਜੀਤ ਨੇ ਮਨ ਹੀ ਮਨ ਜ਼ੱਬਰ ਨੂੰ ਮੋਟੀ ਸਾਰੀ ਗਾਹਲ਼ ਕੱਢੀ।

-ਕਾਲਾ ਸਿਆਂ! ਤੂੰ ਕਿੰਨੇ ਇੰਮਪਲਾਇਰਾਂ ਨੂੰ ਜਾਣਦਾ ਏਂ ਜੋ ਆਪਣੇ ਵਰਕਰਾਂ ਨੂੰ ਐਕਸਪਲਾਇਟ ਕਰਦੇ। ਬਲਕਿ ਐਕਸਪਲਾਇਟ ਕਰਨਾ ਆਪਣਾ ਹੱਕ ਸਮਝਦੇ। ਕੰਮ ਕਰਾ ਕੇ ਪੈਸੇ ਮਾਰ ਲੈਂਦੇ ਜਾਂ ਘੱਟ ਦਿੰਦੇ। ਤੂੰ ਕਦੇ ਕੀਤਾ ਤਾਂ ਨਹੀਂ ਐਹੋ ਜਿਹਾ ਕੰਮ, ਪਰ ਹੁਣ ਤੇਰੇ ਕੋਲ਼ ਮੌਕਾ। ਬਲਕਿ ਇਹ ਮੌਕਾ ਸਾਂਭਣਾ ਚਾਹੀਦਾ। ਕੁੜੀ ਲਾਟ ਵਰਗੀ ਹੈ। ਨਿਰੀ ਪੁਰੀ ਮੋਮ ਦੀ ਮੂਰਤ। ਵੀਕ ਦੇ ਵੀਹ ਘੰਟੇ ਕੰਮ ਕਰਨਾ ਤਾਂ ਏਹਨੂੰ ਲੀਗਲੀ ਅਲਾਊਡ ਹੈ ਈ, ਪੰਦਰਾਂ ਵੀਹ ਘੰਟੇ ਕੈਸ਼ 'ਤੇ ਵੀ ਕੰਮ ਕਰਵਾਇਆ ਜਾ ਸਕਦਾ। ਹੋਰ ਚਹੁੰ ਮਹੀਨਿਆਂ ਨੂੰ ਸੁਪਰਵਾਈਜ਼ਰ ਬਣਾ ਦੇਵਾਂਗੇ, ਫੇਰ ਅਸਿਸਟੈਂਟ ਮੈਨੇਜਰ ਤੇ ਫੇਰ---। ਇਹ ਕਿਰਿਆ ਹੋਇਆ ਬੇਰ ਝੋਲ਼ੀ ਆ ਡਿੱਗੇਗਾ। ਡਿੱਗਣਾ ਹੀ ਪਵੇਗਾ ਬੇਰ ਨੂੰ। ਕੋਈ ਗ਼ਲਤ ਗੱਲ ਨਹੀਂ ਇਸ 'ਚ। ਬਦਲਾ ਤਾਂ ਆਏਂ ਹੀ ਲਿਆ ਜਾ ਸਕੇਗਾ। ਨਾਲੇ ਪਿਉ ਦਾਦੇ ਦੇ ਕੁਕਰਮਾਂ ਦੀ ਸਜ਼ਾ ਔਲਾਦ ਨੇ ਹੀ ਤਾਂ ਭੁਗਤਣੀ ਹੁੰਦੀ।' ਕੁਲਜੀਤ ਦੇ ਅੰਦਰੋਂ ਬਚਪਨ ਵਾਲਾ ਕਾਲ਼ਾ ਬੋਲ ਰਿਹਾ ਸੀ।

-ਏਹਦੇ 'ਚ ਕੁੜੀ ਦਾ ਕੀ ਕਸੂਰ? ਇਹ ਤਾਂ ਇਨੋਸੈਂਟ ਹੈ। ਬਾਪ ਦਾਦੇ ਦੀਆਂ ਬਦਚਲਣੀਆਂ ਲਈ ਇਹਦਾ ਕੀ ਦੋਸ਼?" ਕੁਲਜੀਤ ਦੇ ਅੰਦਰੋਂ ਇਕ ਹੋਰ ਆਵਾਜ਼ ਆਈ ਸੀ।

-ਵੇਖ ਕਾਲ਼ਾ ਸਿਆਂ -ਇਹ ਤਾਂ ਪੱਕੀ ਗੱਲ ਐ ਕਿ ਸਰਬੇ ਨੇ ਜ਼ਮੀਨ ਵੇਚ ਕੇ ਕੁੜੀ ਨੂੰ ਬਾਹਰ ਭੇਜਿਆ ਹੋਊ। ਜ਼ਮੀਨ ਤਾਂ ਜ਼ਬਰੇ ਨੇ ਆਪਣੀਆਂ ਬਦਫੈਲੀਆਂ 'ਚ ਪਹਿਲਾਂ ਹੀ ਬਥੇਰੀ ਉਜਾੜ ਦਿੱਤੀ ਸੀ। ਅੱਗੋਂ ਸਰਬਾ ਉਹਦਾ ਵੀ ਬਾਪ। ਹੁਣ ਕੁੜੀ ਨੂੰ ਬਾਹਰ ਭੇਜਣ ਵੇਲ਼ੇ ਰਹਿੰਦੀ ਖੂੰਹਦੀ 'ਚੋਂ ਵੀ ਵੱਡਾ ਟੱਕ ਬਿਲੇ ਲਾਇਆ ਹੋਊ। ਕੁੜੀ ਨੂੰ ਵਾਰ ਵਾਰ ਪੈਸੇ ਭੇਜਣ ਜੋਗੇ ਪੈਸੇ ਵੀ ਨਹੀਂ ਹੋਣੇ ਵੱਡੇ ਰਾਠਾਂ ਕੋਲ਼। ਕੁੜੀ ਦੀ ਅਗਲੀ ਫੀਸ ਵੀ ਸਿਰ 'ਤੇ ਆਈ ਖੜ੍ਹੀ ਹੋਊ। ਇਹ ਮੌਕਾ---ਗੁਆਉਣਾ ਨ੍ਹੀ ਚਾਹੀਦਾ।" ਕਾਲ਼ਾ ਵਾਰ ਵਾਰ ਕੁਲਜੀਤ 'ਤੇ ਭਾਰੂ ਪੈ ਰਿਹਾ ਸੀ।

-ਕਿਸੇ ਕੁੜੀ ਬਾਰੇ ਪੁੱਠਾ ਸਿੱਧਾ ਸੋਚਣਾ ਦਰੁਸਤ ਐ?" ਕੁਲਜੀਤ ਨੇ ਅੰਦਰਲੇ ਕਾਲ਼ੇ ਨੂੰ ਹਟਕਿਆ।

-ਕੁਲਜੀਤ ਸਿਆਂ, ਕੁੜੀ ਨ੍ਹੀ ਜ਼ਬਰੇ ਦੀ ਪੋਤੀ ਆਖ। ਕਿੰਨੇ ਸਾਲ ਲੰਘ ਗਏ-ਜ਼ਬਰੇ ਦੀਆਂ ਅੱਖਾਂ ਤਾਂ ਜਿਵੇਂ ਅੱਜ ਵੀ ਘੂਰ ਰਹੀਆਂ। ਹੁਣ ਕੁਦਰਤ ਨੇ ਆਪ ਢੋਅ ਢੁਕਾਇਆ। ਕਦੇ ਨਹੀਂ ਸੀ ਸੋਚਿਆ ਕਿ ਜ਼ਬਰੇ ਨੰਬਰਦਾਰ ਦੀ ਬਦਇਖਲਾਕੀ ਦਾ ਬਦਲਾ ਵੀ ਲਿਆ ਜਾ ਸਕੇਗਾ ਤੇ ਉਹ ਵੀ ਪਿੰਡ ਤੇ ਦੇਸ਼ ਤੋਂ ਹਜ਼ਾਰਾਂ ਮੀਲ ਦੂਰ ਕਨੇਡਾ ਦੇ ਸ਼ਹਿਰ ਬਰਨਬੀ 'ਚ।" ਕਾਲ਼ਾ ਲਗਾਤਾਰ ਦਲੀਲਾਂ ਦੇ ਰਿਹਾ ਸੀ।

-ਇਹਦਾ ਮਤਲਬ ਤੂੰ ਅਜੇ ਤਕ ਪਿੰਡੋਂ ਨਿਕਲਿਆ ਨ੍ਹੀ? ਉੱਥੇ ਈ ਤੁਰਿਆ ਫਿਰਦੈਂ ਦਿਨ ਰਾਤ?"

-ਸਰਦਾਰ ਕੁਲਜੀਤ ਸਿੰਘ ਜੀ ! ਇਹ ਤਾਂ ਸ਼ੁਕਰ ਹੈ ਕਬੱਡੀ ਦਾ ਜੀਹਨੇ ਤੈਨੂੰ ਪੱਕੇ ਪਿੰਡ ਦੇ ਕੱਚੇ ਘਰ 'ਚੋਂ ਚੱਕ ਕੇ ਕਨੇਡਾ ਦੇ ਸੁਰਗ 'ਚ ਲਿਆ ਵਾੜਿਆ ਤੇ ਕਾਲ਼ੇ ਨਾਗ ਤੋਂ ਸਰਦਾਰ ਕੁਲਜੀਤ ਸਿੰਘ ਬਣਾ ਦਿੱਤਾ। ਭਲਾ ਹੋਵੇ ਗੱਜਣਵਾਲੀਏ ਪਿੰਦਰੀ ਦਾ ਜਿਹੜਾ ਟੀਮ ਨਾਲ ਕਨੇਡਾ ਲਿਆਇਆ। ਹੁਣ ਤਾਂ ਕਿੰਨੇ ਹੀ ਵਰ੍ਹੇ ਹੋ ਗਏ ਨੇ ਕਨੇਡੀਅਨ ਬਣੇ ਨੂੰ। ਫਾਰਮਾਂ 'ਚ ਬੇਰੀਆਂ ਤੋੜਨ ਤੋਂ ਲੈ ਕੇ ਕੰਸਟਰੱਕਸ਼ਨ ਦੇ ਕੰਮ ਸਮੇਂ ਫੱਟੇ ਢੋਣ ਤਕ, ਕੀ ਕੀ ਕੰਮ ਨਹੀਂ ਕੀਤਾ। ਸੋਹਣਾ ਕਾਰੋਬਾਰ ਚੱਲ

ਪਿਆ। ਰੱਬ ਦੇ ਰੰਗ ਨੇ-ਸਬ ਵੇਅ ਦੀ ਫਰੈਂਚਾਈਜ਼ੀ ਲਈ। ਸਮਝਲਾ ਮਾਲਕ ਬਣਿਆਂ ਬੈਠਾਂ। ਅੱਜ ਦੀ ਡੇਟ 'ਚ ਸਾਰਾ ਕੁੱਝ ਹੈ ਕੋਲ਼ੇ। ਪਿੰਡ ਰਹਿੰਦਾ ਤਾਂ ਸਾਰੀ ਉਮਰ ਕਾਲ਼ਾ ਨਾਗ ਈ ਰਹਿਣਾ ਸੀ। ਪਿੰਡੋਂ ਨਿਕਲ ਤਾਂ ਆਇਆਂ ਪਰ ਪਿੰਡ ਨਹੀਂ ਮੇਰੇ 'ਚੋਂ ਨਿਕਲਦਾ। ਜ਼ਬਰੇ ਦੀਆਂ ਘੂਰਦੀਆਂ ਲਾਲ ਲਾਲ ਅੱਖਾਂ ਜਿਵੇਂ ਪਾਸੇ ਹਟਦੀਆਂ ਈ ਨਹੀਂ।" ਕਾਲ਼ੇ ਤੇ ਕੁਲਜੀਤ ਦਾ ਜਿਵੇਂ ਘੋਲ਼ ਚੱਲ ਰਿਹਾ ਸੀ।

"ਸਰ!" ਕੁੜੀ ਦੀ ਆਵਾਜ਼ ਜਿਵੇਂ ਕਿਸੇ ਖੂਹ 'ਚੋਂ ਆਈ ਹੋਵੇ। ਉਸਦੀ ਆਵਾਜ਼ ਨੇ ਕੁਲਜੀਤ ਦਾ ਆਪਣੇ ਅੰਦਰਲੇ ਕਾਲ਼ੇ ਨਾਲ ਚੱਲਦਾ ਘੋਲ਼ ਰੋਕ ਦਿੱਤਾ ਸੀ। ਉਸਨੇ ਕੋਲ਼ ਪਈ ਬੋਟਲ ਚੋਂ ਪਾਣੀ ਦਾ ਵੱਡਾ ਘੁੱਟ ਭਰਿਆ ਤੇ ਲੰਮਾ ਸਾਹ ਲਿਆ।

"ਪਲੀਜ਼ ਤੁਸੀਂ ਕੁੱਝ ਦੇਰ ਲਈ ਬਾਹਰ ਵੇਟ ਕਰੋ।"

ਰਵਨੀਤ ਦੇ ਬਾਹਰ ਜਾਂਦਿਆਂ ਹੀ ਕੁਲਜੀਤ ਦਾ ਸਿਰ ਆਪ ਮੁਹਾਰੇ ਕੁਰਸੀ ਦੀ ਢੋਅ ਨਾਲ ਚਿਪਕ ਗਿਆ। ਉਸਦੀਆਂ ਅੱਖਾਂ ਅੱਗਿਓਂ ਜ਼ਿੰਦਗੀ ਦੇ ਰੰਗਮੰਚ 'ਤੇ ਬਚਪਨ ਤੋਂ ਲੈ ਕੇ ਹੁਣ ਤਕ ਖੇਡੇ ਗਏ ਨਾਟਕ ਦੇ ਦ੍ਰਿਸ਼ ਲੰਘਣ ਲੱਗੇ ਸਨ।

***

"ਕੰਜਰ ਦਿਆ, ਸਾਡੀਆਂ ਤੀਮੀਆਂ ਨੂੰ ਪੱਟ ਦਿਖਾਉਨੈਂ ਉਏ?" ਜ਼ੱਬਰ ਨੇ ਟੇਢੀ ਅੱਖ ਨਾਲ ਸੀਤੋ ਵੱਲ ਝਾਕਦਿਆਂ ਕਾਲ਼ੇ ਨੂੰ ਆਖਿਆ ਸੀ।

ਜੱਬਰ ਕੇ ਘਰ ਸਫਾਈਆਂ ਅਤੇ ਗੋਹੇ ਕੂੜੇ ਦਾ ਕੰਮ ਕਰਾਉਣ ਜਾਂਦੀ ਸੀਤੋ ਗੋਲ਼ ਮਟੋਲ਼ ਜਿਹੇ ਕਾਲ਼ੇ ਨੂੰ ਵੀ ਨਾਲ ਹੀ ਲੈ ਜਾਂਦੀ। ਡੋਕਲ ਜਿਹੇ ਕੱਛੇ ਵਿਚ ਕਾਲ਼ੇ ਦੇ ਗੇਲੀਆਂ ਵਰਗੇ ਗੋਲ਼ ਗੋਲ਼ ਪੱਟਾਂ ਵੱਲ ਵੇਖ ਵੇਖ ਹੱਸਦੀਆਂ ਤੀਵੀਆਂ ਨੂੰ ਤਾੜ ਕੇ ਜ਼ੱਬਰ ਨੂੰ ਗ਼ੁੱਸਾ ਚੜ੍ਹਦਾ।

-ਕੰਜਰ ਦਾ ਖਾਂਦਾ ਪਤਾ ਨਹੀਂ ਕੀ ਐ, ਦਿਨੋ ਦਿਨ ਗੋਲ਼ ਈ ਹੋਈ ਜਾਂਦਾ। ਏਹਨੂੰ ਪਤੰਦਰ ਨੂੰ ਕੋਈ ਪਜਾਮਾ ਪਜੂਮਾ ਪਵਾ ਦਿਆ ਕਰ-ਵੇਖ ਤਾਂ ਸਈ ਕਿਵੇਂ ਮੁਗਧਰ ਵਰਗੇ ਪੱਟ ਕੱਢੀ ਫਿਰਦੈ। ਇਹ ਕੁੜੀਆਂ ਬੁੜ੍ਹੀਆਂ ਆਲ਼ਾ ਘਰ ਐ।"

"ਲੈ ਹੈਅ—ਅਖੇ ਕੁੜੀਆਂ ਬੁੜ੍ਹੀਆਂ ਆਲ਼ਾ ਘਰ ਐ। ਇਹ ਕੀ ਭਲਾ ਮੂੰਹ 'ਚ ਪਾਉਂਦਾ ਕੁੜੀਆਂ ਬੁੜ੍ਹੀਆਂ ਨੂੰ? ਫੁੱਲ ਭਰ ਤਾਂ ਜਬਾਕ ਐ ਹਾਲੇ। ਛੀਮਾ ਵਰ੍ਹਾ ਨ੍ਹੀ ਲੱਗਿਆ ਹੋਣਾ ਹਜੇ।"

-ਜੀਹਨੂੰ ਤੂੰ ਜਵਾਕ ਦੱਸਦੀ ਐਂ-ਏਵਜਾ ਜਵਾਕ ਨਾਗਵਲ਼ ਪਾ ਲੈਂਦਾ ਹੁੰਦਾ ਦਿਨੇ ਈ--।" ਜ਼ਬਰੇ ਨੇ ਅੱਖਾਂ ਦੇ ਕੋਇਆਂ ਵਿਚ ਦੀ ਹੱਸਦਿਆਂ ਸੀਤੋ ਵੱਲ ਵੇਖਦਿਆਂ ਖੱਬੀ ਅੱਖ ਦੱਬ ਦਿੱਤੀ ਸੀ। ਕਾਲ਼ੇ ਨੂੰ ਜ਼ਬਰੇ ਵੱਲੋਂ ਅਕਸਰ ਹੀ ਸੀਤੋ ਨਾਲ ਕੀਤੀਆਂ ਜਾਂਦੀਆਂ ਅਜਿਹੀਆਂ ਗੱਲਾਂ ਦੀ ਤਾਂ ਭਾਵੇਂ ਬਹੁਤੀ ਸਮਝ ਨਹੀਂ ਸੀ ਲੱਗਦੀ ਹੁੰਦੀ ਪਰ ਉਸਦੀਆਂ ਅੱਖਾਂ ਵਿਚਲਾ ਲੁੱਚਾਪਨ ਉਸਨੂੰ ਵਿਹੁ ਵਰਗਾ ਲੱਗਦਾ। ਉਸਦਾ ਜੀਅ ਕਰਦਾ ਰੋੜਾ ਚੁੱਕ ਕੇ ਜ਼ਬਰੇ ਦੀ ਪੁੜਪੜੀ 'ਚ ਮਾਰੇ ਅਤੇ ਦੂਰ ਭੱਜ ਜਾਵੇ ਪਰ ਜ਼ਬਰੇ ਦੇ ਪੱਥਰ ਵਰਗੇ ਭਾਰੇ ਭਾਰੇ ਹੱਥਾਂ ਅਤੇ ਲਾਲ ਸੁਰਖ਼ ਅੱਖਾਂ ਤੋਂ ਤ੍ਰਹਿ ਜਾਂਦਾ। ਉਂਝ ਉਹ ਆਪਣੇ ਵੱਲੋਂ ਕਹਿਰ ਭਰੀਆਂ ਅੱਖਾਂ ਨਾਲ ਜ਼ਬਰੇ ਵੱਲ ਵੇਖ ਕੇ ਅੰਦਰਲਾ ਗ਼ੁੱਸਾ ਜ਼ਾਹਰ ਕਰਦਾ।

***

ਗਈ ਰਾਤ ਜ਼ਬਰਾ ਲੱਕੜ ਦੇ ਸਿਉਂਕ ਖਾਧੇ ਤਖ਼ਤਿਆ ਨੂੰ ਪਾਸੇ ਹਟਾ ਕੇ ਸੀਤੋ ਦੇ ਮੰਜੇ 'ਤੇ ਆ ਬੈਠਦਾ। ਜਾਗਦੇ ਕਾਲ਼ੇ ਨੂੰ ਵੇਖ ਕੇ ਉਸਦੀਆਂ ਭਵਾਂ ਤਣ ਜਾਂਦੀਆਂ।

-ਏਹਨੂੰ ਸਾਲ਼ੇ ਨਾਗ ਜਏ ਨੂੰ ਸੰਵਾਂ ਸੁੰਵਾਂ ਦਿਆ ਕਰ ਟੈਮ ਨਾਲ। ਕੰਜਰ ਸੌਂਦਾ ਮਰਦਾ ਈ ਨ੍ਹੀ। ਨਾ ਏਹਦੇ ਡੇਲਿਆਂ 'ਚ ਨੀਂਦ ਨ੍ਹੀ ਵੜ੍ਹਦੀ?"

-ਜੁਆਕ ਐ—ਤੈਨੂੰ ਕੀ ਆਂਹਦਾ? ਸੌਂ ਜੂ ਬਿੰਦ ਝੱਟ ਤਾਈਂ।" ਸੀਤੋ ਮੂੰਹ 'ਚ ਬੁੜਬੁੜਾਉਂਦਿਆਂ ਕਾਲ਼ੇ ਨੂੰ ਜਬਰਦਸਤੀ ਸੰਵਾਉਣ ਦਾ ਯਤਨ ਕਰਨ ਲੱਗਦੀ।

-ਸੌਂ ਜਾ ਪੁੱਤ---ਸੌਂ ਜਾ। ਹਾਅ ਖੇਸ ਲੈ ਲਾ ਉੱਤੇ। ਸਵੇਰੇ ਸਾਝਰੇ ਉੱਠਣਾ। ਸੌਂ ਜਾ ਹੁਣ

ਚੁੱਪ ਕਰਕੇ। ਕਿਤੇ ਕੁੱਟ ਨਾ ਖਾ ਲੀਂ ਮੇਰੇ 'ਤੋਂ। " ਉਹ ਮੱਲੋਮੱਲੀ ਕਾਲ਼ੇ ਦੇ ਮੂੰਹ ਉੱਤੇ ਖੇਸ ਦਿੰਦੀ। ਕਾਲ਼ੇ ਨੂੰ ਨੀਂਦ ਕਿੱਥੋਂ ਆਉਣੀ ਸੀ। ਉਹ ਕਿੰਨਾ ਚਿਰ ਉੱਸਲਵੱਟੇ ਭੰਨ੍ਹਦਾ ਰਹਿੰਦਾ। ਕੁੱਟ ਦੇ ਡਰ 'ਤੋਂ ਸਾਪਲ਼ ਕੇ ਪਿਆ ਉੱਤੇ ਲਏ ਖੇਸ ਦੀ ਕੰਨੀ ਚੱਕ ਕੇ ਦੋਵਾਂ ਵੱਲ ਵੇਖਣ ਦਾ ਯਤਨ ਕਰਦਾ।

-ਕੰਜਰ ਦਾ ਵੇਂਹਦਾ ਬੜਾ ਔਹਰਾ। ਜੁਆਕ ਨ੍ਹੀਂ, ਕਾਲ਼ਾ ਨਾਗ ਐ। "

-ਐਵੇਂ ਭੁਲੇਖਾ ਪੈਂਦਾ ਤੈਨੂੰ—ਕੱਲ੍ਹ ਦਾ ਤਾਂ ਛੋਹਰ ਇਆ। ਵੇਖਣਾ ਵਿਖਾਉਣਾ ਏਹਨੇ ਕੀ ਇਆ।"

-ਹੈਗਾ ਜੁਆਕ? ਕੁੜੀ ਯ੍ਹਾਵੇ ਮੁਗਦਰ ਜਏ ਦੀਆਂ ਅੱਖਾਂ ਸੱਪ ਵਰਗੀਆਂ। ਲਾਟ ਆਂਗੂੰ ਬਲ਼ਦੀਆਂ। ਸੱਚੀਂ ਡਰ ਲੱਗਦਾ ਪਤੰਦਰ ਤੋਂ। ਏਵਜਾ ਵੱਡਾ ਹੋ ਕੇ ਤੰਗ ਕਰਦਾ ਹੁੰਦਾ। ਜਿਵੇਂ ਆਂਹਦੇ ਹੁੰਦੇ ਨਾਗ ਦੀਆਂ ਅੱਖਾਂ 'ਚ ਬੰਦੇ ਦੀ ਮੂਰਤ ਬਣ ਜਾਂਦੀ ਐ। ਕਿਤੇ ਮੇਰੀ ਮੂਰਤ ਨਾ ਬਣਾਈ ਬੈਠਾ ਹੋਵੇ—ਕਿਤੇ ਵੱਡਾ ਹੋਇਆ ਰਾਹ ਜਾਂਦੇ ਦਾ ਗਾਟਾ ਲਾਹ ਧਰੇ। "

ਜ਼ਬਰੇ ਦੀਆਂ ਗੱਲਾਂ ਕਾਲ਼ੇ ਦੇ ਕੰਨਾਂ ਦੇ ਪਰਦਿਆਂ 'ਤੇ ਰੋੜ ਵਾਂਗੂੰ ਵੱਜਦੀਆਂ।

-ਮੈਨੂੰ ਲੱਗਦਾ ਏਹਨੇ ਮੇਰੇ ਹੱਥੋਂ ਊਂ ਮਰ ਜਾਣਾ ਕਿਸੇ ਦਿਨ। ਮੈਂ ਅੱਕੇ ਵੇ ਨੇ ਛੁਰੀ ਫੇਰ ਦੇਣੀ ਇਹਦੀ ਘੰਡੀ 'ਤੇ। " ਸੁਣ ਕੇ ਕਾਲ਼ਾ ਪੂਰੀ ਤਰ੍ਹਾਂ ਦਹਿਲ ਜਾਂਦਾ। ਉਹਨੂੰ ਜ਼ਬਰੇ ਦੇ ਹੱਥਾਂ 'ਚ ਫੜੀ ਛੁਰੀ ਆਪਣੀ ਧੌਣ 'ਤੇ ਫਿਰਦੀ ਮਹਿਸੂਸ ਹੁੰਦੀ। ਉਹ ਮਚਲ ਕੇ ਪੈ ਜਾਂਦਾ ਤੇ ਸੁੱਤੇ ਹੋਣ ਦਾ ਨਾਟਕ ਕਰਦਾ। ਨਾਲ ਵਾਲੀ ਮੰਜੀ ਤੋਂ ਆਉਂਦੀਆਂ ਆਵਾਜ਼ਾਂ ਕਾਲ਼ੇ ਦੇ ਸਿਰ 'ਚ ਹਥੌੜੇ ਵਾਂਗ ਵੱਜਦੀਆਂ।

-ਸਾਲ਼ੀ ਕੁੱਤੀ ! ਤੇਰੀ---। " ਜ਼ਬਰਾ ਸੀਤੋ ਨੂੰ ਗੰਦੀਆਂ ਗੰਦੀਆਂ ਗਾਹਲ਼ਾਂ ਕੱਢਦਾ ਧੌਲ਼ ਧੱਫ਼ਾ ਵੀ ਕਰੀ ਜਾਂਦਾ। ਕਾਲ਼ੇ ਨੂੰ ਕਦੇ ਧਰਤੀ ਘੁੰਮਦੀ ਲੱਗਦੀ ਤੇ ਕਦੇ ਲੱਗਦਾ ਜਿਵੇਂ ਉਸਦਾ ਆਪਣਾ ਮੰਜਾ ਗੋਲ਼ ਗੋਲ਼ ਘੁੰਮ ਰਿਹਾ ਹੋਵੇ। ਕਦੇ ਉਸਦੇ ਅੰਦਰੋਂ ਤੇਜ਼ ਤੂਫ਼ਾਨ ਉੱਠਦਾ ਤੇ ਸਿਰ ਵੱਲ ਨੂੰ ਵਧ ਜਾਂਦਾ। ਉਹ ਗ਼ੁੱਸੇ 'ਚ ਬਲਣ ਲੱਗਦਾ। ਉਸਨੂੰ ਆਪਣੀ ਵੱਡੀ ਭੈਣ 'ਤੇ ਗ਼ੁੱਸਾ ਆਉਂਦਾ ਜੋ ਬੜੀ ਛੇਤੀ ਸੌਂ ਜਾਂਦੀ ਸੀ। ਉਹ ਸੋਚਦਾ ਕਿ ਜੇਕਰ ਭਿੰਦੀ ਜੋ ਉਸਤੋਂ ਕਿੰਨੇ ਸਾਲ ਵੱਡੀ ਹੈ, ਸੁੱਤੀ ਨਾ ਹੋਵੇ ਤਾਂ ਜ਼ਬਰਾ ਇਉਂ ਉਹਨਾਂ ਦੇ ਘਰ ਨਾ ਆਵੇ। ਜੇ ਆ ਵੀ ਜਾਵੇ ਤਾਂ ਦੋਵੇਂ ਭੈਣ ਭਰਾਵਾਂ ਨੂੰ ਜਾਗਦਿਆਂ ਵੇਖ ਉਹਨੀਂ ਪੈਰੀਂ ਵਾਪਸ ਮੁੜ ਜਾਵੇ। ਕਦੇ ਕਦੇ ਤਾਂ ਕਾਲ਼ੇ ਦਾ ਜੀਅ ਕਰਦਾ ਨਾਲ਼ਦੇ ਮੰਜੇ 'ਤੇ ਘੂਕ ਸੁੱਤੀ ਪਈ ਭੈਣ ਨੂੰ ਹੁੱਝ ਮਾਰ ਕੇ ਜਗਾ ਦੇਵੇ ਪਰ ਫੇਰ ਜ਼ਬਰੇ ਦੀਆਂ ਡਰਾਉਣੀਆਂ ਲਾਲ ਸੁਰਖ਼ ਅੱਖਾਂ ਅਤੇ ਹੱਥ 'ਚ ਫੜੀ ਛੁਰੀ ਉਸਨੂੰ ਦੜ ਵੱਟ ਕੇ ਪਏ ਰਹਿਣ ਲਈ ਮਜਬੂਰ ਕਰ ਦਿੰਦੀ।

***

ਜ਼ਬਰੇ ਦੀਆਂ ਘੂਰਦੀਆਂ ਲਾਲ ਸੁਰਖ਼ ਅੱਖਾਂ ਰਾਤ ਦੇ ਹਨੇਰੇ 'ਚ ਹੀ ਨਹੀਂ, ਦਿਨ ਦੇ ਚਿੱਟੇ ਚਾਨਣ 'ਚ ਵੀ ਕਾਲ਼ੇ ਦਾ ਪਿੱਛਾ ਕਰਦੀਆਂ। ਇਹ ਡਰਾਉਣੀਆਂ ਅੱਖਾਂ ਸਕੂਲ 'ਚ ਵੀ ਉਸਦਾ ਖਹਿੜਾ ਨਾ ਛੱਡਦੀਆਂ। ਜ਼ਬਰੇ ਦਾ ਹੱਡਲ਼ ਜਿਹਾ ਮੁੰਡਾ ਸਰਬਾ ਵਾਰ ਵਾਰ ਉਸਦੇ ਮੱਥੇ ਲੱਗਦਾ। ਸਰਬਾ ਕਾਲ਼ੇ ਤੋਂ ਦੋ ਜਮਾਤਾਂ ਅੱਗੇ ਪੜ੍ਹਦਾ ਸੀ। ਕਾਲ਼ੇ ਨੂੰ ਸਰਬੇ ਦੀਆਂ ਅੱਖਾਂ ਵੀ ਜ਼ਬਰੇ ਵਰਗੀਆਂ ਹੀ ਡਰਾਉਣੀਆਂ ਤੇ ਖਚਰੀਆਂ ਲੱਗਦੀਆਂ। ਲਾਲ ਸੁਰਖ਼, ਕਹਿਰੀ ਤੇ ਨਫ਼ਰਤ ਨਾਲ ਭਰੀਆਂ। ਕਦੇ ਕਦੇ ਤਾਂ ਕਾਲ਼ੇ ਨੂੰ ਇਉਂ ਵੀ ਲੱਗਦਾ ਜਿਵੇਂ ਜ਼ਬਰੇ ਦੀਆਂ ਅੱਖਾਂ ਜਮਾਤ ਦੇ ਬਲੈਕ ਬੋਰਡ ਨਾਲ ਚਿਪਕ ਗਈਆਂ ਹੋਣ। ਸਕੂਲ ਦੀਆਂ ਕੰਧਾਂ 'ਚੋਂ ਵੀ ਇਹ ਅੱਖਾਂ ਚਾਰ ਚੁਫੇਰੇ ਕਾਲ਼ੇ ਨੂੰ ਹੀ ਭਾਲ਼ਦੀਆਂ। ਇਹਨਾਂ ਅੱਖਾਂ ਵਿਚਲੀ ਨਫ਼ਰਤ ਤੋਂ ਘਬਰਾਇਆ ਕਾਲ਼ਾ ਵਾਰ ਵਾਰ ਸਕੂਲੋਂ ਭੱਜ ਜਾਣ ਬਾਰੇ ਸੋਚਦਾ। ਦੋ ਤਿੰਨ ਵਾਰ ਤਾਂ ਉਸਨੇ ਭੱਜਣ ਦਾ ਯਤਨ ਵੀ ਕੀਤਾ। ਉਹ ਧਰਮਸ਼ਾਲਾ ਦੇ ਢੱਠੇ ਕਮਰਿਆਂ 'ਚ ਜਾ ਕੇ ਬਹਿੰਦਾ ਜਾਂ ਬਾਬੇ ਸਰਬਣ ਦੀ ਝਿੜੀ 'ਚ ਜਾ ਲੁੱਕਦਾ। ਸਕੂਲ ਵੜਨ ਨੂੰ ਤਾਂ ਉਸਦੀ ਉੱਕਾ ਰੂਹ ਨਾ ਕਰਦੀ।

ਸਕੂਲੋਂ ਭੱਜ ਜਾਣ ਵਾਲੀ ਉਸਦੀ ਕੋਸ਼ਿਸ਼ ਮਾਸਟਰ ਪਿਆਰਾ ਸਿੰਘ ਨੇ ਕਾਮਯਾਬ ਨਹੀਂ ਸੀ ਹੋਣ ਦਿੱਤੀ। ਉਹ ਕਾਲ਼ੇ ਨੂੰ ਲੱਭ ਕੇ ਸਕੂਲ ਲਿਆਉਣ ਲਈ ਸਕੂਲ ਦੇ ਜੁਆਕਾਂ ਨੂੰ ਭੇਜਦਾ ਜਿਹੜੇ

ਪੁਲਸੀਆਂ ਵਾਂਗ ਕਾਲ਼ੇ ਨੂੰ ਧੂਹ ਕੇ ਸਕੂਲ ਲੈ ਵੜਦੇ। ਇਕ ਵਾਰ ਤਾਂ ਮਾਸਟਰ ਪਿਆਰਾ ਸਿੰਘ ਉਸਨੂੰ ਆਪ ਝਿੜੀ 'ਚ ਲੁਕੇ ਨੂੰ ਬਾਹੋਂ ਫੜ ਕੇ ਸਕੂਲ ਲੈ ਕੇ ਗਿਆ ਸੀ। ਸਕੂਲੋਂ ਭੱਜਣ ਦਾ ਬਹਾਨਾ ਭਾਲਦਾ ਰਹਿਣ ਵਾਲਾ ਕਾਲ਼ਾ ਇਸ ਗੱਲੋਂ ਹੈਰਾਨ ਵੀ ਹੁੰਦਾ ਕਿ ਮਾਸਟਰ ਪਿਆਰਾ ਸਿੰਘ ਦਾ ਇਉਂ ਕਰਨਾ ਉਸਨੂੰ ਚੰਗਾ ਚੰਗਾ ਕਿਉਂ ਲੱਗਦਾ ਹੈ। ਉਸਨੂੰ ਮਾਸਟਰ ਦੀਆਂ ਅੱਖਾਂ 'ਚੋਂ ਆਪਣੇ ਲਈ ਮੋਹ ਛਲਕਦਾ ਵਿਖਾਈ ਦਿੰਦਾ।

ਮਾਸਟਰ ਪਿਆਰਾ ਸਿੰਘ ਬੱਚਿਆਂ ਦੀਆਂ ਦੋ ਟੋਲੀਆਂ ਬਣਾ ਕੇ ਕਦੇ ਪੰਜਾਬ ਸਟਾਈਲ ਅਤੇ ਕਦੇ ਨੈਸ਼ਨਲ ਸਟਾਈਲ ਕਬੱਡੀ ਖਿਡਾਉਂਦਾ। ਉਹ ਕਾਲ਼ੇ ਨੂੰ ਕਲਾਵੇ 'ਚ ਭਰ ਲੈਂਦਾ, "ਬੱਲਿਆ ਤੇਰੀ ਜਾਫ਼ ਢਾਂਡੀ ਵਾਲੀ ਐ। ਸਾਡੀ ਜਵਾਨੀ ਵੇਲ਼ੇ ਖੋਸਿਆਂ ਦੀ ਟੀਮ ਬੜੀ ਮਸ਼ਹੂਰ ਹੁੰਦੀ ਸੀ। ਉਹਨਾਂ ਦੀ ਟੀਮ ਦਾ ਬੜਾ ਤਕੜਾ ਜਾਫੀ ਹੁੰਦਾ ਸੀ। ਨਾਂ ਤਾਂ ਉਹਦਾ ਕੋਈ ਹੋਰ ਸੀ ਪਰ ਆਂਹਦੇ ਸਾਰੇ ਉਹਨੂੰ ਢਾਂਡੀ ਈ ਸਨ। ਪਤਾ ਨ੍ਹੀ ਇਹ ਨਾਂ ਕਿਵੇਂ ਪੈ ਗਿਆ ਉਹਦਾ। ਬੜਾ ਚੰਦਰਾ ਜਾਫ਼ੀ ਸੀ। ਪਤੰਦਰ ਨਾਗਵਲ਼ ਈ ਪਾ ਲੈਂਦਾ। ਮਜਾਲ ਕੀ ਕਹਿੰਦਾ ਕਹਾਉਂਦਾ ਰੇਡਰ ਵੀ ਇਕ ਪੈਰ ਹਿੱਲਜੇ। ਆਵਦੇ ਵੇਲ਼ੇ ਦੇ ਤਕੜੇ ਤਕੜੇ ਰੇਡਰ ਡੱਕੇ ਢਾਂਡੀ ਨੇ। ਬੱਲਿਆ, ਤੇਰਾ ਸਟਾਈਲ ਜਵਾਂ ਢਾਂਡੀ ਵਾਲਾ। ਉਵੇਂ ਜਿਵੇਂ ਗੁੱਟ ਫੜਨਾ। ਉਵੇਂ ਜਿਵੇਂ ਭਚਲਾਵਾ ਦੇ ਕੇ ਰੇਡਰ ਦੀਆਂ ਖੁੱਚਾਂ ਕੱਢ ਲੈਣਾ। ਅਸ਼ਕੇ! ਬੱਚਿਆ ਚੋਟੀ ਦਾ ਖਿਡਾਰੀ ਬਣੇਂਗਾ ਕਿਸੇ ਦਿਨ-ਮੇਰੀ ਗੱਲ ਯਾਦ ਰੱਖੀਂ।"

ਮਾਸਟਰ ਪਿਆਰਾ ਸਿੰਘ ਕਿੰਨਾ ਕਿੰਨਾ ਚਿਰ ਬੱਚਿਆਂ ਨੂੰ ਆਪਣੇ ਵੇਲ਼ੇ ਦੇ ਮਸ਼ਹੂਰ ਖਿਡਾਰੀਆਂ ਦੇ ਕਿੱਸੇ ਕਹਾਣੀਆਂ ਸੁਣਾਈ ਜਾਂਦਾ ਰਹਿੰਦਾ।

-ਇਕ ਹੁੰਦਾ ਸੀ ਬੁਰਜੀਆਂ ਆਲਾ ਅਮਰਜੀਤ। ਕਿਆ ਈ ਬਾਤਾਂ ਸੀ ਗੱਭਰੂ ਦੀਆਂ। ਸੋਹਣਾ ਵੀ ਪੁੱਜ ਕੇ। ਮੌਲ਼ੇ ਬਲ਼ਦ ਵਰਗਾ ਚੀਕਣਾ ਪਿੰਡਾ। ਮਾਂ ਦਾ ਪੁੱਤ ਸਾਰੇ ਮੈਚ 'ਚ ਸਰੀਰ ਨੂੰ ਮਿੱਟੀ ਨਾ ਸੀ ਲੱਗਣ ਦਿੰਦਾ। ਘੋੜੀ ਵਰਗੀ ਭਾਜ ਸੀ ਉਹਦੀ। ਜਾਫ਼ੀ ਦੀ ਹਿੱਕ 'ਚ ਹੱਥ ਮਾਰ ਕੇ ਭੱਜ ਤੁਰਨਾ-ਲੈ ਵੀ ਆਹ ਚੱਲਿਆਂ। ਕਾਹਨੂੰ ਡਾਹ ਦਿੰਦਾ ਸੀ ਜਾਫ਼ੀ ਨੂੰ। ਕਿਸੇ ਤੋਂ ਡੱਕ ਨ੍ਹੀ ਸੀ ਹੋਇਆ-ਬੱਸ ਢਾਂਡੀ ਨੇ ਡੱਕਿਆ ਜਿੰਨੇ ਵਾਰ ਡੱਕਿਆ। ਇਕ ਹੋਰ ਹੁੰਦਾ ਸੀ ਪੰਮਾ-ਪੰਮਾ ਭੋਡੀਪੁਰੀਆ। ਛੇ ਫੁੱਟ ਤੋਂ ਉੱਤੇ ਕੱਦ। ਜਵਾਂ ਸੁਕੜੂ ਜਿਆ। ਜਿਵੇਂ ਪਿੰਡੇ 'ਤੇ ਮਾਸ ਈ ਨਾ ਹੋਵੇ, ਪਰ ਪਤੰਦਰ 'ਚ ਫੁਰਤੀ ਕਮਾਲ ਦੀ ਸੀ। ਹਿਰਨੀ ਵਾਂਗੂੰ ਚੁੰਗੀਆਂ ਭਰਦੇ ਫਿਰਨਾ ਗਰਾਂਊਂਡ 'ਚ। ਸਿਧਵਾਂ ਵਾਲਾ ਚੈਨਾ ਵੀ ਸਿਰੇ ਦਾ ਧਾਵੀ। ਸਾਰਾ ਪੰਜ ਸਵਾ ਪੰਜ ਫੁੱਟ ਕੱਦ ਹੋਊ। ਖੜ੍ਹਾ ਖੜੋਤਾ ਛਾਲ਼ ਮਾਰ ਕੇ ਬੰਦੇ ਦੇ ਉੱਤੋਂ ਦੀ ਟੱਪ ਜਾਂਦਾ। ਛੇਤੀ ਕੀਤੇ ਹੱਥ ਉਹ ਵੀ ਨ੍ਹੀ ਸੀ ਲੱਗਣ ਦਿੰਦਾ। ਸਿਰਾ ਟੀਮ ਸੀ ਸਿੱਧਵਾਂ ਵਾਲਿਆਂ ਦੀ ਵੀ।"

ਸਕੂਲੀ ਜੁਆਕ ਮਾਸਟਰ ਦੀਆਂ ਗੱਲਾਂ ਗਹੁ ਨਾਲ ਸੁਣਦੇ ਪਰ ਕਾਲ਼ਾ ਤਾਂ ਜਿਵੇਂ ਇਹਨਾਂ ਗੱਲਾਂ 'ਚ ਗੁਆਚ ਹੀ ਜਾਂਦਾ।

-ਬੱਲਿਆ ! ਟੀਮ ਥੋਡੇ ਪਿੰਡ ਦੀ ਵੀ ਆਹਲਾ ਦਰਜੇ ਦੀ ਸੀ। ਅਸਲ 'ਚ ਉਦੋਂ ਪੰਜਾਬ 'ਚ ਤਿੰਨ ਚਾਰ ਟੀਮਾਂ ਦੀ ਝੰਡੀ ਸੀ। ਥੋਡੇ ਪਿੰਡ ਆਲ਼ੇ ਜੱਸੇ ਦੀ ਰੀਸ ਹੈਨੀ ਸੀ। ਸਿਰੇ ਦਾ ਰੇਡਰ ਤੇ ਸਿਰੇ ਦਾ ਜਾਫ਼ੀ। ਪਤੰਦਰ ਦੋਵੇਂ ਪਾਸੇ ਈ ਬਹਿਜਾ ਬਹਿਜਾ ਕਰਵਾ ਦਿੰਦਾ। ਮੇਲਿਆਂ 'ਚ ਖਾਸਾ ਚਿਰ ਤੂਤੀ ਬੋਲਦੀ ਰਹੀ ਜੱਸੇ ਦੀ।"

ਜੁਆਕ ਮਾਸਟਰ ਦੀਆਂ ਗੱਲਾਂ ਸੁਣ ਸੁਣ ਹੈਰਾਨ ਹੁੰਦੇ। ਉਸ ਕੋਲ਼ ਜਿਵੇਂ ਪੰਜਾਬ ਦੇ ਸਾਰੇ ਕਬੱਡੀ ਖਿਡਾਰੀਆਂ ਦਾ ਇਤਿਹਾਸ ਸਾਂਭਿਆ ਪਿਆ ਹੋਵੇ। ਕਾਲ਼ਾ ਹੈਰਾਨ ਹੁੰਦਾ, "ਮਾਸਟਰ ਜੀ ਨੂੰ ਐਨਾ ਯਾਦ ਕਿਵੇਂ ਰਹਿ ਜਾਂਦਾ।"

-ਬੱਲਿਆ! ਉਦੋਂ ਦੀਆਂ ਨਾ ਈ ਪੁੱਛੋਂ ਤਾਂ ਚੰਗਾ। ਉਦੋਂ ਪਿੰਡ ਵਾਲੇ ਖਿਡਾਰੀਆਂ ਨੂੰ ਪਿੰਡ ਦੀ ਅਮਾਨਤ ਸਮਝਦੇ ਸੀ। ਜੇ ਪਿੰਡ ਦੀ ਟੀਮ ਜਿੱਤਣੀ-ਸਾਰੇ ਪਿੰਡ ਨੂੰ ਚਾਅ ਚੜ੍ਹਨਾ। ਜੇ ਟੀਮ ਹਾਰ ਜਾਣੀ-ਪਿੰਡ ਵਾਲੇ ਨਮੋਸ਼ੀ ਮੰਨਦੇ। ਰਿਸ਼ਤੇਦਾਰੀਆਂ 'ਚ ਜਾਣੋਂ ਸੰਗਦੇ, ਰਿਸ਼ਤੇਦਾਰ ਟਾਂਚਾਂ ਕਰਨਗੇ। ਗੱਲ ਕੀ ਪੂਰੀ ਸਪੋਰਟ ਹੁੰਦੀ ਸੀ ਟੀਮ ਨੂੰ। ਚੰਗੇ ਖਿਡਾਰੀਆਂ ਨੂੰ ਪੀਪਾ ਪੀਪਾ ਘਿਉ

ਦਾ ਦਿੰਦੇ ਪਿੰਡ ਵਾਲੇ।"

-ਸਰ ਜੀ—ਸਰ ਜੀ! ਸਰਬੇ ਦਾ ਬਾਪੂ ਵੀ ਇਹਨੂੰ ਖੁੱਲ੍ਹੀ ਖੁਰਾਕ ਦਿੰਦਾ ਹੈ ਜੀ। ਉਹ ਕਹਿੰਦਾ ਸਰਬੇ ਨੂੰ ਚੋਟੀ ਦਾ ਖਿਡਾਰੀ ਬਣਾਉਣੈ। ਤਾਹੀਂ ਇਹ ਤੂੜੀ ਦੇ ਕੁੱਪ ਵਰਗਾ ਬਣਿਆ ਪਿਐ।" ਗੁਜ਼ਰੀ ਕਿਆਂ ਦੇ ਨਿੰਮੇ ਨੇ ਸਰਬੇ ਵੱਲ ਵੇਖਦਿਆਂ ਆਖਿਆ ਤਾਂ ਸਾਰੀ ਜਮਾਤ 'ਚ ਹਾਸੜ ਮੱਚ ਗਈ।

-ਇਕੱਲੀ ਖੁਰਾਕ ਨਾਲ ਈ ਨ੍ਹੀ ਚੰਗਾ ਖਿਡਾਰੀ ਬਣਿਆ ਜਾਂਦਾ। ਬੰਦੇ ਅੰਦਰ ਅੱਗ ਵੀ ਹੋਣੀ ਚਾਹੀਦੀ। ਜੀਹਦੇ ਅੰਦਰ ਅੱਗ ਹੈਨੀ, ਉਹਨੂੰ ਭਾਵੇਂ ਘਿਉ ਦੇ ਘੜਿਆਂ ਦੇ ਘੜੇ ਖਵਾ ਦਿਓ—ਭਾਵੇਂ ਬਦਾਮ ਚਾਰ ਦਿਉ, ਭਾਵੇਂ ਅਖਰੋਟ, ਕੁੱਝ ਨਹੀਂ ਬਣਦਾ। ਅਸਲ ਗੱਲ ਮਿਹਨਤ ਦੀ ਵੀ ਹੁੰਦੀ। ਬਾਕੀ ਸ਼ੌਂਕ ਤੇ ਜਨੂੰਨ ਹੋਣਾ ਚਾਹੀਦਾ। ਸ਼ੌਂਕ ਤੇ ਜਨੂੰਨ ਬਿਨਾਂ ਗੱਲ੍ਹ ਨ੍ਹੀ ਬਣਦੀ।"

ਮਾਸਟਰ ਦੀ ਗੱਲ ਸੁਣ ਕੇ ਕਾਲ਼ੇ ਦੀਆਂ ਅੱਖਾਂ ਇੱਲ ਦੇ ਆਂਡੇ ਜਿੱਡੀਆਂ ਹੋ ਗਈਆਂ। ਉਸਦਾ ਜੀਅ ਕੀਤਾ ਮਾਸਟਰ ਜੀ ਨੂੰ ਆਖੇ, 'ਸਰ ਜੀ ! ਮੇਰੇ ਅੰਦਰ ਅੱਗ ਨ੍ਹੀ ਲਾਵਾ ਬਲ਼ਦਾ ਪਿਆ। ਸ਼ੌਂਕ ਵੀ ਬਹੁਤ ਐ ਜੀ। ਮਿਹਨਤ ਦੀ ਵੀ ਕਸਰ ਨ੍ਹੀ ਛੱਡਦਾ। ਪਰ ਸਰ ਜੀ—ਖੁਰਾਕ?" ਕਾਲ਼ਾ ਭਾਵੇਂ ਕੁੱਝ ਨਹੀਂ ਸੀ ਬੋਲਿਆ ਪਰ ਉਸਦੇ ਅੰਦਰ ਚੱਲਦੇ ਘੋਲ਼ ਨੂੰ ਮਾਸਟਰ ਪਿਆਰਾ ਸਿੰਘ ਜਾਣਦਾ ਸੀ।

-ਬੱਲਿਆ! ਤੂੰ ਵੇਖੀਂ ਕਿਸੇ ਦਿਨ ਚੋਟੀ ਦਾ ਖਿਡਾਰੀ ਬਣ ਜਾਣਾ। ਗੱਲਾਂ ਹੋਇਆ ਕਰਨਗੀਆਂ ਤੇਰੀਆਂ। ਪਿੰਡ ਵਾਲੇ ਘਿਉ ਦੇ ਪੀਪੇ ਦਿਆ ਕਰਨਗੇ ਤੈਨੂੰ।"

ਸੁਣ ਕੇ ਕਾਲ਼ੇ ਦੀਆਂ ਅੱਖਾਂ 'ਚ ਲਿਸ਼ਕ ਉੱਭਰ ਆਈ ਸੀ। ਮਾਸਟਰ ਪਿਆਰਾ ਸਿੰਘ ਹੀ ਸੀ ਜਿਹੜਾ ਉਸਨੂੰ ਪਿਆਰ ਨਾਲ 'ਬੱਲਿਆ' ਆਖਦਾ, ਨਹੀਂ ਤਾਂ ਕੁੱਝ ਜਮਾਤੀ ਕਾਲ਼ਾ ਤੇ ਬਹੁਤੇ 'ਕਾਲ਼ੂ' ਆਖਦੇ ਸਨ। ਵਧੇਰੇ ਤਾਂ ਪਿੱਠ ਪਿੱਛੇ 'ਕਾਲ਼ਾ ਨਾਗ' ਹੀ ਆਖਦੇ।

-ਬੱਲਿਆ, ਪਿੰਡ ਵਾਲੇ ਪਤਾ ਨਹੀਂ ਕਦੋਂ ਦੇਣ-ਦੇਣ ਨਾ ਦੇਣ, ਪਰ ਮੈਂ ਦੇਊਂ ਤੈਨੂੰ ਘਿਉ ਨਾਲੇ ਬਦਾਮ। ਬਦਾਮ ਹੱਡੀ ਚੀੜ੍ਹੀ ਕਰਦੇ। ਦਿਮਾਗ਼ ਠੰਡਾ ਕਰਦੇ। ਖਿਡਾਰੀ ਦੇ ਅੰਦਰ ਜਿੱਥੇ ਅੱਗ ਹੋਣੀ ਜ਼ਰੂਰੀ ਆ, ਉੱਥੇ ਦਿਮਾਗ਼ ਵੀ ਠੰਡਾ ਹੋਣਾ ਜ਼ਰੂਰੀ । ਨਹੀਂ ਗ਼ੁੱਸੇ 'ਚ ਖਿਡਾਰੀ ਤੋਂ ਸਹੀ ਦਾਅ ਨ੍ਹੀ ਲੱਗਦਾ। ਨਾਲੇ ਹੋਰ ਸੁਣ-ਖਿਡਾਰੀ ਨੂੰ ਬੜਾ ਕੁੱਝ ਝੱਲਣਾ ਜਾਂ ਸੁਣਨਾ ਪੈਂਦਾ ਪਰ ਖਿਡਾਰੀ ਨੇ ਇਸਦਾ ਜਵਾਬ ਆਪਣੀ ਖੇਡ ਨਾਲ ਦੇਣਾ ਹੁੰਦਾ।"

ਮਾਸਟਰ ਨੇ ਕਾਲ਼ੇ ਨੂੰ ਬੁੱਕਲ਼ 'ਚ ਘੁੱਟਦਿਆਂ ਆਖਿਆ ਤਾਂ ਕਾਲ਼ੇ ਦੀਆਂ ਮੱਲੋ ਮੱਲੀ ਅੱਖਾਂ ਵਹਿ ਤੁਰੀਆਂ ਸਨ। ਉਸਦਾ ਜੀਅ ਕੀਤਾ ਉਹ ਸਰਬੇ ਦੇ ਪਿਉ ਜ਼ਬਰੇ ਵੱਲੋਂ ਆਖੇ ਬੋਲ ਮਾਸਟਰ ਨੂੰ ਦੱਸੇ। ਮਾਸਟਰ ਦੀ ਬੁੱਕਲ਼ ਦੇ ਨਿੱਘ ਨੇ ਉਸਨੂੰ ਜ਼ਿੰਦਗੀ ਦੇ ਨਵੇਂ ਅਤੇ ਪੱਕੇ ਰਾਹਾਂ 'ਤੇ ਤੋਰ ਦਿੱਤਾ ਸੀ।

***

ਕਾਲ਼ਾ ਖੇਡਦਿਆਂ ਆਪਣੇ ਤੋਂ ਸਿਹਤ 'ਚ ਦੁੱਗਣੇ ਸਰਬੇ ਨੂੰ ਪੱਟਾਂ 'ਤੋਂ ਚੱਕ ਕੇ ਭੁੰਜੇ ਪਟਕਾ ਮਾਰਦਾ ਤੇ ਢਾਹ ਕੇ ਹਿੱਕ ਉੱਪਰ ਜਾ ਬੈਠਦਾ। ਪੁੱਤ ਦੀ ਖੇਡ ਵੇਖਣ ਆਇਆ ਸਰਬੇ ਦਾ ਪਿਉ ਗਰਾਊਂਡ ਦੇ ਬਾਹਰ ਬੈਠਾ ਕਚੀਚੀਆਂ ਲਈ ਜਾਂਦਾ।

-ਆਹ ਸਾਲ਼ੀ ਕੁਜਾਤ, ਕਾਲ਼ਾ ਨਾਗ ਜਿਆ ਸੁੱਕੀਆਂ ਰੋਟੀਆਂ ਖਾ ਖਾ ਕੇ ਈ ਸਾਡੇ ਜਵਾਕਾਂ ਨੂੰ ਢਾਹੀ ਤੁਰਿਆ ਜਾਂਦਾ।" ਜ਼ਬਰੇ ਦੇ ਬੋਲ ਕਾਲ਼ੇ ਦੇ ਕੰਨਾਂ ਤਕ ਆ ਜਾਂਦੇ ਤੇ ਉਸਦਾ ਅੰਦਰ ਲੂਹ ਸੁੱਟਦੇ। ਉਸਦਾ ਜੀਅ ਕਰਦਾ ਜ਼ਬਰੇ ਦੇ ਢਿੱਡ 'ਚ ਢੁੱਡ ਜਾ ਮਾਰੇ।

-ਬੱਲਿਆ! ਅਸਲ ਖਿਡਾਰੀ ਉਹੀ ਹੁੰਦਾ ਜਿਹੜਾ ਆਪਣੇ ਗੁੱਸੇ ਨੂੰ ਪੀਣ ਜਾਣਦਾ ਹੋਵੇ। ਗੱਲ ਇਹ ਨ੍ਹੀ ਕਿ ਖਿਡਾਰੀ ਨ੍ਹੀ ਗ਼ੁੱਸਾ ਆਉਣਾ ਨ੍ਹੀ ਚਾਹੀਦਾ – ਚਾਹੀਦਾ। ਜ਼ਰੂਰੀ ਆ। ਗ਼ੁੱਸੇ ਬਿਨਾਂ ਖੇਡਿਆ ਈ ਨਹੀਂ ਜਾ ਸਕਦਾ। ਗ਼ੁੱਸਾ ਜੋਸ਼ ਦੀ ਪਹਿਲੀ ਪੌੜੀ ਐ, ਪਰ ਗ਼ੁੱਸਾ ਪਾਗ਼ਲਪਨ 'ਚ ਨ੍ਹੀ ਬਦਲਣਾ ਚਾਹੀਦਾ। ਗ਼ੁੱਸੇ ਨੂੰ ਕਾਬੂ 'ਚ ਰੱਖਣ ਵਾਲਾ ਈ ਕਾਮਯਾਬ ਖਿਡਾਰੀ ਬਣਦਾ।" ਮਾਸਟਰ

ਜੀ ਦੇ ਬੋਲ ਹਰ ਵੇਲ਼ੇ ਕਾਲ਼ੇ ਦੇ ਦਿਮਾਗ਼ 'ਚ ਘੁੰਮਦੇ ਰਹਿੰਦੇ। ਉਹਨਾਂ ਦੀ ਸਿੱਖ ਮੱਤ ਯਾਦ ਆਉਂਦਿਆਂ ਹੀ ਉਹ ਆਪਣੇ ਅੰਦਰੋਂ ਉੱਠਦੇ ਲਾਵੇ ਦੇ ਗੁਬਾਰ ਨੂੰ ਅੰਦਰ ਹੀ ਦੱਬ ਲੈਂਦਾ।

***

ਅੰਦਰੋਂ ਉੱਠਦੇ ਲਾਵੇ ਦੇ ਗੁਬਾਰ ਨੂੰ ਕਾਲ਼ੇ ਨੇ ਉਦੋਂ ਵੀ ਕਾਬੂ 'ਚ ਰੱਖਿਆ ਸੀ ਜਦੋਂ ਸਤਾਰ੍ਹਵੇਂ ਵਰ੍ਹੇ ਨੂੰ ਢੁੱਕੀ ਭੈਣ ਦੀ ਭੇਦਭਰੀ ਹਾਲਤ 'ਚ ਹੋਈ ਮੌਤ ਦੇ ਕਾਰਨ ਉਸਨੂੰ ਕੁੱਝ ਕੁੱਝ ਪਤਾ ਲੱਗੇ ਸਨ। ਉਦੋਂ ਕਾਲ਼ਾ ਸੱਤਵੀਂ ਜਮਾਤ 'ਚ ਪੜ੍ਹਦਾ ਸੀ। ਏਧਰ ਓਧਰ ਚੱਲਦੀ ਚਵਾ ਚਵੀ ਵਾਅ ਦੇ ਘਨੇੜੇ ਚੜ੍ਹ ਕੇ ਕਾਲ਼ੇ ਦੇ ਕੰਨਾਂ ਤਕ ਵੀ ਪੁੱਜੀ ਸੀ।

-ਕੁੜੀ ਦੀ ਮੌਤ ਕੁਦਰਤੀ ਤਾਂ ਹੈਨੀ। ਆਵਦੇ ਪਿਉ ਵਾਂਗੂੰ ਭੰਗ ਦੇ ਭਾੜੇ ਈ ਗਈ ਐ।"

-ਕੱਲ੍ਹ ਦੁਨੀਆ ਜਾਣਦੀ ਬਿੱਕਰ ਸਿਹੁੰ ਦੀ ਮੌਤ ਬਾਰੇ। ਅਖੇ ਜੀ ਖੇਤ ਕੰਮ ਕਰਦਿਆਂ ਸੱਪ ਲੜ ਗਿਆ। ਸੱਪ ਕਾਹਨੂੰ ਲੜਿਆ—ਹੋਰ ਈ ਸੱਪ ਲੜਿਆ। ਜ਼ਬਰਾ ਵੀ ਨਾਲ ਈ ਕੰਮ ਕਰਦਾ ਸੀ, ਉਹਨੂੰ ਨ੍ਹੀ ਲੜਿਆ। ਸੱਪ ਨੇ ਬਿੱਕਰ ਨੂੰ ਈ ਲੜਨਾ ਸੀ।"

-ਬੜਾ ਭੈਣ ਆਵਦੀ ਦਾ—ਜ਼ਬਰਾ।"

-ਜੇਵਜਾ ਪਿਉ-ਉਹੋ ਜ੍ਹੀ ਅੱਗੇ 'ਲਾਦ। ਹੁਣ ਸਰਬੇ ਢਿੱਡਲ਼ ਨੇ ਜੱਗੋਂ ਤੇਰਵੀਂ ਕਰ ਮਾਰੀ। ਕੁੜੀ ਦੀ ਮਿੱਟੀ ਏਸੇ ਢਿੱਡਲ਼ ਨੇ ਈ ਵੈਰਾਨ ਕੀਤੀ। ਪਰ—ਸਾਰੀਆਂ ਕਰਨੀਆਂ ਏਥੇ ਈ ਭਰਨੀਆਂ ਪੈਣੀਆਂ। ਨਾ ਭਰੀਆਂ ਤਾਂ ਮੈਨੂੰ ਆ ਫੜਿਓ। ਕੁੜੀ ਨੇ ਮੌਤ ਐਵੇਂ ਨ੍ਹੀ ਸਹੇੜੀ—ਮਰਨਾ ਕਿਤੇ ਸੌਖਾ ਪਿਐ?"

ਕਾਲ਼ੇ ਨੂੰ ਲੋਕਾਂ ਦੀਆਂ ਗੱਲਾਂ ਦੀ ਪੂਰੀ ਸਮਝ ਤਾਂ ਨਹੀਂ ਸੀ ਪੈਂਦੀ ਪਰ ਜਿੰਨੀ ਵੀ ਸਮਝ ਆਉਂਦੀ, ਉਸ ਨਾਲ ਗ਼ੁੱਸੇ ਦਾ ਤੇਜ਼ ਤੂਫ਼ਾਨ ਉਸਦੇ ਅੰਦਰੋਂ ਉੱਠਦਾ। ਉਸਦਾ ਜੀਅ ਕਰਦਾ ਦੋਵਾਂ ਪਿਉ ਪੁੱਤਾਂ ਦੀਆਂ ਸੰਘੀਆਂ ਜਾ ਘੁੱਟੇ। ਆਪਣੇ ਨਿੱਕੇ ਨਿੱਕੇ ਹੱਥਾਂ ਵੱਲ ਵੇਖਦਾ ਤਾਂ ਆਪਣੇ ਆਪ ਨੂੰ ਬੇਵੱਸ ਮਹਿਸੂਸ ਕਰਦਾ। ਉਸਨੂੰ ਜ਼ਬਰੇ ਦੀਆਂ ਗਹਿਰੀਆਂ ਅੱਖਾਂ ਤੋਂ ਭੈਅ ਆਉਂਦਾ।

-ਮੈਨੂੰ ਤਾਂ ਡਰ ਐ—ਜ਼ਬਰਾ ਕੰਜਰ ਕਿਤੇ ਬਿੱਕਰ ਆਲ਼ੇ ਮਛੋਰ ਨੂੰ ਨਾ ਕੁਛ ਕਰਾ ਦੇਵੇ।" ਬੰਦਿਆਂ ਦੀ ਆਪਸੀ ਗੱਲਬਾਤ ਕਾਲ਼ੇ ਦੇ ਦਿਮਾਗ਼ 'ਚ ਡਰ ਬਣ ਕੇ ਬੈਠ ਗਈ ਸੀ।

-ਸੱਭੋ ਸੱਚ ਏ ਭਰਾ ਮੇਰਿਆ। ਕੋਈ ਝੂਠ ਨ੍ਹੀ ਤੇਰੀ ਗੱਲ 'ਚ। ਜਿਹੜੇ ਲੱਛਣ ਆ ਜ਼ਬਰੇ ਦੇ-ਕੁਛ ਵੀ ਕਰ ਸਕਦਾ। ਹੁਣ ਤਾਂ ਸੁਣਿਆ ਅਖੇ ਕਾਲ਼ੇ ਦੀ ਮਾਂ ਵੀ ਟਾਲ਼ਾ ਵੱਟਦੀ ਐ ਜ਼ਬਰੇ ਤੋਂ—ਪਰ ਏਹ ਕਿੱਥੇ ਟਲ਼ਦਾ। ਪਤੰਦਰ ਸ਼ਾਮਲਾਟ ਤਾਂ ਸਮਝੀ ਬੈਠਾ। ਸ਼ਾਮਲਾਟ 'ਤੇ ਕਬਜਾ ਕਿਹੜਾ ਛੱਡਦੈ?"

-ਚਰਨੋ ਦੋ ਪਾਸੇ ਫਸੀ ਐ। ਇਕ ਪਾਸੇ ਤਾਂ ਚੁੱਲ੍ਹਾ ਬਾਲਣ ਦੀ ਮਜਬੂਰੀ-ਦੂਜੇ ਪਾਸੇ ਪੁੱਤ ਗੱਭਰੂ ਹੁੰਦਾ ਜਾਂਦੈ, ਉਹਦੀ ਸ਼ਰਮ ਸੰਗ ਵੀ ਮਾਰਦੀ ਹੋਊ ਕੁਛ ਨਾ ਕੁਛ। ਜਾਣੀਦਾ ਕਸੂਤੀ ਫਸਗੀ। ਜ਼ਬਰਾ ਹੁਣ ਨਿਕਲਣ ਨ੍ਹੀ ਦਿੰਦਾ ਜਾਲ਼ 'ਚੋਂ।"

-ਖਾਈ ਜਾਣ ਖੇਹ ਜਿਹੜੀ ਖਾਣੀ, ਮੈਂ ਤਾਂ ਬਸ ਏਹੀ ਕਹਿਨੈ ਵਈ ਜਵਾਕ ਨੂੰ ਨਾ ਕੋਈ ਹੀਮ ਕੀਮ ਹੋਵੇ।"

ਲੋਕਾਂ ਦੀਆਂ ਗੱਲਾਂ ਕਾਲ਼ੇ ਦੇ ਦਿਮਾਗ਼ 'ਚ ਅਕਸਰ ਟਕਰਾਉਂਦੀਆਂ ਹੀ ਰਹਿੰਦੀਆਂ। ਜਿੱਥੇ ਕਿਤੇ ਵੀ ਦੋ ਚਾਰ ਬੰਦੇ ਖੜ੍ਹੇ ਹੁੰਦੇ, ਕਾਲ਼ੇ ਨੂੰ ਲੱਗਦਾ ਜਿਵੇਂ ਉਸਦੀ ਮਾਂ ਅਤੇ ਜ਼ਬਰੇ ਦੇ ਸੰਬੰਧਾਂ ਦੀਆਂ ਹੀ ਗੱਲਾਂ ਕਰ ਰਹੇ ਹੋਣ। ਜੇ ਕੋਈ ਹੱਸ ਰਿਹਾ ਹੁੰਦਾ ਤਾਂ ਉਸਨੂੰ ਜਾਪਦਾ, ਉਹਦੇ ਵੱਲੀਂ ਵੇਖ ਕੇ ਹੱਸੇ ਹੋਣ। ਉਹ ਚੁੱਪ ਗੜੁੱਪ ਹੋਇਆ ਤੁਰਿਆ ਫਿਰਦਾ। ਏਧਰ ਓਧਰ ਬਾਹਰ ਅੰਦਰ ਜਾਣ ਤੋਂ ਬਚਦਾ ਰਹਿੰਦਾ। ਸਕੂਲ ਤੋਂ ਘਰ ਅਤੇ ਘਰ ਤੋਂ ਸਕੂਲ ਜਾਂ ਫਿਰ ਖੇਡ ਮੈਦਾਨ। ਕਦੇ ਕਦੇ ਤਾਂ ਖੇਡ ਮੈਦਾਨ 'ਚ ਜਾਣ ਨੂੰ ਵੀ ਜੀਅ ਨਾ ਕਰਦਾ ਪਰ ਮਾਸਟਰ ਪਿਆਰਾ ਸਿੰਘ ਦੇ ਬੋਲ ਉਸਦੇ ਪੈਰਾਂ ਨੂੰ ਮੈਦਾਨ 'ਚ ਲੈ ਜਾਂਦੇ, "ਬੱਲਿਆ! ਤੂੰ ਵੇਖੀਂ ਕਿਸੇ ਦਿਨ ਚੋਟੀ ਦਾ ਖਿਡਾਰੀ ਬਣ ਜਾਣਾ। ਗੱਲਾਂ ਹੋਇਆ ਕਰਨਗੀਆਂ ਤੇਰੀਆਂ। ਪਿੰਡ ਵਾਲੇ ਘਿਉ ਦੇ ਪੀਪੇ ਦਿਆ ਕਰਨਗੇ ਤੈਨੂੰ।"

ਮਾਸਟਰ ਜੀ ਦੇ ਇਹ ਬੋਲ ਉਸਦੇ ਤਪਦੇ ਦਿਲ ਉੱਪਰ ਮੋਹ ਦਾ ਪਾਣੀ ਤਰੌਂਕ ਦਿੰਦੇ। ਉਸਦੇ ਚਿਹਰੇ 'ਤੇ ਸ਼ਾਂਤੀ ਪਸਰ ਜਾਂਦੀ-'ਘਿਉ ਦੇ ਪੀਪੇ ਦੇਣ ਚਾਹੇ ਨਾ ਦੇਣ, ਸਾਡੇ ਘਰ ਬਾਰੇ ਗੱਲਾਂ ਹੋਣੀਆਂ ਬੰਦ ਹੋ ਜਾਣ। ਮੇਰੀ ਗੇਮ ਬਣ ਗਈ ਤਾਂ ਲੋਕ ਜ਼ਬਰੇ ਤੇ ਮਾਂ ਦੇ ਸੰਬੰਧਾਂ ਬਾਰੇ ਨਹੀਂ, ਮੇਰੀ ਖੇਡ ਬਾਰੇ ਗੱਲਾਂ ਕਰਿਆ ਕਰਨਗੇ।' ਕਾਲ਼ਾ ਆਪਣੇ ਆਪ ਨਾਲ ਗੱਲਾਂ ਕਰਦਾ। ਉਹ ਸਾਰਾ ਕੁੱਝ ਭੁੱਲ ਭੁਲਾ ਕੇ ਆਪਣੀ ਖੇਡ ਬਣਾਉਣ ਲਈ ਦਿਨ ਰਾਤ ਖੇਡ ਮੈਦਾਨ 'ਚ ਖ਼ੂਨ ਪਸੀਨਾ ਇਕ ਕਰਦਾ ਰਹਿੰਦਾ।

***

ਕਾਲ਼ਾ ਜਦੋਂ ਵੀ ਜੱਫਾ ਲਾਉਂਦਾ, ਉਸਨੂੰ ਲੱਗਦਾ ਜਿਵੇਂ ਜ਼ਬਰੇ ਨੂੰ ਢਾਅ ਕੇ ਗੋਡਿਆਂ ਥੱਲੇ ਲੈ ਲਿਆ ਹੋਵੇ। ਕਬੱਡੀ ਪਾਉਣ ਆਇਆ ਰੇਡਰ ਕਾਲ਼ੇ ਨੂੰ ਜ਼ਬਰਾ ਹੀ ਜਾਪਦਾ। ਇਕ ਪਲ ਉਸਦੀਆਂ ਅੱਖਾਂ ਅੱਗੇ ਧੁੰਦ ਪਸਰਦੀ। ਮੋਟਰ ਵਾਲ਼ੇ ਕਮਰੇ 'ਚੋਂ ਕੱਪੜੇ ਸੂਤ ਕਰਕੇ ਨਿਕਲਦੀ ਮਾਂ ਅਤੇ ਖਚਰੀ ਹਾਸੀ ਹੱਸਦਿਆਂ ਮੁੱਛਾਂ 'ਤੇ ਹੱਥ ਫੇਰਦਾ ਤੇ ਲੁੱਚੀਆਂ ਅੱਖਾਂ ਨਾਲ ਟੇਢਾ ਟੇਢਾ ਝਾਕਦਾ ਜ਼ਬਰਾ ਉਸਨੂੰ ਘੂਰਨ ਲੱਗਦਾ। ਕਾਲ਼ੇ ਦੇ ਅੰਦਰੋਂ ਲੰਮੀ ਸਾਰੀ ਲਾਟ ਨਿਕਲਦੀ। ਉਹ ਛੂਕਣ ਲੱਗਦਾ ਤੇ ਲੱਕ ਦਾ ਕਲਾਵਾ ਭਰ ਕੇ ਧਾਵੀ ਨੂੰ ਗੋਡਿਆਂ ਥੱਲੇ ਲੈ ਲੈਂਦਾ। ਟੂਰਨਾਮੈਂਟ 'ਚ ਕੁਮੈਂਟਰੀ ਕਰਨ ਵਾਲਾ ਕਾਲ਼ੇ ਦੀ ਜਾਫ਼ ਬਾਰੇ ਤਰ੍ਹਾਂ ਤਰ੍ਹਾਂ ਦੀਆਂ ਕਹਾਣੀਆਂ ਸੁਣਾਉਂਦਾ।

ਸਮੇਂ ਨਾਲ ਜ਼ਬਰੇ ਦਾ ਸੂਰਜ ਢਲ਼ ਗਿਆ। ਘਿਉ ਖੁਆ ਖੁਆ ਅਤੇ ਬਦਾਮ ਚਾਰ ਚਾਰ ਕੇ ਕੁੱਪ ਵਰਗਾ ਕੀਤਾ ਸਰਬਾ ਕਬੱਡੀ ਖਿਡਾਰੀ ਬਣਨ ਦੀ ਥਾਂ ਸਿਰੇ ਦਾ ਨਸ਼ੇੜੀ ਬਣ ਗਿਆ। ਜਿਵੇਂ ਜਿਵੇਂ ਕਾਲ਼ੇ ਦੀਆਂ ਬਾਜ਼ ਅੱਖਾਂ ਦੀ ਚਮਕ ਵਧਦੀ ਜਾ ਰਹੀ ਸੀ, ਜ਼ਬਰੇ ਦੀਆਂ ਲਾਲ ਸੁਰਖ਼ ਅੱਖਾਂ ਵਿਚਲੀ ਚਮਕ ਧੁੰਦਲੀ ਪੈਂਦੀ ਜਾ ਰਹੀ ਸੀ। ਉਸਦੇ ਮੋਢੇ ਢਿਲਕ ਕੇ ਬਾਹਰ ਨੂੰ ਨਿਕਲ ਆਏ ਸਨ। ਉਹ ਕਦੇ ਕਦੇ ਟੂਰਨਾਮੈਂਟਾਂ 'ਤੇ ਪਿੰਡ ਦੀ ਕਬੱਡੀ ਟੀਮ ਦੀ ਖੇਡ ਵੇਖਣ ਜਾਂਦਾ। ਜ਼ਬਰੇ ਨੂੰ ਵੇਖ ਕਾਲ਼ੇ ਦੇ ਦਿਲ 'ਚ ਧੁਖਦੀ ਅੱਗ ਮੱਚਣ ਲੱਗਦੀ। ਉਸਦਾ ਜੀਅ ਕਰਦਾ ਜ਼ਬਰੇ ਨੂੰ ਢਾਅ ਕੇ ਮੋਟੇ ਪੱਟ ਕੋਲ਼ੋਂ ਲੱਤ ਤੋੜੇ ਪਰ ਜ਼ਬਰੇ ਦੀ ਪਾਈ ਨੀਵੀਂ ਕਾਲ਼ੇ ਅੰਦਰਲੇ ਗ਼ੁੱਸੇ ਨੂੰ ਕੁੱਝ ਹੱਦ ਤਕ ਸ਼ਾਂਤ ਕਰ ਦਿੰਦੀ। ਕਾਲ਼ਾ ਜ਼ਬਰੇ ਵੱਲ ਵੇਖਦਾ ਤਾਂ ਜ਼ਬਰੇ ਦੀ ਧੌਣ ਹੋਰ ਨੀਵੀਂ ਪੈ ਜਾਂਦੀ।

ਪੱਕੇ ਪਿੰਡ ਨੂੰ ਲੋਕ ਹੁਣ ਕਾਲ਼ੇ ਕਰਕੇ ਜਾਨਣ ਲੱਗੇ ਸਨ। ਜਿਸ ਵੀ ਟੂਰਨਾਮੈਂਟ 'ਚ ਕਾਲ਼ੇ ਹੁਰਾਂ ਦੀ ਟੀਮ ਪਹੁੰਚਦੀ, ਸਾਰੀਆਂ ਵਿਰੋਧੀ ਟੀਮਾਂ 'ਚ ਖਲਬਲੀ ਮੱਚ ਜਾਂਦੀ। ਟੂਰਨਾਮੈਂਟ ਵੇਖਣ ਆਏ ਲੋਕਾਂ ਦਾ ਸੁਆਦ ਦੂਣਾ ਚੌਣਾਂ ਹੋ ਜਾਂਦਾ। ਲੋਕ ਪੱਬਾਂ ਭਾਰ ਹੋ ਹੋ ਕੇ ਕਾਲ਼ੇ ਦੀ ਜਾਫ਼ ਵੇਖਦੇ।

ਕਾਲ਼ੇ ਕੋਲ਼ ਇਕ ਨਹੀਂ ਕਈ ਦਾਅ ਸਨ। ਗੁੱਟ ਦਾ ਤਾਂ ਉਹ ਬਹੁਤਾ ਹੀ ਚੀੜ੍ਹਾ ਸੀ। ਰੇਡ ਪਾਉਣ ਆਏ ਖਿਡਾਰੀ ਦਾ ਗੁੱਟ ਫੜ ਲੈਂਦਾ ਤਾਂ ਉਹ ਖਿਡਾਰੀ ਰੈਫ਼ਰੀ ਦੀ ਵਿਸ਼ਲ ਵੱਜਣ ਤਕ ਗੁੱਟ ਛੁਡਾਉਣ ਲਈ ਖੌਝਲਦਾ ਰਹਿੰਦਾ। ਸਪੀਕਰ ਦੀ ਖੜ ਖੜ ਕਰਦੀ ਆਵਾਜ਼ 'ਚੋਂ ਕੁਮੈਂਟਰੀ ਵਾਲੇ ਦੇ ਬੋਲ ਹਵਾ ਦੇ ਘਨੇੜੇ ਚੜ੍ਹ ਕੇ ਦੂਰ ਦੂਰ ਤਕ ਖਿੱਲਰ ਜਾਂਦੇ, "ਨਾ ਵੀ ਮਿੱਤਰਾ ਨਾ ! ਭੁੱਲ ਜਾ ਸੋਹਣਿਆ। ਹੁਣ ਨ੍ਹੀ ਛੁੱਟਦਾ ਗੁੱਟ। ਸਮਝਲਾ ਪੱਕੇ ਪਿੰਡੀਏ ਕਾਲ਼ੇ ਨੇ ਪੱਕਾ ਵੈਲਡਿੰਗ ਲਾਤਾ।" ਢਿੱਲਾ ਜਿਹਾ ਹੋਇਆ ਰੇਡਰ ਪਾਲ਼ੇ ਵੱਲ ਨੂੰ ਜਾਂਦਿਆਂ ਗੁੱਟ ਪਲ਼ੋਸਦਾ ਜਾਂਦਾ।

ਕਾਲ਼ੇ ਦੀ ਖੇਡ ਦਾ ਆਪਣਾ ਹੀ ਜਲੌਅ ਸੀ। ਰੇਡਰ ਨੂੰ ਪਤਾ ਹੀ ਨਹੀਂ ਸੀ ਹੁੰਦਾ ਕਿ ਕਾਲ਼ੇ ਨੇ ਕਿਹੜਾ ਦਾਅ ਖੇਡ ਜਾਣਾ ਹੈ। ਜੇ ਰੇਡਰ ਗੁੱਟ ਬਚਾਉਂਦਾ ਤਾਂ ਕਾਲ਼ਾ ਭੁਚਲਾਵਾ ਦੇ ਕੇ ਖੁੱਚਾਂ ਕੱਢ ਲੈਂਦਾ। ਖੁੱਚਾਂ ਬਚਾਉਂਦਾ ਤਾਂ ਝਕਾਨੀ ਦੇ ਕੇ ਗਿੱਟਾ ਚੁੱਕ ਲੈਂਦਾ। ਖਿਡਾਰੀ ਨੂੰ ਪਤਾ ਨਾ ਲੱਗਦਾ ਕਦੋਂ ਹੱਥ ਪੈਂਦਿਆਂ ਹੀ ਕੈਂਚੀ ਮਾਰ ਕੇ ਜਕੜ ਲੈਂਦਾ ਅਤੇ ਖਿਡਾਰੀ ਨੂੰ ਚਾਕੂ ਵਾਂਗ ਇਕੱਠਾ ਕਰ ਦਿੰਦਾ। ਹੱਥ ਲਾ ਕੇ ਭੱਜੇ ਰੇਡਰ ਨੂੰ ਢਾਕ 'ਤੇ ਚੜ੍ਹਾਅ ਕੇ ਦੂਰ ਵਗਾਹ ਮਾਰਨ ਦੇ ਦਾਅ ਕਰਕੇ ਤਾਂ ਤੇਜ਼ ਤਰਾਰ ਰੇਡਰ ਵੀ ਕਾਲ਼ੇ ਤੋਂ ਭੈਅ ਖਾਂਦੇ।

ਨੰਬਰ ਲੈਣ ਤੋਂ ਬਾਅਦ ਕਾਲ਼ਾ ਖੱਬੀ ਲੱਤ ਉੱਪਰ ਚੁੱਕ ਲੈਂਦਾ ਅਤੇ ਸੱਜੀ ਲੱਤ 'ਤੇ ਖੜ੍ਹ ਕੇ, ਸੱਜੇ ਹੱਥ ਦੀ ਅਗੂੰਠੇ ਨਾਲ ਦੀ ਉਂਗਲ ਉਤਾਂਹ ਨੂੰ ਚੁੱਕ ਲੈਂਦਾ। ਉਸਦਾ ਇਹ ਅੰਦਾਜ਼ ਵੇਖਣ

ਵਾਲਿਆਂ ਦਾ ਜੋਸ਼ ਦੂਣਾ ਕਰ ਦਿੰਦਾ। ਮੈਦਾਨ ਦੇ ਚਾਰੇ ਪਾਸਿਓਂ ਤਾੜੀਆਂ ਤੇ ਚੀਕਾਂ ਦਾ ਰੌਲ਼ਾ ਧੂੜ ਵਿਚ ਲਿਪਟ ਕੇ ਅਸਮਾਨ ਵੱਲ ਚੜ੍ਹ ਜਾਂਦਾ।

-ਖਾ ਲਈ ਮੈਂ ਕਾਲ਼ੇ ਨਾਗ ਨੇ-ਦੱਸ ਕਿੱਥੋਂ ਵੈਦ ਸਦਾਵਾਂ।"

-ਏਹ ਐ ਪੱਕੇ ਪਿੰਡੀਆ ਕਾਲ਼ਾ। ਅਖੇ ਮੜਕ ਬਥੇਰੀ ਸੀ ਕਾਲ਼ੇ ਰੰਗ ਨੇ ਡੋਬੀ। ਨਹੀਂ ਰੀਸਾਂ ਕਾਲ਼ੇ ਦੀਆਂ। ਅਖੇ ਗੋਰਿਆਂ ਨੂੰ ਦਫ਼ਾ ਕਰੋ-ਮੇਰਾ ਕਾਲ਼ਾ ਹੀ ਸਰਦਾਰ।

-ਔਹ ਪਾ ਲਿਆ ਨਾਗਵਲ਼ ਕਾਲ਼ੇ ਨੇ। ਮੁੰਡਾ ਰੰਗ ਦਾ ਤਵੇ ਤੋਂ ਕਾਲ਼ਾ, ਵਿਆਹ ਕੇ ਲੈ ਗਿਆ ਤੂਤ ਦੀ ਛਿਟੀ। ਹੁਣ ਨ੍ਹੀ ਛੱਡਦੈ।"

ਕੁਮੈਂਟਰੀ ਵਾਲੇ ਦੇ ਬੋਲਾਂ, ਦਰਸ਼ਕਾਂ ਦੇ ਹਾਸੇ, ਚੀਕਾਂ, ਕੂਕਾਂ ਤੇ ਰੈਫਰੀ ਦੀਆਂ ਲੰਮੀਆਂ ਵਿਸਲਾਂ 'ਚ ਕਾਲ਼ੇ ਦਾ ਗੂੜ੍ਹਾ ਸਾਂਵਲ਼ਾ ਰੰਗ ਭਖੇ ਹੋਏ ਤਾਂਬੇ ਵਾਂਗ ਚਮਕਣ ਲੱਗਦਾ। ਉਹ ਇਕ ਲੱਤ 'ਤੇ ਖੜ੍ਹਾ ਕਿੰਨਾ ਚਿਰ ਉਂਗਲ ਅਸਮਾਨ ਵੱਲ ਕਰੀ ਰੱਖਦਾ। ਉਸਦੇ ਡੌਲ਼ਿਆਂ ਦੀਆਂ ਮੱਛੀਆਂ ਨੱਚਣ ਲੱਗਦੀਆਂ। ਪੱਟਾਂ ਦੀਆਂ ਮੋਰਨੀਆਂ ਖਿੜ ਖਿੜ ਹੱਸਦੀਆਂ। ਛਾਤੀ ਦੇ ਪੁੜ ਚਟਾਨ ਵਰਗੇ ਸਖ਼ਤ ਹੋ ਜਾਂਦੇ। ਚਾਰੇ ਪਾਸਿਆਂ ਤੋਂ ਨੋਟਾਂ ਦਾ ਮੀਂਹ ਵਰ੍ਹਦਾ। ਕੁਮੈਂਟਰੀ ਵਾਲਾ ਕਾਹਲ਼ੀ ਕਾਹਲ਼ੀ ਆਏ ਇਨਾਮ ਬੋਲਦਾ ਹਫ਼ ਜਾਂਦਾ। ਪ੍ਰਸ਼ੰਸਕਾਂ ਵੱਲੋਂ ਦਿੱਤੀ ਜਾਂਦੀ ਹੱਲਾਸ਼ੇਰੀ ਕਾਲ਼ੇ ਅੰਦਰ ਮੱਚਦੀ ਅੱਗ ਦਾ ਸਿਰਨਾਵਾਂ ਸੀ। ਚਾਹੁਣ ਵਾਲਿਆਂ ਦੀਆਂ ਤਾੜੀਆਂ ਕਾਲ਼ੇ ਅੰਦਰਲੀ ਅੱਗ ਨੂੰ ਮੱਠਾ ਮੱਠਾ ਤਾਅ ਦੇਈ ਜਾਂਦੀਆਂ।

ਕਾਲ਼ੇ ਦੀ ਖੇਡ ਦੀ ਮਹਿਕ ਪਿੰਡਾਂ ਦੇ ਖੇਡ ਮੇਲਿਆਂ ਤੋਂ ਤੁਰ ਕੇ ਵੱਡੀਆਂ ਖੇਡ ਕਲੱਬਾਂ ਤਕ ਵੀ ਜਾ ਪੁੱਜੀ। ਹੁਣ ਉਹ 'ਸ਼ੇਰੇ ਪੰਜਾਬ ਕਲੱਬ' ਵੱਲੋਂ ਖੇਡਣ ਲੱਗਾ। ਵੱਡੇ ਵੱਡੇ ਕਲੱਬਾਂ ਦੀਆਂ ਟੀਮਾਂ ਦੇ ਆਪਸੀ ਮੈਚਾਂ ਵਿਚ 'ਸ਼ੇਰੇ ਪੰਜਾਬ ਕਲੱਬ' ਦੀ ਜਿੱਤ 'ਚ ਕਾਲ਼ੇ ਦੇ ਲਾਏ ਜੱਫਿਆਂ ਦਾ ਵੱਡਾ ਹਿੱਸਾ ਹੁੰਦਾ।

-ਬਾਈ ਕਾਲ਼ਿਆ, ਪਾਸਪੋਰਟ ਬਣਾ ਲੈ। ਐਤਕੀਂ ਤੈਨੂੰ ਅਮਰੀਕਾ-ਕਨੇਡਾ ਦਾ ਟੂਰ ਲਵਾਉਣਾ। ਰੱਬ ਸੁੱਖ ਰੱਖੇ-ਐਤਕੀਂ ਵਿਸਾਖੀ ਨੂੰ ਤੇਰੀਆਂ ਪਕੜਾਂ ਕਨੇਡਾ ਵਾਲੇ ਈ ਵੇਖਣਗੇ ਸਰੀ ਦੇ ਖੇਡ ਮੈਦਾਨ 'ਚ। ਵੇਖੀਂ ਤਾਂ ਸਹੀ ਪੰਜਾਬੀ ਭਾਈਬੰਦ ਕਿਵੇਂ ਡਾਲਰਾਂ ਦਾ ਮੀਂਹ ਵਰ੍ਹਾਉਂਦੇ ਤੇਰੀਆਂ ਜਾਫ਼ਾਂ 'ਤੇ।" ਪਿੰਦਰ ਨੇ ਕਾਲ਼ੇ ਨੂੰ ਜੱਫੀ 'ਚ ਘੁੱਟਦਿਆਂ ਆਖਿਆ ਤਾਂ ਅਸਮਾਨ 'ਚ ਉੱਡਦਾ ਇੱਲ੍ਹ ਵਰਗਾ ਜਾਪਦਾ ਜਹਾਜ਼ ਕਾਲ਼ੇ ਦੀਆਂ ਅੱਖਾਂ ਅੱਗੇ ਘੁੰਮਣ ਲੱਗਾ। ਬਚਪਨ 'ਚ ਜਿਸਨੂੰ ਵੇਖਦਿਆਂ ਡਰ ਦੇ ਮਾਰਿਆਂ ਭੱਜ ਕੇ ਅੰਦਰ ਲੁਕ ਜਾਂਦਾ ਸੀ।

ਉਦੋਂ ਕਾਲ਼ੇ ਨੂੰ ਨਹੀਂ ਸੀ ਪਤਾ ਕਿ ਉਸਨੇ ਅਮਰੀਕਾ ਕਨੇਡਾ ਅਤੇ ਹੋਰ ਬਾਹਰਲੇ ਮੁਲਕਾਂ ਦੇ ਇਕ ਨਹੀਂ ਕਈ ਗੇੜੇ ਲਾਉਣੇ ਹਨ। ਉਦੋਂ ਉਸਨੇ ਕਦੋਂ ਸੋਚਿਆ ਸੀ ਕਿ ਇਕ ਦਿਨ ਕਬੱਡੀ ਕਰਕੇ ਕਨੇਡਾ ਦਾ ਖ਼ੂਬਸੂਰਤ ਅਤੇ ਪੰਜਾਬੀਆਂ ਦੀ ਭਰਪੂਰ ਵਸੋਂ ਵਾਲਾ ਸ਼ਹਿਰ ਸਰ੍ਹੀ ਉਸਦਾ ਪੱਕਾ ਟਿਕਾਣਾ ਬਣ ਜਾਵੇਗਾ। ਇਹ ਤਾਂ ਉਸਦੇ ਚਿੱਤ ਚੇਤੇ 'ਚ ਵੀ ਨਹੀਂ ਸੀ ਕਿ ਕਿਸੇ ਦਿਨ ਐਨੇ ਵੱਡੇ ਸਬ ਵੇਅ ਦਾ ਮਾਲਕ ਬਣ ਜਾਵੇਗਾ। ਇਹ ਤਾਂ ਕਾਲ਼ੇ ਦੇ ਪਰੇਸਤਿਆਂ ਨੇ ਵੀ ਨਹੀਂ ਸੋਚਿਆ ਹੋਣਾ ਕਿ ਉਸਦੀਆਂ ਅੱਖਾਂ 'ਚ ਕੁੱਕਰੇ ਬਣ ਕੇ ਰੜਕਦੇ ਰਹਿਣ ਵਾਲੇ ਜ਼ਬਰੇ ਦੀ ਪੋਤੀ ਕਿਸੇ ਦਿਨ ਉਸਦੀ ਮਾਲਕੀ ਵਾਲੇ ਸਬ ਵੇਅ 'ਤੇ ਕੰਮ ਦੀ ਭਾਲ਼ 'ਚ ਆਵੇਗੀ। ਇਹ ਸਭ ਕੁੱਝ ਕਾਲ਼ੇ ਨੂੰ ਤਾਂ ਕੀ, ਕਾਲ਼ੇ ਦੇ ਰੱਬ ਨੂੰ ਵੀ ਪਤਾ ਨਹੀਂ ਹੋਣਾ ਕਿ ਵਰ੍ਹਿਆਂ ਤੋਂ ਠੰਡੀ ਪਈ ਅੱਗ ਜ਼ਬਰੇ ਦੀ ਪੋਤੀ ਨੂੰ ਵੇਖਦਿਆਂ ਦੁਬਾਰਾ ਧੁੱਖਣ ਲੱਗ ਪਵੇਗੀ। ਜ਼ਬਰੇ ਦੀਆਂ ਘੂਰਦੀਆਂ ਲਾਲ ਸੁਰਖ਼ ਅੱਖਾਂ ਦੁਬਾਰਾ ਕਾਲ਼ੇ ਦੇ ਦਿਮਾਗ਼ 'ਚ ਖੌਰੂ ਪਾਉਣ ਲੱਗੀਆਂ। ਉਸਨੂੰ ਲੱਗਾ ਜਿਵੇਂ ਅੱਜ ਵਰ੍ਹਿਆਂ ਬਾਅਦ ਖ਼ੁਦ ਜ਼ਬਰਾ ਉਸਦੇ ਮੂਹਰੇ ਨਿਮਾਣਾ ਤੇ ਨਿਤਾਣਾ ਬਣ ਹੱਥ ਜੋੜੀ ਖੜ੍ਹਾ ਹੋਵੇ। ਕਾਲ਼ੇ ਨੇ ਅੱਖਾਂ 'ਚ ਧੁੱਖਦੀ ਅੱਗ ਦੇ ਧੂੰਏਂ ਨੂੰ ਟਿਸ਼ੂ ਪੇਪਰ ਨਾਲ ਸਾਫ ਕੀਤਾ ਤੇ ਲੰਮੇ ਲੰਮੇ ਸਾਹ ਲੈ ਕੇ ਆਪਣੇ ਆਪ ਨੂੰ ਸਾਵਾਂ ਕਰ ਲਿਆ।

***

-ਰਵਨੀਤ! ਤੇਰੇ ਪਿੰਡ ਇਕ ਖਿਡਾਰੀ ਹੁੰਦਾ ਸੀ-ਜਾਣਦੀ ਏਂ? ਪਿੰਡ ਵਾਲੇ ਕਾਲ਼ਾ ਨਾਗ

ਆਂਹਦੇ ਸੀ ਉਹਨੂੰ।"

–ਸਰ ਵੇਖਿਆ ਤਾਂ ਨਹੀਂ ਪਰ ਜਾਣਦੀ ਹਾਂ।"

–ਕਿਵੇਂ ਜਾਣਦੀ ਏਂ?

–ਮੈਂ ਸ਼ਹਿਰ ਦੇ ਜਿਸ ਕਾਲਿਜ ਵਿਚ ਪੜ੍ਹਦੀ ਸੀ, ਉੱਥੇ ਇਕ ਸਰ ਹੁੰਦੇ ਸਨ। ਹੁਣ ਵੀ ਓਸੇ ਕਾਲਿਜ 'ਚ ਈ ਨੇ। ਅੰਗਰੇਜ਼ੀ ਵਾਲੇ ਸਰ ਪਰਮਿੰਦਰ ਸਿੰਘ ਕਾਲ਼ੇ ਅੰਕਲ ਦੀਆਂ ਬੜੀਆਂ ਗੱਲਾਂ ਸੁਣਾਉਂਦੇ ਹੁੰਦੇ। ਸਰ ਤਾਂ ਕਿਸੇ ਨਾ ਕਿਸੇ ਬਹਾਨੇ ਅਕਸਰ ਕਾਲ਼ੇ ਦੀਆਂ ਗੱਲਾਂ ਛੇੜ ਹੀ ਲੈਂਦੇ ਸਨ।"

–ਅੱਛਾ! ਉਹ ਕਿਵੇਂ ਜਾਣਦੇ ਸੀ ਤੈਨੂੰ?"

–ਪਰਮਿੰਦਰ ਸਰ ਆਪ ਵੀ ਕਬੱਡੀ ਖੇਡਦੇ ਰਹੇ ਕਾਲ਼ੇ ਅੰਕਲ ਨਾਲ। ਸਰ ਤਾਂ ਕਬੱਡੀ ਦੇ ਬਹੁਤ ਈ ਸ਼ੌਕੀਨ ਨੇ। ਜਨੂੰਨ ਹੀ ਕਹਿ ਲਵੋ ਇਕ ਤਰ੍ਹਾਂ ਨਾਲ। ਕਾਲਿਜ ਦੇ ਮੁੰਡਿਆਂ ਤੇ ਕੁੜੀਆਂ ਦੀਆਂ ਕਬੱਡੀ ਟੀਮਾਂ ਵੀ ਸਰ ਈ ਤਿਆਰ ਕਰਵਾਉਂਦੇ ਹੁੰਦੇ। ਦੂਰ ਦੂਰ ਤਕ ਲੈ ਕੇ ਜਾਂਦੇ ਖਿਡਾਉਣ ਵਾਸਤੇ।"

ਕਾਲ਼ੇ ਦੇ ਦਿਮਾਗ 'ਚ ਆਪਣੇ ਯਾਰ ਦਾ ਚਿਹਰਾ ਘੁੰਮਣ ਲੱਗਾ। ਇਸੇ ਪਰਮਿੰਦਰ ਦੀ ਬਦੌਲਤ ਹੀ ਤਾਂ ਉਹ ਐਥੇ ਤਕ ਪਹੁੰਚਿਆ ਸੀ। ਪਰਮਿੰਦਰ ਦੀ ਭੂਆ ਦਾ ਪੁੱਤ ਪਿੰਦਰ ਹੀ ਕਬੱਡੀ ਰਾਹੀਂ ਉਸਨੂੰ ਬਾਹਰ ਲਿਆਇਆ ਸੀ। ਏਥੇ ਕਨੇਡਾ ਵੀ ਪਰਮਿੰਦਰ ਦੇ ਰਿਸ਼ਤੇਦਾਰਾਂ ਨੇ ਹੀ ਉਸਨੂੰ ਸਾਂਭਿਆ ਤੇ ਸੈੱਟ ਕੀਤਾ ਸੀ। ਸਤਵੰਤ ਵਰਗੀ ਸਾਊ ਕੁੜੀ ਨਾਲ ਵਿਆਹ ਕਰਾ ਕੇ ਕਨੇਡਾ 'ਚ ਪੱਕੇ ਪੈਰ ਲਾਏ ਸਨ। ਪਰਮਿੰਦਰ ਦੀ ਬਦੌਲਤ ਅੱਜ ਕਨੇਡਾ ਉਸਦੇ ਹੀ ਨਹੀਂ ਉਸਦੇ ਬੱਚਿਆਂ ਦੇ ਸੁਪਨਿਆਂ 'ਚ ਵੀ ਰੰਗ ਭਰ ਰਿਹਾ।

–ਸਰ ! ਕਾਲ਼ੇ ਅੰਕਲ ਕਰਕੇ ਤਾਂ ਮੇਰੀ ਵੀ ਪੂਰੀ ਟੌਹਰ ਸੀ ਕਾਲਿਜ ਵਿੱਚ। ਪਰਮਿੰਦਰ ਸਰ ਬੜਾ ਪਿਆਰ ਕਰਦੇ ਸਨ। ਬੁੱਕਲ਼ 'ਚ ਲੈ ਕੇ ਸਾਰੀ ਕਲਾਸ ਸਾਹਮਣੇ ਆਖਦੇ, 'ਤੂੰ ਤਾਂ ਸਾਡੇ ਯਾਰ ਦੇ ਪਿੰਡ ਦੀ ਕੁੜੀ ਏਂ। ਏਸ ਪਾਰੋਂ ਸਾਡੀ ਆਪਣੀ ਧੀ ਹੋਈ--।' ਜਦੋਂ ਪਰਮਿੰਦਰ ਸਰ ਇਉਂ ਆਖਦੇ ਤਾਂ ਮੇਰੀਆਂ ਤਾਂ ਅੱਖਾਂ ਭਰ ਆਉਂਦੀਆਂ ਸੀ। ਬਾਪ ਦੀ ਗਲਵੱਕੜੀ ਦਾ ਨਿੱਘ ਤਾਂ ਮੈਨੂੰ ਪਤਾ ਨ੍ਹੀ ਕਿਹੋ ਜਿਹਾ ਹੁੰਦਾ—ਬਾਪ ਨੇ ਤਾਂ ਕਦੇ ਗਲਵੱਕੜੀ 'ਚ ਲੈ ਕੇ ਵੇਖਿਆ ਈ ਨ੍ਹੀ ਹੋਣਾ। ਬਾਪ ਨੂੰ ਤਾਂ ਆਪਣੇ ਨਸ਼ਿਆਂ ਤੋਂ ਹੀ ਵਿਹਲ ਨਹੀਂ ਸੀ ਪਰ ਪਰਮਿੰਦਰ ਸਰ ਦੀ ਗਲਵੱਕੜੀ 'ਚ ਬਾਪ ਵਰਗਾ ਨਿੱਘ ਸੀ।" ਰਵਨੀਤ ਦੀਆਂ ਅੱਖਾਂ 'ਚ ਉਤਰਿਆ ਸੈਲਾਬ ਕਾਲ਼ੇ ਨੇ ਵੇਖ ਲਿਆ ਸੀ।

–ਪਰਮਿੰਦਰ ਸਰ ਨਿਰਾਪੁਰਾ ਆਖਦੇ ਹੀ ਨਹੀਂ ਸਨ, ਧੀ ਸਮਝਦੇ ਵੀ ਸੀ। ਕਾਲ਼ੇ ਅੰਕਲ ਕਰਕੇ ਕਾਲਿਜ ਵਿਚ ਮੇਰਾ ਵੱਖਰਾ ਈ ਰੋਅਬ ਦਾਬ ਸੀ।"

ਕੁਲਜੀਤ ਨੇ ਗਲ਼ੇ 'ਚ ਭਰ ਆਇਆ ਪਾਣੀ ਬੜੀ ਮੁਸ਼ਕਿਲ ਨਾਲ ਅੰਦਰ ਲੰਘਾਇਆ। ਮੂੰਹ ਦੂਜੇ ਪਾਸੇ ਕਰਕੇ ਅੱਖਾਂ ਵਿਚਲੀ ਨਮੀ ਸਾਫ ਕੀਤੀ। ਉਹ ਚਾਹੁੰਦਾ ਹਇਆ ਵੀ ਦੱਸ ਨਾ ਸਕਿਆ ਕਿ ਉਸਦੇ ਸਾਹਮਣੇ ਬੈਠਾ ਕੁਲਜੀਤ ਸਿੰਘ ਹੀ ਉਸਦੇ ਪਿੰਡ ਵਾਲਾ ਕਾਲ਼ਾ ਹੈ ਜਿਸਨੂੰ ਪਿੰਡ ਵਾਲੇ ਕਿਸੇ ਵਕਤ ਕਾਲ਼ਾ ਨਾਗ ਅਖਦੇ ਸਨ। ਉਸਦੀ ਆਵਾਜ਼ ਬਾਹਰ ਆ ਨਹੀਂ ਸੀ ਰਹੀ।

--ਰਵਨੀਤ ਬੇਟਾ! ਤੂੰ ਪਰਮਿੰਦਰ ਸਰ ਦੀ ਈ ਨਹੀਂ, ਸਾਡੀ ਵੀ ਧੀ ਏਂ। ਫ਼ਿਕਰ ਨਾ ਕਰ ਕਿਸੇ ਗੱਲੋਂ। ਕੱਲ੍ਹ ਤੋਂ ਕੰਮ 'ਤੇ ਆ ਜਾਵੀਂ।"

ਕਾਲ਼ੇ ਨੂੰ ਪਤਾ ਹੀ ਨਾ ਲੱਗਾ ਕਿ ਉਸਦੇ ਅੰਦਰਲੇ ਫੰਨ ਨੇ ਕਦੋਂ ਰਵਨੀਤ ਦੇ ਸਿਰ ਉੱਪਰ ਛਾਂ ਕਰ ਦਿੱਤੀ ਸੀ। 000

***(ਫੋਨ: +91-98726-40994***
***ਈਮੇਲ: gurmeetkaryalvi@gmail.com)***

# ਵਗਦੇ ਪਾਣੀ: ਕਹਾਣੀ: ਦੀਪਤੀ ਬਬੂਟਾ

"ਕਿੰਨਾ ਆਖਿਆ ਨਾ ਜਾ, ਪਰ ਸੁਣਦਾ ਕਿੱਥੇ? ਆ ਜਾਵੇ। ਹੁਣ ਨਹੀਂ ਜਾਣ ਦੇਣਾ। ਰਾਜਨ... ਫ਼ੋਨ ਚੁੱਕ ਲਾ ਪੁੱਤ...! ਨੈੱਟਵਰਕ ਨਹੀਂ ਏ ਤਾਂ ਸਿੰਪਲ ਕਾਲ ਲਗਾ ਲੈ। ਤੇਰੇ ਫ਼ੋਨ ਨੂੰ ਕੁਝ ਹੋ ਗਿਐ ਤਾਂ ਕਿਸੇ ਹੋਰ ਦੇ ਫ਼ੋਨ ਤੋਂ ਕਾਲ ਕਰ ਦੇ। ਤੈਨੂੰ ਨਹੀਂ ਪਤਾ, ਤੇਰੀ ਮਾਂ ਦਾ ਤੇਰੇ ਨਾਲ ਗੱਲ ਕੀਤੇ ਬਿਨਾਂ ਕੀ ਹਾਲ ਹੁੰਦੈ? ਦੂਜਾ ਦਿਨ ਹੋ ਗਿਆ ਖਪਦੇ...। ਫ਼ੋਨ ਈ ਨੀ ਚੁੱਕਦਾ...! ਓ ਰਾਜਨ, ਚੁੱਕ ਲਾ ਫ਼ੋਨ...!"

ਈਅਰ ਫ਼ੋਨ ਕੰਨਾਂ ਨੂੰ ਲਗਾਈ ਸਰਿਤਾ ਪਾਗ਼ਲਾਂ ਹਾਲ ਪੁੱਤਰ ਦਾ ਨੰਬਰ ਡਾਇਲ ਕਰਦੀ ਲਛਮਣ ਝੂਲਾ ਬਣੀ ਹੋਈ ਹੈ। ਉਸ ਦੀ ਹਾਲਤ ਕਿਸੇ ਵੀ ਪੱਥਰ ਦਿਲ ਦਾ ਸੀਨਾ ਪਾੜ ਹੜ੍ਹ ਬਣ ਨੈਣਾਂ 'ਚੋਂ ਜਲ-ਥਲ ਲਾ ਦੇਵੇ।

"ਜਿਸ ਦਾ ਇਕੋ-ਇਕ ਜਵਾਨ-ਜਹਾਨ ਪੁੱਤਰ ਅਚਾਨਕ ਜੱਗ ਤੋਂ ਚਲਾ ਜਾਏ ਉਹ ਪਾਗ਼ਲ ਨਾ ਹੋਵੇ ਤਾਂ ਹੋਰ ਕੀ ਕਰੇ। ਡਾਕਟਰ ਨੂੰ ਸੱਦ ਕੇ ਇਹਨੂੰ ਟੀਕਾ ਲਵਾਓ ਭਾਈ।"

ਮੁਹੱਲੇ ਦੀ ਦਾਨੀ-ਬੀਨੀ ਸੁਖਵੰਤ ਬੀਬੀ ਦੇ ਕਹਿਣ 'ਤੇ ਕਿਸੇ ਨੂੰ ਸੁਰਤ ਫਿਰੀ। ਡਾਕਟਰ ਨੂੰ ਸੱਦਿਆ ਗਿਆ। ਸਰਿਤਾ ਕਿੱਥੇ ਕਾਬੂ ਆਵੇ। ਤਿੰਨ-ਚਾਰ ਜ਼ਨਾਨੀਆਂ ਨੇ ਲੱਤਾਂ-ਬਾਹਾਂ ਤੋਂ ਫੜ ਟੀਕਾ ਲੁਆ ਦਿੱਤਾ। ਦਵਾਈ ਨੇ ਅਸਰ ਦਿਖਾਇਆ। ਮੁਬਾਇਲ ਸਕਰੀਨ 'ਤੇ ਲੱਗੇ ਅੱਖਾਂ ਦੇ ਛੱਪਰ ਹੇਠਾਂ ਡਿੱਗਣ ਲੱਗੇ। ਨੀਮ ਬੇਹੋਸ਼ੀ 'ਚ ਵੀ ਪੁੱਤਰ ਨੂੰ ਆਵਾਜ਼ਾਂ ਮਾਰਦੀ ਤੜਫ਼ੇ,

"ਰਾਜਨ, ਹੈਪੀ ਬ'ਡੇ ਪੁੱਤ। ਫ਼ੋਨ ਚੁੱਕ ਲੈ ਮੇਰੇ ਬੱਚੇ। ਵੇਖ ਅਸੀਂ ਸਾਰੇ ਪਾਰਟੀ ਕਰ ਰਹੇ ਤੇਰੇ ਬ'ਡੇ ਦੀ। ਆਹ ਵੇਖ ਤੇਰੇ ਬ'ਡੇ ਦਾ ਕੇਕ। ਤੇਰੀ ਪਸੰਦ ਦਾ ਬਣਾਇਆ ਮੈਂ ਆਪ। ਮੂੰਹ ਖੋਲ੍ਹ...।"

ਖ਼ਾਲੀ ਹੱਥ ਚੁੱਕ-ਚੁੱਕ ਪੁੱਤਰ ਦੇ ਮੂੰਹ 'ਚ ਕੇਕ ਪਾਉਣ ਦੀ ਕੋਸ਼ਿਸ਼ ਕਰਦੀ ਦੀ ਹਾਲਤ ਹਰ ਕਿਸੇ ਨੂੰ ਡੋਬੂ ਪਾਵੇ, ਪਰ ਉਸ ਦੇ ਦਰਦ ਦੀ ਦਵਾ ਕਿਸੇ ਕੋਲ਼ ਨਾ। ਟੀਕੇ ਦਾ ਅਸਰ ਘਟਦਾ। ਉਹ ਫਿਰ ਮੁਬਾਇਲ 'ਤੇ ਵੀਡਿਓ ਕਾਲ ਲਗਾ ਸਕਰੀਨ ਵੇਖਦੀ ਝੂਲਣ ਲੱਗ ਜਾਂਦੀ। ਵਧੇਰੇ ਨਸ਼ੇ ਦੀ ਖ਼ੁਰਾਕ ਖ਼ਤਰਾ ਦੱਸਦੇ ਹੋਏ ਡਾਕਟਰ ਨੇ ਹੋਰ ਇੰਜੈਕਸ਼ਨ ਦੇਣ ਤੋਂ ਨਾਂਹ ਕਰ ਦਿੱਤੀ। ਲਾਸ਼ ਬਣਿਆ ਮਹੇਸ਼ ਡਿੱਕੋ-ਡੋਲੇ ਖਾਂਦਾ ਉੱਠਿਆ ਤੇ ਸਰਿਤਾ ਦੇ ਮੋਢੇ ਝੰਜੋੜਦਾ ਚੀਖਿਆ,

"ਜਦੋਂ ਉਹ ਨੈੱਟਵਰਕ 'ਚ ਨਹੀਂ ਤਾਂ ਗੱਲ ਕਿਵੇਂ ਹੋਏਗੀ? ਮਰ ਗਿਆ ਆਪਣਾ ਪੁੱਤਰ। ਆਪਾਂ ਲੁੱਟੇ ਗਏ ਆਂ। ਕੁਝ ਨਹੀਂ ਬਚਿਆ ਆਪਣੇ ਕੋਲ਼। ਰਾਜਨ ਦੇ ਟਰੱਕ ਦਾ ਐਕਸੀਡੈਂਟ ਹੋ ਗਿਐ ਅਮਰੀਕਾ 'ਚ। ਆਪਣਾ ਪੁੱਤਰ ਉਸ ਜਹਾਨ ਚਲਾ ਗਿਆ ਜਿੱਥੇ ਕੋਈ ਨੈੱਟਵਰਕ ਕੰਮ ਨਹੀਂ ਕਰਦਾ। ਉਹਦਾ ਜਨਮ ਦਿਨ ਹੀ ਮਰਨ ਦਿਨ...।"

ਅੱਗੋਂ ਉਸ ਤੋਂ ਬੋਲ ਨਾ ਹੋਇਆ। ਆਪਣਾ ਸਿਰ ਪਿੱਟਦਿਆਂ ਉਸ ਸਰਿਤਾ ਹੱਥੋਂ ਮੁਬਾਇਲ ਫੜ ਵਗਾਹ ਮਾਰਿਆ। ਮੁਬਾਇਲ ਸਿੱਧਾ ਕੰਧ 'ਚ ਜਾ ਵੱਜਿਆ ਤੇ ਪੁਰਜ਼ਾ-ਪੁਰਜ਼ਾ ਹੋ ਖਿੱਲਰ ਗਿਆ।

"ਮੇਰਾ ਬੱਚਾ, ਮੇਰਾ ਬੱਚਾ...।" ਕਰਦੀ ਸਰਿਤਾ ਨੇ ਬਾਂਗਰ ਲਾ ਦਿੱਤੀ। ਉਸ ਨੂੰ ਚੁੱਪ ਕਰਵਾਉਣ ਲਈ ਅੱਗੇ ਹੁੰਦੀਆਂ ਜ਼ਨਾਨੀਆਂ ਨੂੰ ਰੋਕਦੀ ਬੀਬੀ ਸੁਖਵੰਤ ਬੋਲੀ,

"ਰੋਣ ਦਿਉ ਇਹਨੂੰ। ਜਿੰਨਾ ਰੋਵੇ ਉਨਾ ਚੰਗਾ। ਜੇ ਗ਼ਮ ਦੀ ਗੱਠ ਬੱਝ ਗਈ ਇਹ ਪਾਗ਼ਲ ਹੋ'ਜੂ। ਮਰਿਆਂ ਨਾਲ ਮਰਿਆ ਵੀ ਤੇ ਨਹੀਂ ਜਾਂਦਾ। ਹੁਣ ਤਾਂ ਪੁੱਤ ਦੀਆਂ ਯਾਦਾਂ ਆਸਰੇ ਈ

ਜ਼ਿੰਦਗੀ ਲੰਘਣੀ। ਹੱਸੂੰ-ਹੱਸੂੰ ਕਰਦਾ ਇੱਥੇ ਗਲੀ 'ਚ ਭੱਜਿਆ ਫਿਰਦਾ...! ਆਉਂਦਾ-ਜਾਂਦਾ ਬੁਲਾ ਕੇ ਨਿਕਲਦਾ।"

ਚੁੰਨੀ ਦੇ ਪੱਲੂ ਨਾਲ ਨੱਕ, ਅੱਖਾਂ ਪੂੰਝਦਿਆਂ ਉਸ ਰਾਜਨ ਦੀਆਂ ਯਾਦਾਂ ਦੀ ਤੰਦ ਛੋਹ ਲਈ। ਹੁੰਗਾਰਾ ਭਰਦੀਆਂ ਭੂਰੇ 'ਤੇ ਬੈਠੀਆਂ ਜ਼ਨਾਨੀਆਂ ਆਪੋ-ਆਪਣੇ ਹਿੱਸੇ ਦਾ ਸਾਥ ਫਰੋਲਣ ਲੱਗੀਆਂ,

"ਐਡਾ ਸਾਊ ਮੁੰਡਾ, ਕਦੀ ਉੱਚਾ ਬੋਲਦਾ ਨਾ ਸੁਣਿਆ। ਅਸੀਂ ਤਾਂ ਨਿੱਕੇ ਜਿਹੇ ਨੂੰ ਸੈਕਲੀ ਭਜਾਉਂਦੇ ਵੇਖਿਆ। ਸਾਇਕਲ ਤੋਂ ਮੋਟਰਸੈਕਲ ਚਲਾਉਂਦਾ ਜਹਾਜ਼ ਚੜ੍ਹ ਗਿਆ। ਗੱਲ-ਗੱਲ 'ਚ ਮੇਰਾ ਰਾਜਨ, ਮੇਰਾ ਰਾਜਨ ਕਰਦੀ ਸਰਿਤਾ ਦਾ ਮੂੰਹ ਸੁੱਕਦਾ। ਰਾਜਨ ਮੈਨੂੰ ਇਹ ਕਹਿੰਦਾ, ਰਾਜਨ ਮੈਨੂੰ ਉਹ ਕਹਿੰਦਾ।"

ਇਕ ਫਫਕੀ ਤਾਂ ਦੂਜੀ ਨੇ ਹਉਕਾ ਭਰਿਆ,

"ਤਿੰਨ ਵਰ੍ਹੇ ਹੋ'ਗੇ ਸੀ ਗਏ ਨੂੰ। ਪੱਕਾ ਹੋਣ ਵਾਲਾ ਸੀ...। ਪਿਛਲੇ ਮਹੀਨੇ ਵਿਆਹ ਹੋਇਆ ਉੱਧਰ। ਲੁੱਟੀ ਗਈ ਲੜ ਲੱਗਣ ਵਾਲੀ ਵੀ। ਇਹ ਤਾਂ ਨੂੰਹ-ਪੁੱਤਰ ਦੇ ਆਉਣ ਦੀਆਂ ਤਿਆਰੀਆਂ 'ਚ ਉੱਡੇ-ਫਿਰਦੇ ਸੀ। ਕੌਣ ਜਾਣਦਾ ਸੀ...? ਓਏ ਹੋਏ...! ਐਡਾ ਕਹਿਰ ਵੇ ਰੱਬਾ...!"

ਅੱਗੋਂ ਕਿਸੇ ਤੋਂ ਬੋਲ ਨਾ ਹੋਇਆ। ਚੁੱਪ ਦੇ ਪਸਾਰ 'ਚ ਮਹੇਸ਼ ਦਾ ਰੁਦਨ ਉਭਰਿਆ,

"ਹਾਏ ਮੇਰੇ ਪੁੱਤ ਦਾ ਬ'ਡੇ ਸੀ। ਅਸੀਂ ਤਾਂ ਪਾਰਟੀ ਕਰਦੇ ਸੀ ਸਾਰੇ। ਇੱਧਰ ਰਾਤ ਉੱਧਰ ਦਿਨ ਦਾ ਹਿਸਾਬ ਲਾ ਅਸੀਂ ਰਾਤੀਂ ਡੇਢ ਵਜੇ ਕੇਕ ਕੱਟਣ ਲੱਗਿਆਂ ਫ਼ੋਨ ਲਾਈਏ। ਰਿੰਗ ਜਾਵੇ ਫ਼ੋਨ ਨਾ ਚੁੱਕੇ। ਫਿਰ ਮੁਬਾਇਲ ਬੰਦ ਹੋ ਗਿਆ। ਨੈੱਟਵਰਕ ਚਲਾ ਗਿਆ ਹੋਣੈ, ਸੋਚ ਕੇ ਅਸੀਂ ਨੱਚਦੇ-ਟੱਪਦੇ ਕੇਕ ਕੱਟਿਆ। ਸਵੇਰ ਤਕ ਫ਼ੋਨ ਨਾ ਆਇਆ। ਅਸੀਂ ਬਹੂ ਦੇ ਪੇਕੇ ਪਹਿਲਾ ਫੇਰਾ ਪਾਉਣ ਜਾਣਾ ਸੀ। ਨਿਕਲਣ ਲੱਗੇ ਸੀ ਕਿ ਵੱਡੇ ਭਰਾ ਦਾ ਮੁੰਡਾ ਆ ਗਿਆ। ਰੰਗ ਉੱਡਿਆ ਹੋਇਆ। ਡਰਿਆ, ਘਾਬਰਿਆ ਜਿਹਾ ਬੋਲਿਆ। ਅਖੇ, 'ਰਾਜਨ ਦੇ ਟਰੱਕ ਦਾ ਰਾਤੀਂ ਐਕਸੀਡੈਂਟ ਹੋ ਗਿਐ ਚਾਚੂ।' ਸੁਣ ਕੇ ਮੇਰਾ ਸ਼ਰੀਰ ਸੁੰਨ ਪੈ ਗਿਆ। ਭਤੀਜਾ ਕਹਿੰਦਾ ਰਾਤੀਂ ਡੇਢ ਵਜੇ ਰਾਜਨ ਦੇ ਖੜ੍ਹੇ ਟਰੱਕ ਵਿਚ ਸਾਹਮਣਿਓਂ ਆਉਂਦਾ ਟਰੱਕ ਵੱਜਿਐ। ਦੂਜੇ ਟਰੱਕ ਨੂੰ ਅੱਗ ਲੱਗ ਗਈ। ਉਸ 'ਚ ਸਵਾਰ ਦੋਵੇਂ ਮੁੰਡੇ ਵਿਚੇ ਸੜ ਕੇ ਸੁਆਹ ਹੋ ਗਏ। ਆਪਣੇ ਰਾਜਨ ਦੇ ਨਾਲ ਵਾਲਾ ਸਹਾਇਕ ਮੁੰਡਾ ਕੌਮਾ 'ਚ ਏ ਤੇ ਰਾਜਨ...। ਹਾਏ ਓ ਰੱਬਾ! ਅਸੀਂ ਪੁੱਤਰ ਦੇ ਜਨਮ ਦਿਨ ਦਾ ਨਹੀਂ ਮੌਤ ਦਾ ਕੇਕ ਕੱਟਦੇ ਨੱਚੀ ਗਏ...! ਸਾਨੂੰ ਮੌਤ ਕਿਉਂ ਨਾ ਆਈ...?"

ਆਪਣਾ ਸਿਰ ਪਿੱਟਦਾ ਮਹੇਸ਼ ਗਸ਼ ਖਾ ਗਿਆ। ਉਸ ਦੀ ਹਾਲਤ ਵੇਖ ਰੋਂਦੇ-ਕੁਰਲਾਉਂਦੇ ਸਾਰਿਆਂ ਨੂੰ ਹੱਥਾਂ ਪੈਰਾਂ ਦੀ ਪੈ ਗਈ। ਕੋਈ ਹੱਥਾਂ-ਪੈਰਾਂ ਦੀਆਂ ਤਲੀਆਂ ਝੱਸੇ, ਕੋਈ ਮੂੰਹ 'ਚ ਪਾਣੀ ਦਾ ਘੁੱਟ ਪਾਵੇ, ਪਰ ਉਸ ਬਾਪ ਨੂੰ ਕਿੱਥੋਂ ਹੌਸਲਾ ਆਵੇ ਜਿਸ ਦਾ ਜੱਗ 'ਚੋਂ ਸੀਰ ਮੁੱਕ ਗਿਆ ਸੀ।

"ਹੌਸਲਾ ਕਰ ਮਹੇਸ਼। ਡਾਹਢੇ ਅੱਗੇ ਕਿਸ ਦਾ ਜ਼ੋਰ। ਹੋਣੀ ਵੱਸ 'ਚ ਹੁੰਦੀ, ਮੁੰਡੇ ਨੂੰ ਬਾਹਰ ਹੀ ਕਿਉਂ ਘੱਲਦੇ? ਭੋਇੰ ਮੰਡਲਾ ਖਿੱਚ ਕੇ ਲੈ ਗਿਆ। ਰੋਟੀ ਤਾਂ ਇੱਥੇ ਵੀ ਖਾ ਕੇ ਸੌਂਦੇ ਸਾਂ। ਸਬਰ ਕਰ...। ਹਾਏ ਓਏ ਰੱਬਾ ਸਾਨੂੰ ਚੁੱਕ ਲੈਂਦਾ, ਹੱਸਣ-ਖੇਡਣ ਦੀ ਉਮਰੇ ਸਾਡੇ ਬੱਚੇ ਨਾਲ ਕਿਹੜੀ ਕੀਤੀ...?" ਭਰਾ ਨੂੰ ਦਿਲਾਸਾ ਦਿੰਦਾ ਮਹੇਸ਼ ਦਾ ਵੱਡਾ ਭਰਾ ਭੁੱਬੀਂ ਰੋਂਦਾ।

ਉੱਧਰ ਸਰਿਤਾ ਨੂੰ ਦੰਦਲਾਂ ਪੈ-ਪੈ ਜਾਣ। ਦੰਦਲ਼ ਖੁੱਲ੍ਹਦੇ ਵਿਰਲਾਪ ਕਰਨ ਲੱਗਦੀ,

"ਕਿਸੇ ਨੂੰ ਕੀ ਆਖਾਂ, ਮੇਰਾ ਮੁੰਡਾ ਹੀ ਜਿੱਦਲ। ਕਿੰਨਾ ਸਮਝਾਇਆ। ਬਾਹਰ ਜਾ ਕੇ ਦਿਹਾੜੀਆਂ-ਮਜ਼ਦੂਰੀਆਂ ਕਰਨ ਨਾਲੋਂ ਇੱਥੇ ਕੋਈ ਕੰਮ-ਧੰਦਾ ਕਰ ਲੈ। ਅਸੀਂ ਰਾਜੇ-ਮਹਾਰਾਜੇ ਨਾ ਸਹੀ, ਭੁੱਖੇ ਵੀ ਤਾਂ ਨਹੀਂ ਸੀ ਮਰਦੇ। ਪਰ ਨਹੀਂ, ਇਸ ਪਿਉ ਦੇ ਪੁੱਤਰ ਨੇ ਇਕੋ ਰੱਟ ਫੜੀ ਸੀ। ਕੈਨੇਡਾ ਜਾਣੈ, ਕੈਨੇਡਾ ਜਾਣੈ। ਹਾਏ ਓ ਰੱਬਾ...ਖਾ ਗਿਆ ਕੈਨੇਡਾ ਸਾਨੂੰ...!"

ਉਸ ਨੂੰ ਫਿਰ ਦੰਦਲ਼ ਪੈ ਗਈ। ਨੱਕ ਮੂੰਹ ਘੁੱਟ ਕੇ ਜ਼ਨਾਨੀਆਂ ਨੇ ਦੰਦਲ਼ ਖੋਲ੍ਹੀ। ਸੁਰਤ 'ਚ

ਆਈ। ਫਿਰ ਉਹੀ ਹਾਲ-ਦੁਹਾਈ,

"ਪਤਾ ਨਹੀਂ ਕਿਹੜਾ ਜਹਾਨ ਜਿੱਤਣਾ ਸੀ...? ਬੀ.ਕਾਮ ਦਾ ਰਿਜ਼ਲਟ ਆਇਆ। ਪੁੱਛਿਆ ਨਾ ਦੱਸਿਆ ਆਈਲੈਟਸ ਕੀਤੀ ਤੇ ਵੀਜ਼ੇ ਲਈ ਫ਼ਾਈਲ ਲਾ ਦਿੱਤੀ। ਮੈਂ ਆਖਾਂ ਸਾਡੇ ਕੋਲ ਕੈਨੇਡਾ ਭੇਜਣ ਲਈ ਲੱਖਾਂ ਹੈਨੀ। ਅੱਗੋਂ ਕਹਿੰਦਾ, 'ਸਟੱਡੀ ਵੀਜ਼ੇ ਦਾ ਬੈਂਕ ਤੋਂ ਲੋਨ ਪਾਸ ਕਰਵਾ ਲਿਐ। ਮੋਟਰਸੈਕਲ ਵੇਚ ਦੂੰ, ਕੁੱਝ ਇੱਧਰੋਂ-ਉੱਧਰੋਂ ਫੜ ਕੇ ਹੋ'ਜੂ ਪ੍ਰਬੰਧ। ਤੁਸੀਂ ਫਿਕਰ ਨਾ ਕਰੋ। ਜਾ ਕੇ ਦਿਨ-ਰਾਤ ਇਕ ਕਰ ਦੇਣੈ। ਡਾਲਰਾਂ ਦੇ ਟਰੱਕ ਭਰ-ਭਰ ਭੇਜੂੰ ਮਾਤਾ। ਤੂੰ ਇਹ ਸੋਚ ਸਾਂਭਣੇ ਕਿੱਥੇ ਆ ਤੇ ਖਰਚਣੇ ਕਿੱਥੇ ਆ।' ਸਾਨੂੰ ਦੋਹਾਂ ਜੀਆਂ ਨੂੰ ਡੋਬੂ ਪੈਣ। ਰੱਬ ਅੱਗੇ ਅਰਦਾਸਾਂ ਕਰੀਏ। ਹੇ ਪਰਮਾਤਮਾ! ਮਿਹਰ ਕਰ। ਸਾਡੇ ਪੁੱਤਰ ਦਾ ਵੀਜ਼ਾ ਨਾ ਲੁਆਈਂ। ਰੱਬ ਨੇ ਸਾਡੀ ਇਕ ਨਾ ਸੁਣੀ। ਦਿਨਾਂ 'ਚ ਵੀਜ਼ਾ ਆ ਗਿਆ। ਅਸੀਂ ਪੁੱਤਰ ਦੀ ਜ਼ਿੱਦ ਅੱਗੇ ਹਾਰ ਗਏ। ਕਿੰਨਾ ਆਖਿਆ ਟਰੱਕ ਨਹੀਂ ਚਲਾਉਣਾ। ਤੂੰ ਕੋਈ ਹੋਰ ਕੰਮ ਕਰ ਲੈ। ਇਹ ਮਾਂ ਦਾ ਲਾਲ ਨਾ ਮੰਨਿਆ। ਅਖੇ, 'ਤੁਹਾਨੂੰ ਦੁਨੀਆਂ ਦੀ ਹਰ ਉਹ ਸ਼ੈਅ ਲੈ ਕੇ ਦਊਂ ਜਿਸ ਲਈ ਤਰਸ-ਤਰਸ ਦਿਨ ਕਟੀ ਕਰਦੇ ਓ। ਆਪਣੇ ਸੁਪਨੇ ਵੱਡੇ ਆ ਮਾਤਾ। ਵੱਡੇ ਸੁਪਨੇ ਪੂਰੇ ਕਰਨ ਲਈ ਚੈਲੰਜ ਵੀ ਵੱਡੇ ਲੈਣੇ ਪੈਂਦੇ ਆ...। ਤੇਰਾ ਪੁੱਤ ਕੈਨੇਡਾ ਤੋਂ ਅਮਰੀਕਾ ਰੂਟ 'ਤੇ ਟਰੱਕ ਨੂੰ ਭੁਆਟਣੀਆਂ ਦਿੰਦੈ।' ਦੇ ਲਈਆਂ ਭੁਆਟਣੀਆਂ। ਲੈ ਲਿਆ ਰੱਬ ਨਾਲ ਪੰਗਾ...! ਜਿੱਤ ਲਿਆ ਜਹਾਨ...! ਹਾਏ! ਮਾਰ ਕੇ ਸੁੱਟ ਗਿਆ ਸਾਨੂੰ...!" ਉਹ ਪੱਟ, ਛਾਤੀਆਂ, ਮੂੰਹ ਸਿਰ ਪਿੱਟਦੀ ਆਪੇ ਤੋਂ ਬਾਹਰ ਹੋਣ ਲੱਗੀ।

"ਨਾ ਪੁੱਤ, ਆਪਣਾ-ਆਪ ਪਿੱਟਿਆਂ ਕੁਝ ਨਹੀਂ ਮੁੜਨਾ...। ਪੁੱਤ ਗਿਆ। ਨੂੰਹ ਹੈਗੀ। ਉਸੇ 'ਚੋਂ ਪੁੱਤ ਲੱਭਣਾ ਪੈਣਾ...। ਪੁੱਤ ਖੋਹ ਕੇ ਰੱਬ ਨੇ ਧੀ ਦੇ'ਤੀ...। ਆਹ ਪਾਣੀ ਦਾ ਘੁੱਟ ਭਰ, ਸਬਰ ਕਰ ...! "

ਸੁਖਵੰਤ ਬੀਬੀ ਨੇ ਲਾਡ ਨਾਲ ਸਿਰ ਪਲੋਸਦਿਆਂ ਪਾਣੀ ਦਾ ਗਲਾਸ ਸਰਿਤਾ ਦੇ ਮੂੰਹ ਨੂੰ ਲਾ ਦਿੱਤਾ। ਪਾਣੀ ਦਾ ਘੁੱਟ ਅੰਦਰ ਗਿਆ। ਹਉਕਾ ਭਰਦੀ ਉਹ ਨੂੰਹ-ਪੁੱਤ ਦੀਆਂ ਗੱਲਾਂ ਕਰਨ ਲੱਗੀ,

"ਜਿਹੜੀ ਜ਼ਿੱਦ ਫੜਦਾ ਉਸੇ ਦੇ ਪਿੱਛੇ ਪੈ ਜਾਂਦਾ। ਛੇ ਮਹੀਨਿਆਂ ਤੋਂ ਸਾਡੀ ਜਾਨ ਲੈਣੀ ਕੀਤੀ ਸੀ। ਮੇਰਾ ਵਿਆਹ ਕਰ ਦੋ, ਮੇਰਾ ਵਿਆਹ ਕਰ ਦੋ। ਮੈਂ ਆਖਾਂ ਕੁੜੀਆਂ ਕੋਈ ਥਾਲੀ 'ਚ ਧਰੀਆਂ ਪਈਆਂ ਨੇ। ਆਖਦਾ, ਮੈਨੂੰ ਪਸੰਦ ਏ ਇਕ ਕੁੜੀ। ਇੱਥੇ ਕੈਨੇਡਾ ਹੀ ਏ। ਇਕ ਬੂਟੀਕ 'ਚ ਡਰੈੱਸ ਡਿਜ਼ਾਇਨਰ ਜੌਬ 'ਤੇ ਆ। ਪਿੱਛੋਂ ਘਰੋਂ ਤਾਂ ਆਪਣੇ ਵਾਂਗ ਠੀਕ-ਠਾਕ ਹੀ ਆ, ਪਰ ਹੈ ਇੱਧਰ ਪੀ.ਆਰ.। ਉਸ ਨਾਲ ਮੇਰਾ ਪੱਕਾ ਹੋਣਾ ਸੌਖਾ ਹੋ'ਜੂ। ਇਹ ਕਹਿਣ ਲੱਗੇ, ਜ਼ਿੰਦਗੀ ਉਸ ਨੇ ਗੁਜ਼ਾਰਨੀ ਏ। ਜਿੱਥੇ ਖ਼ੁਸ਼ ਏ ਉੱਥੇ ਵਿਆਹ ਦਿੰਨੇ ਆਂ। ਅਸੀਂ ਜ਼ੋਰ ਪਾਈਏ ਇੱਧਰ ਆ'ਜੋ। ਅਸੀਂ ਤੁਹਾਡਾ ਵਿਆਹ ਕਰਨੈ। ਅਖੇ, ਸਾਡੇ ਦੋਹਾਂ ਦੇ ਆਉਣ-ਜਾਣ ਦੀਆਂ ਟਿਕਟਾਂ 'ਤੇ ਹੀ ਲੱਖਾਂ ਰੁਪਈਆ ਲੱਗ ਜਾਣੈ। ਐਨਾ ਪੈਸਾ ਕਮਾਉਣ ਲਈ ਬੰਦੇ ਦਾ ਥੱਲਾ ਘਸ ਜਾਂਦੈ। ਉਂ ਵੀ ਮੇਰੇ ਪੱਕਾ ਹੋਣ ਲਈ ਇੱਧਰ ਪੇਪਰ ਮੈਰਿਜ ਕਰਨੀ ਪੈਣੀ ਏ। ਮੈਂ ਬਹੂ ਅੱਗੇ ਅਰਜ਼ ਗੁਜ਼ਾਰੀ। ਉਸ ਇੱਧਰ ਆਉਣ ਦੀ ਹਾਮੀ ਭਰ'ਤੀ। ਕਹਿੰਦੀ, ਮੰਮਾ ਇੱਧਰ ਪੇਪਰ ਮੈਰਿਜ ਕਰਵਾ ਕੇ ਅਸੀਂ ਅਗਲੇ ਮਹੀਨੇ ਇੰਡੀਆ ਆ ਜਾਵਾਂਗੇ। ਪਿਛਲੇ ਮਹੀਨੇ ਉੱਧਰ ਪੇਪਰ ਮੈਰਿਜ ਹੋਈ। ਸਾਡਾ ਚਾਅ ਸਾਂਭਿਆਂ ਨਾ ਸੰਭੇ। ਸਾਰੇ ਹਿਸਾਬ-ਕਿਤਾਬ ਲਾ ਅਸੀਂ ਵਿਆਹ ਦੀਆਂ ਤਿਆਰੀਆਂ ਕਰਨ ਲੱਗੇ। ਨਾ ਮੇਰੇ ਪੁੱਤ ਨੇ ਸਿਹਰੇ ਬੰਨ੍ਹੇ, ਨਾ ਮੈਂ ਨੂੰਹ-ਪੁੱਤ ਤੋਂ ਪਾਣੀ ਵਾਰਿਆ...। ਆ ਜਾ ਵੇ ਮੇਰੇ ਲਾਲ ਤੇਰੀ ਮਾਂ ਦੀਆਂ ਆਂਦਰਾਂ ਤਰਸਦੀਆਂ। ਮੇਰੇ ਘੁੱਟ ਕੇ ਕਲੇਜੇ ਲੱਗ ਜਾ ਮੇਰੇ ਲਾਡਲੇ ਬੱਚਿਆ...!"

ਹਟਕੋਰੇ ਭਰ-ਭਰ ਪੁੱਤਰ ਦੀਆਂ ਗੱਲਾਂ ਕਰਦੀ ਉਹ ਵੈਣ ਪਾਉਣ ਲੱਗਦੀ ।

***

ਇਕ-ਇਕ ਕਰਕੇ ਦਿਨ ਬੀਤਣ ਲੱਗੇ। ਰਾਜਨ ਦੀ ਮ੍ਰਿਤਕ ਦੇਹ ਵਾਪਸ ਲਿਆਉਣੀ ਸੌਖੀ

ਨਾ। ਫੈਕਟਰੀ 'ਚ ਮੁਲਾਜ਼ਮ ਮਹੇਸ਼ ਦੀ ਤਨਖ਼ਾਹ ਨਾਲ ਘਰ ਦਾ ਗੁਜ਼ਾਰਾ ਔਖਾ-ਸੌਖਾ ਚੱਲਦਾ। ਰਿਸ਼ਤੇਦਾਰ ਵੀ ਉਹਨਾਂ ਵਾਂਗ ਸੱਜਰੀ ਕਮਾ ਕੇ ਖਾਣ ਵਾਲੇ। ਲੱਖਾਂ ਡਾਲਰ ਕਿੱਥੋਂ ਇਕੱਠੇ ਕਰਦਾ? ਉਹ ਪੁੱਤਰ ਦੀ ਇਕ ਆਖਰੀ ਝਲਕ ਪਾਉਣ ਲਈ ਤਰਸਣ ਲੱਗੇ। ਮਜਬੂਰ ਮਾਪਿਆਂ ਦੀ ਸਾਰੀ ਟੇਕ ਨੂੰਹ ਉੱਤੇ। ਪਲ਼ਾਂ-ਛਿਣਾਂ 'ਚ ਸੁਹਾਗਣ ਤੋਂ ਵਿਧਵਾ ਹੋਈ ਅਨਿਕਾ ਪਰਦੇਸ ਵਿਚ ਪਤੀ ਦੀ ਮ੍ਰਿਤਕ ਦੇਹ ਨੂੰ ਕਲਾਵਾ ਭਰਨ ਲਈ ਹਾੜ੍ਹੇ ਕੱਢਣ ਲੱਗੀ। ਉਸ ਟੋਰਾਂਟੋ ਦੇ ਹਰ ਉਸ ਬਾਸ਼ਿੰਦੇ ਨਾਲ ਸੰਪਰਕ ਸਾਧਿਆ ਜੋ ਰਾਜਨ ਦੀ ਮ੍ਰਿਤਕ ਦੇਹ ਅਮਰੀਕਾ ਤੋਂ ਕੈਨੇਡਾ ਤੇ ਫਿਰ ਕੈਨੇਡਾ ਤੋਂ ਭਾਰਤ ਲਿਆਉਣ 'ਚ ਸਹਾਈ ਹੋ ਸਕਦਾ ਸੀ। ਵਰਕ ਪਰਮਿਟ 'ਤੇ ਕੰਮ ਕਰ ਰਹੇ ਰਾਜਨ ਦੀ ਅੰਤਿਮ ਯਾਤਰਾ ਦਾ ਪੰਧ ਐਨਾ ਸੌਖਾ ਨਾ। ਰਾਜਨ ਦੀ ਡੈੱਡ ਬਾਡੀ ਅਮਰੀਕਾ ਤੋਂ ਕੈਨੇਡਾ ਲੈ ਕੇ ਆਉਣ ਵਿਚ ਉੱਧਰ ਦੇ ਪੁਲਿਸ ਪ੍ਰਸ਼ਾਸਨ ਨੇ ਤਨਦੇਹੀ ਨਾਲ ਫ਼ਰਜ਼ ਨਿਭਾਇਆ, ਪਰ ਕੈਨੇਡਾ ਤੋਂ ਭਾਰਤ ਬਾਡੀ ਲੈ ਕੇ ਆਉਣਾ ਡੌਂਕੀ ਲਾਉਣ ਨਾਲੋਂ ਵੀ ਔਖਾ। ਇਕ-ਇਕ ਕਰਕੇ ਦਿਨ ਲੰਘਣ ਲੱਗੇ। ਸਰਿਤਾ ਤੇ ਮਹੇਸ਼ ਦੀ ਪੁੱਤਰ ਦੀ ਆਖਰੀ ਝਲਕ ਪਾਉਣ ਦੀ ਲੰਬੀ ਹੁੰਦੀ ਉਡੀਕ ਨਿਰਾਸ਼ਾ ਦੇ ਖ਼ੂਹ ਲਹਿਣ ਲੱਗੀ, ਪਰ ਅਨਿਕਾ ਨੇ ਆਸ ਦਾ ਪੱਲਾ ਨਾ ਛੱਡਿਆ। ਪੁੱਤਰ ਦੀ ਇਕ ਆਖ਼ਰੀ ਝਲਕ ਲਈ ਤਰਸ ਰਹੇ ਮਾਪਿਆਂ ਨੂੰ ਹੌਸਲਾ ਦੇ ਉਸ ਪਤੀ ਦੀ ਅੰਤਿਮ ਯਾਤਰਾ ਲਈ ਸੋਸ਼ਲ ਮੀਡੀਆ 'ਤੇ ਫੰਡ ਰੇਜ਼ਿੰਗ ਲਈ ਦੁਹਾਈ ਲਾ ਦਿੱਤੀ,

"ਮੇਰਾ ਨਾਂ ਅਨਿਕਾ ਹੈ। ਮੈਂ ਆਪਣੇ ਮ੍ਰਿਤਕ ਪਤੀ ਰਾਜਨ ਲਈ ਫੰਡ ਰੇਜ਼ ਕਰ ਰਹੀ ਹਾਂ। ਰਾਜਨ 'ਇਕ ਖੁਸ਼ਮਿਜ਼ਾਜ ਅਤੇ ਮਿਹਨਤੀ ਨੌਜਵਾਨ ਸੀ, ਜਿਸ ਨੂੰ ਹਰ ਕੋਈ ਪਿਆਰ ਕਰਦਾ ਸੀ। ਉਹ ਆਪਣੇ ਮਾਪਿਆਂ ਦਾ ਇਕਲੌਤਾ ਬੱਚਾ ਸੀ। ਪਿਛਲੇ ਮਹੀਨੇ ਹੀ ਮੇਰਾ ਰਾਜਨ ਨਾਲ ਵਿਆਹ ਹੋਇਆ ਸੀ। ਆਪਣੇ ਜਨਮ ਦਿਨ ਵਾਲੇ ਦਿਨ ਮਹਿਜ਼ 25 ਸਾਲਾ ਰਾਜਨ ਇਕ ਸੜਕ ਹਾਦਸੇ ਵਿਚ ਆਪਣੀ ਜ਼ਿੰਦਗੀ ਗੰਵਾ ਬੈਠਾ। ਉਸ ਨੂੰ ਮੌਕੇ 'ਤੇ ਹੀ ਮੁਰਦਾ ਘੋਸ਼ਿਤ ਕੀਤਾ ਗਿਆ। ਉਸ ਨੂੰ ਥੰਡਰ ਬੇਅ ਹਾਰਬਰ ਵਿਊ ਫ਼ਿਊਨਰਲ ਸੈਂਟਰ ਰੱਖਿਆ ਗਿਆ ਹੈ। ਮੈਂ ਆਪ ਜੀ ਨੂੰ ਮਦਦ ਲਈ ਬੇਨਤੀ ਕਰ ਰਹੀ ਹਾਂ ਤਾਂ ਜੋ ਮੈਂ ਰਾਜਨ ਨੂੰ ਆਪਣੇ ਮਾਪਿਆਂ ਕੋਲ਼ ਲੈ ਜਾ ਸਕਾਂ, ਜਿਨ੍ਹਾਂ ਨੇ ਆਪਣਾ ਇਕਲੌਤਾ ਬੱਚਾ ਗੁਆ ਦਿੱਤਾ ਹੈ। ਇਸ ਮਾੜੇ ਵਕਤ ਵਿਚ ਤੁਹਾਡੇ ਵੱਲੋਂ ਦਿੱਤੀ ਗਈ ਕੋਈ ਵੀ ਰਕਮ, ਛੋਟੀ ਜਾਂ ਵੱਡੀ, ਸਾਡੇ ਲਈ ਬਹੁਤ ਮਾਇਨੇ ਰੱਖਦੀ ਹੈ।"

ਉਸ ਦੀ ਹਿਰਦੇਵੇਧਕ ਅਪੀਲ ਦਾ ਲੋਕ ਮਨਾਂ 'ਤੇ ਗਹਿਰਾ ਅਸਰ ਹੋਇਆ। ਵੇਖਦੇ ਹੀ ਵੇਖਦੇ ਮਦਦ ਲਈ ਹੱਥ ਅੱਗੇ ਆਉਣ ਲੱਗੇ। ਕਿਸੇ ਨੇ ਇਕ ਡਾਲਰ ਤਾਂ ਕਿਸੇ ਨੇ ਇਕ ਹਜ਼ਾਰ ਡਾਲਰ ਤਕ ਦੀ ਮਦਦ ਕੀਤੀ। ਉਹ ਪਲ਼-ਪਲ਼ ਦੀ ਖ਼ਬਰ ਮਾਪਿਆਂ ਤੇ ਸੱਸ-ਸਹੁਰੇ ਨੂੰ ਦਿੰਦੀ। ਅਠਾਈਵੇਂ ਦਿਨ ਉਸ ਸੁਨੇਹਾ ਦਿੱਤਾ,

"ਸਾਰੀ ਕਾਰਵਾਈ ਮੁਕੰਮਲ ਹੋ ਗਈ ਹੈ। ਰਾਜਨ ਦੀ ਬੌਡੀ ਇੰਡੀਆ ਲੈ ਕੇ ਆਉਣ ਦਾ ਰਾਹ ਪੱਧਰਾ ਹੋ ਗਿਐ।"

***

ਬੱਤੀਵੇਂ ਦਿਨ ਅਨਿਕਾ ਨੇ ਰੋਂਦੇ-ਕੁਰਲਾਉਂਦੇ ਸਹੁਰੇ ਘਰ ਪੈਰ ਪਾਇਆ। ਨੂੰਹ ਨੂੰ ਸੀਨੇ ਲਾ ਸਰਿਤਾ ਰੋ-ਰੋ ਗਾਉਣ ਲੱਗੀ,

*"ਪੁੱਤਰਾਂ ਦੇ ਜੰਮਣੇ ਵੇ ਰਾਜਾ, ਨੂੰਹਾਂ ਦੇ ਆਵਣੇ*

*ਇੰਦਰ ਦੀ ਵਰਖਾ ਵੇ ਰਾਜਾ ਨਿੱਤ ਨਹੀਓਂ...।* ਇਹ ਕਿਹੜੀ ਵਰਖਾ ਦਿਖਾਈ ਤੂੰ ਰੱਬਾ...!"

ਵਿਆਹ ਦਾ ਗੀਤ ਗਾ-ਗਾ ਵੈਣ ਪਾਉਂਦੀ ਛਾਤੀਆਂ ਪਿੱਟੇ। ਉਸ ਦੀ ਹਾਲਤ ਵੇਖ ਚਾਰੇ ਪਾਸੇ ਕੁਰਲਾਹਟ ਮੱਚ ਗਿਆ। ਆਕਾਸ਼ ਚੀਰਵੇਂ ਵੈਣ ਪਾਉਂਦੀ ਨੇ ਹੋਣੀ ਨਾਲ ਉਹ ਸਾਰੇ ਗਿਲੇ ਕੀਤੇ ਜੋ

ਇਕ ਮਾਂ ਸੱਧਰਾਂ ਮਰਨ 'ਤੇ ਕਰ ਸਕਦੀ ਸੀ। ਤੇਤੀਵੇਂ ਦਿਨ ਦੀ ਸਵੇਰ ਵਿਹੜੇ 'ਚ ਚਿੱਟੀਆਂ ਕਨਾਤਾਂ ਲਵਾਉਂਦਾ ਮਹੇਸ਼ ਡੌਰ-ਭੌਰਾ ਹੋਇਆ ਅੰਦਰ-ਬਾਹਰ ਹੋ ਰਿਹਾ। ਸਭ ਦੀਆਂ ਅੱਖਾਂ ਰਾਹ 'ਤੇ ਲੱਗੀਆਂ ਹੋਈਆਂ। ਮਕਾਣਾਂ ਦਾ ਰੁਦਨ ਅੰਬਰ ਹਿਲਾ ਰਿਹਾ। ਉਹ ਘੜੀ ਵੀ ਆ ਪਹੁੰਚੀ ਜਦੋਂ ਐਂਬੂਲੈਂਸ ਨੇ ਘਰ ਦੇ ਗੇਟ 'ਤੇ ਆ ਬਰੇਕ ਲਾਈ। ਛੇ ਫੁੱਟ ਲੰਮਾ-ਲੰਝਾ ਪੁੱਤਰ ਤਾਬੂਤ 'ਚ ਬੰਦ ਅੱਖਾਂ ਮੀਟੀ ਪਿਆ। ਪੁੱਤਰ ਨੂੰ ਕਲਾਵੇ ਭਰਨ ਲਈ ਮਹੇਸ਼ ਹੌਸਲੇ ਨਾਲ ਅੱਗੋਂ ਦੀ ਹੋਇਆ, ਪਰ ਤਾਬੂਤ ਤਕ ਪਹੁੰਚਣ ਤੋਂ ਪਹਿਲਾਂ ਹੀ ਗਸ਼ ਖਾ ਕੇ ਜ਼ਮੀਨ 'ਤੇ ਡਿੱਗ ਪਿਆ। ਵਾਹੋ-ਦਾਹ ਆਸੇ-ਪਾਸੇ ਖੜ੍ਹੇ ਬੰਦਿਆਂ ਨੇ ਉਸ ਨੂੰ ਚੁੱਕ ਕੇ ਖੜ੍ਹਾ ਕੀਤਾ। ਸ਼ੀਸ਼ੇ ਲੱਗੇ ਤਾਬੂਤ 'ਚ ਪਏ ਪੁੱਤਰ ਨੂੰ ਬਾਹਾਂ 'ਚ ਲੈਣ ਲਈ ਤਰਸਦੀ ਸਰਿਤਾ ਦਾ ਰੁਦਨ ਉਭਰਿਆ,

*"ਰਾਣੀ ਤਾਂ ਆਖੇ ਵੇ ਰਾਜਾ ਸੁਣ ਮੇਰੀ ਬਾਤ ਵੇ*

*ਗਾਗਰ ਦੇ ਸੁੱਚੇ ਵੇ ਮੋਤੀ ਕਿਸ ਨੂੰ ਦੇਈਏ...*। ਉੱਠ ਜਾ ਪੁੱਤਰ। ਅਜੇ ਤਾਂ ਮੈਂ ਲਲਾਰੀ ਤੋਂ ਤੇਰਾ ਚੀਰਾ ਵੀ ਨਹੀਂ ਸੀ ਰੰਗਵਾਇਆ। ਉੱਠ ਜਾ ਮੈਂ ਤੇਰੇ ਸ਼ਗਨ ਮਨਾਵਾਂ...। ਮੈਨੂੰ ਘੁੱਟ ਕੇ ਜੱਫ਼ੀ ਪਾ ਲੈ ਮੇਰੇ ਰਾਜਿਆ ਪੁੱਤਰਾ...!" ਤਾਬੂਤ ਨਾਲ ਲਿਪਟਦੇ ਦੋਹਾਂ ਜੀਆਂ ਨੂੰ ਸੰਭਾਲਣਾ ਕਿਸੇ ਦੇ ਵੱਸ ਨਾ। ਬਦਨਸੀਬੀ ਐਸੀ ਤਿੰਨ ਸਾਲਾਂ ਬਾਅਦ ਤਾਬੂਤ 'ਚ ਬੰਦ ਹੋ ਕੇ ਆਏ ਪੁੱਤਰ ਨੂੰ ਸੀਨੇ ਲਾਉਣਾ ਵੀ ਨਸੀਬ ਨਾ। ਤੇਤੀ ਦਿਨ ਦੀ ਉਡੀਕ ਮਗਰੋਂ ਘਰ ਆਈ ਲਾਸ਼ ਨੂੰ ਨੁਹਾਉਣਾ-ਧੁਆਉਣਾ ਦੂਰ, ਉਸ ਨੂੰ ਖੋਲ੍ਹ ਕੇ ਛੂਹਣ ਦੀ ਵੀ ਮਨਾਹੀ। ਕੈਮੀਕਲ ਲੱਗੀ ਮ੍ਰਿਤਕ ਦੇਹ ਨੂੰ ਅੱਧਾ ਘੰਟਾ ਵੀ ਘਰ ਨਾ ਰੱਖਿਆ ਤੇ ਅੰਤਿਮ ਸੰਸਕਾਰ ਲਈ ਲੈ ਨਿਕਲੇ। ਮਾਪੇ ਕੁਰਲਾਉਂਦੇ ਰਹਿ ਗਏ ਤੇ ਪੰਜ ਤੱਤ ਦਾ ਪੁਤਲਾ ਪੰਜ ਤੱਤਾਂ 'ਚ ਵਿਲੀਨ ਹੋਣ ਦੇ ਰਾਹ ਪਿਆ ਰਾਖ ਹੋ ਗਿਆ। ਸ਼ਮਸ਼ਾਨਘਾਟ ਤੋਂ ਡੱਕੇ ਤੋੜ ਮਹੇਸ਼ ਤੇ ਸਰਿਤਾ ਨੂੰਹ ਦੀ ਬਾਂਹ ਦਾ ਸਹਾਰਾ ਲੈ ਘਰ ਨੂੰ ਮੁੜ ਪਏ।

ਅਫ਼ਸੋਸ ਕਰਨ ਆਏ ਲੋਕੀਂ ਪਰਦੇਸਾਂ 'ਚ ਨਿੱਤ ਹੁੰਦੇ ਹਾਦਸਿਆਂ 'ਚ ਮੌਤ ਦੇ ਮੂੰਹ ਪੈਂਦੇ ਜਵਾਨ ਧੀਆਂ-ਪੁੱਤਰਾਂ ਦੇ ਹਵਾਲੇ ਦਿੰਦੇ ਸਰਿਤਾ ਤੇ ਮਹੇਸ਼ ਦੇ ਫੱਟਾਂ 'ਤੇ ਫੰਬੇ ਧਰਦੇ। ਕੁਝ ਚਿਰ ਪਹਿਲਾਂ ਭਣੇਵੇਂ ਦੀ ਕੈਨੇਡਾ ਸੜਕ ਹਾਦਸੇ 'ਚ ਹੋਈ ਮੌਤ ਦਾ ਜ਼ਖ਼ਮ ਕੁਰੇਦਦਾ ਅਫ਼ਸੋਸ ਕਰਨ ਆਇਆ ਮਹੇਸ਼ ਨਾਲ ਕੰਮ ਕਰਦਾ ਰਾਮ ਤੀਰਥ ਕਹਿਣ ਲੱਗਿਆ,

"ਕੰਮ ਤੋਂ ਮੁੜਦਿਆਂ ਭਣੇਵੇਂ ਮੇਰੇ 'ਤੇ ਦਰਖਤ ਦਾ ਟਾਹਣ ਡਿੱਗ ਪਿਆ। ਥਾਂਏਂ ਮਰ ਗਿਆ ਜਵਾਨ ਪੁੱਤਰ। ਗਏ ਨੂੰ ਮਹੀਨਾ ਵੀ ਨਹੀਂ ਸੀ ਹੋਇਆ। ਕਰਜ਼ਾ ਚੁੱਕ ਕੇ ਭੇਜੇ ਪੁੱਤਰ ਦੀ ਲਾਸ਼ ਮੋੜ ਲਿਆਉਣ ਲਈ ਹੋਰ ਕਰਜ਼ਾ ਚੁੱਕ ਨਾ ਹੋਇਆ। ਮੁੰਡੇ ਦਾ ਉੱਧਰੇ ਸਸਕਾਰ ਕਰਕੇ ਭੋਗ ਪੈ ਗਿਆ। ਪੁੱਤਰ ਦੀ ਆਖ਼ਰੀ ਝਲਕ ਨੂੰ ਤਰਸਦੀ ਭੈਣ ਮੇਰੀ ਅੱਖਾਂ ਤੋਂ ਅੰਨ੍ਹੀ ਹੋ'ਗੀ...।" ਉਸ ਦੇ ਹੰਝੂਆਂ 'ਤੇ ਫੰਭਾ ਧਰਦੀ ਗੁਆਂਢਣ ਗੁਰਮੀਤ ਬੋਲੀ,

"ਕੱਲ੍ਹ ਮੇਰੀ ਬੇਟੀ ਉੱਧਰੋਂ ਫ਼ੋਨ 'ਤੇ ਗੱਲ ਕਰਦੀ ਦੱਸੇ। ਉਹਦੇ ਨਾਲ ਟੋਰਾਂਟੋ ਬੇਕਰੀ 'ਤੇ ਕੰਮ ਕਰਦੀ, ਉਸੇ ਨਾਲ ਬੇਸਮੈਂਟ ਪਾਰਟਨਰ ਮਸਾਂ ਉੱਨੀਆਂ ਕੁ ਵਰ੍ਹਿਆਂ ਦੀ ਕੁੜੀ, ਆਪਣੇ ਇੱਧਰ ਬਠਿੰਡੇ ਵੱਲ ਦੀ। ਉਹਦਾ ਇੱਧਰ ਯਾਰ੍ਹਵੀਂ 'ਚ ਪੜ੍ਹਦਾ ਇਕੋ-ਇਕ ਭਰਾ ਅਚਾਨਕ ਪੂਰਾ ਹੋ ਗਿਆ। ਭਰਾ ਨੂੰ ਬਾਰ੍ਹਵੀਂ ਕਰਵਾ ਕੇ ਆਪਣੇ ਕੋਲ਼ ਬੁਲਾਉਣ ਦੀਆਂ ਤਿਆਰੀ ਕਰਦੀ ਕੁੜੀ ਰਾਤ ਭਰ ਰੋਂਦੀ ਰਹੀ। ਸਵੇਰੇ ਉੱਠੀ। ਰੋਂਦੀ-ਕੁਰਲਾਉਂਦੀ ਨਹਾਅ-ਧੋ ਕੇ ਤਿਆਰ ਹੋਈ। ਚਾਹ ਬਣਾ ਕੇ ਪੀਤੀ ਤੇ ਮੋਢੇ ਬੈਗ ਟੰਗ ਕੰਮ ਲਈ ਤੁਰ ਪਈ। ਮੇਰੀ ਬੇਟੀ ਨੇ ਪੁੱਛਿਆ ਇੰਡੀਆ ਨਹੀਂ ਜਾਣਾ? ਅੱਗੋਂ ਕੁੜੀ ਨੇ ਜੋ ਜਵਾਬ ਦਿੱਤਾ, ਸੁਣ ਕੇ ਮੇਰਾ ਤਾਂ ਹਿਰਦਾ ਵਲੂੰਧਰ ਗਿਆ। ਅਖੇ, ਹੁਣ ਉੱਥੇ ਜਾ ਕੇ ਕੀ ਕਰਾਂਗੀ। ਜਿਸ ਨੂੰ ਇੱਧਰ ਲਿਆਉਣਾ ਸੀ ਉਹ ਚਲਾ ਗਿਆ ਅਗਲੇ ਜਹਾਨ। ਮੰਮੀ-ਡੈਡੀ ਨੇ ਮੈਨੂੰ ਇੱਧਰ ਘੱਲਣ ਲਈ ਜੋ ਕਰਜ਼ਾ ਲਿਆ ਸੀ ਉਹ ਅੱਧੇ ਨਾਲੋਂ ਵੱਧ ਸਿਰ 'ਤੇ ਖੜ੍ਹੈ। ਵਾਪਸੀ ਦਾ ਮਤਲਬ ਏ ਕਰਜ਼ੇ ਦੀ ਪੰਡ ਹੋਰ ਭਾਰੀ ਕਰਨਾ...।"

ਗੱਲ ਦਾ ਹੁੰਗਾਰਾ ਭਰਦੀ ਸੁਖਵੰਤ ਬੀਬੀ ਬੋਲੀ, "ਇਕ ਤੋਂ ਇਕ ਦੁਖੀ ਪਏ ਨੇ। ਕਿਸ-ਕਿਸ ਨੂੰ ਫੋਲੀਏ। ਪਤਾ ਨਹੀਂ ਕਿੰਨੀ ਦੁਨੀਆਂ ਪਰਦੇਸੀਂ ਗਏ ਮੋਏ ਲਾਲਾਂ ਨੂੰ ਰੋਂਦੀ ਏ। ਨਾਨਕ ਦੁਖੀਆ ਸਭ ਸੰਸਾਰ। ਇਸ ਬਾਲੜੀ ਵੱਲ ਵੇਖੋ...। ਮੇਰਾ ਤਾਂ ਇਹਨੂੰ ਵੇਖ-ਵੇਖ ਜੀਅ ਡੁੱਬਦੈ...।"

ਉਸ ਅਨਿਕਾ ਵੱਲ ਵੇਖ ਹਉਕਾ ਭਰਿਆ। ਪਤੀ ਦੇ ਵਿਛੋੜੇ 'ਚ ਮੁਰਦਾਹਾਲ ਹੋਈ ਅਨਿਕਾ ਨੇ ਸੱਸ-ਸਹੁਰੇ ਦਾ ਪਰਛਾਵਾਂ ਬਣ ਰਾਜਨ ਦੀਆਂ ਅੰਤਿਮ ਰਸਮਾਂ ਨੇਪਰੇ ਚਾੜ੍ਹੀਆਂ। ਰਾਜਨ ਦੀ ਆਤਮਿਕ ਸ਼ਾਂਤੀ ਨਮਿਤ ਪਾਠ ਦਾ ਭੋਗ ਪਿਆ। ਅਨਿਕਾ ਦਾ ਡੈਡੀ ਹੱਥ ਜੋੜਦਾ ਮਹੇਸ਼ ਤੇ ਸਰਿਤਾ ਦੇ ਅੱਗੇ ਹੋ ਖਲੋਤਾ,

"ਜੋ ਹੋਣਾ ਸੀ ਹੋ ਗਿਆ। ਅਸੀਂ ਅਨਿਕਾ ਨੂੰ ਆਪਣੇ ਨਾਲ ਲੈ ਕੇ ਜਾ ਰਹੇ ਹਾਂ।"

ਸਾਰੇ ਦਾਅਵੇ ਗੁਆ ਚੁੱਕੇ ਮਹੇਸ਼ ਤੇ ਸਰਿਤਾ ਕੋਲ਼ ਬੋਲਣ ਨੂੰ ਕੁਝ ਨਾ। ਧੀ ਦੀ ਬਾਂਹ ਹੱਥੀਂ ਲੈਂਦਾ ਅਨਿਕਾ ਦਾ ਪਿਤਾ ਬੋਲਿਆ,

"ਚੱਲ ਪੁੱਤਰ ਆਪਣੇ ਘਰ ਚੱਲੀਏ।"

"ਡੈਡੀ ਜੀ ਮੇਰੇ ਪਤੀ ਦਾ ਘਰ ਹੀ ਮੇਰਾ ਘਰ ਏ। ਰਾਜਨ ਦੇ ਮੰਮੀ-ਡੈਡੀ ਨੂੰ ਮੇਰੀ ਲੋੜ ਏ। ਵੈਸੇ ਵੀ ਇਹਨਾਂ ਦੀ ਅਸਲ ਅਮਾਨਤ ਹਾਲੇ ਮੇਰੇ ਕੋਲ਼ ਏ।"

ਆਖਦਿਆਂ ਅਨਿਕਾ ਨੇ ਪਿਉ ਹੱਥੋਂ ਬਾਂਹ ਛੁਡਾ ਲਈ। ਮੋਹ ਨਾਲ ਆਪਣੀ ਕੁੱਖ ਨੂੰ ਸਹਿਲਾਇਆ ਤੇ ਸਰਿਤਾ ਦੀ ਬੁੱਕਲ਼ 'ਚ ਸਿਰ ਦੇ ਲਿਆ। ਇਕ ਪਲ਼ ਲਈ ਮਹੇਸ਼ ਤੇ ਸਰਿਤਾ ਭੁੱਲ ਹੀ ਗਏ ਕਿ ਉਹ ਜ਼ਿੰਦਗੀ ਦੀ ਕਿਹੜੀ ਘੜੀ 'ਚੋਂ ਗੁਜ਼ਰ ਰਹੇ ਹਨ। ਖ਼ੁਸ਼ੀ ਨਾਲ ਇਕ-ਦੂਜੇ ਨੂੰ ਗਲਵੱਕੜੀ 'ਚ ਲੈ ਕਦੀ ਰੱਬ ਦਾ ਸ਼ੁਕਰ ਗੁਜ਼ਾਰਨ, ਕਦੀ ਅਨਿਕਾ ਦਾ ਮੱਥਾ ਚੁੰਮਦੇ ਸੀਨੇ ਲਾਉਣ। ਭਰੀ ਜੁੜੀ ਵਿਚ ਅਨਿਕਾ ਨੇ ਮਾਪਿਆਂ ਤੋਂ ਪੱਗ ਝੋਲ਼ੀ ਪੁਆ ਰਾਜਨ ਦੇ ਮਾਪਿਆਂ ਦੀ ਜ਼ਿੰਮੇਵਾਰੀ ਚੁੱਕ ਲਈ।

***

ਭੋਗ ਪੈ ਗਿਆ। ਰਿਸ਼ਤੇ-ਨਾਤੇਦਾਰ ਆਪੋ-ਆਪਣੇ ਘਰਾਂ ਨੂੰ ਮੁੜ ਗਏ। ਰਾਜਨ ਦੀ ਮੌਤ ਦਾ ਅਫ਼ਸੋਸ ਕਰਨ ਵਾਲਿਆਂ ਦਾ ਆਉਣਾ-ਜਾਣਾ ਹੌਲ਼ੀ-ਹੌਲ਼ੀ ਘਟਣ ਲੱਗਿਆ। ਪੁੱਤਰ ਦੇ ਵਿਛੋੜੇ 'ਚ ਮੌਤ ਨਾਲੋਂ ਭਾਰੀ ਜ਼ਿੰਦਗੀ ਨੂੰ ਕੋਸਦੇ ਮਹੇਸ਼ ਤੇ ਸਰਿਤਾ ਭੁੱਬਾਂ ਮਾਰ-ਮਾਰ ਰੋਂਦੇ। ਆਪਾ ਸੰਭਾਲ਼ਦੀ ਅਨਿਕਾ ਉਹਨਾਂ ਨੂੰ ਆਪਣੀ ਕੁੱਖ 'ਚ ਵਾਧੇ ਪੈ ਰਹੀ ਰਾਜਨ ਦੀ ਨਿਸ਼ਾਨੀ ਦਾ ਵਾਸਤਾ ਦੇ ਕੇ ਜ਼ਿੰਦਗੀ ਵੱਲ ਮੋੜਨ ਦੀ ਕੋਸ਼ਿਸ਼ ਕਰਦੀ। ਇਕਲੌਤੇ ਪੁੱਤਰ ਦੇ ਮਾਪਿਆਂ ਨੂੰ ਪੁੱਤ ਦੇ ਜਾਣ ਤੋਂ ਬਾਅਦ ਅਹਿਸਾਸ ਹੋਇਆ ਧੀ ਦਾ ਹੋਣਾ ਜ਼ਿੰਦਗੀ 'ਚ ਕੀ ਅਰਥ ਰੱਖਦਾ ਹੈ। ਇਕ-ਦੂਜੇ ਨੂੰ ਦਿਲਾਸਾ ਦਿੰਦੇ ਉਹ ਨੂੰਹ ਦੀ ਕੁੱਖ 'ਚ ਪਲ਼ ਰਹੀ ਪੁੱਤਰ ਦੀ ਆਖ਼ਰੀ ਨਿਸ਼ਾਨੀ ਦੀ ਆਮਦ ਉਡੀਕਦੇ ਜ਼ਿੰਦਗੀ ਦਾ ਲੜ ਫੜਨ ਲੱਗੇ। ਨਵੇਂ ਜੀਅ ਨੂੰ ਖ਼ੁਸ਼ਾਮਦੀਦ ਕਹਿਣ ਲਈ ਮਹੇਸ਼ ਕੰਮ 'ਤੇ ਜਾਣ ਲੱਗਿਆ। ਅਨਿਕਾ ਦੀ ਕੁੱਖ ਦੀਆਂ ਬਲਾਵਾਂ ਲੈਂਦੀ ਸਰਿਤਾ ਉਸ ਦੇ ਸਾਹਾਂ ਦੀ ਸਾਰਥੀ ਬਣ ਉਸ ਦੀ ਦੇਖ-ਭਾਲ਼ 'ਚ ਆਪਾ ਭੁਲਾਉਣ ਲੱਗੀ। ਰਾਜਨ ਦੇ ਕੁਝ ਮਹੀਨਿਆਂ ਦੇ ਨਿੱਕੇ ਪਰ ਨਿੱਘੇ ਸਾਥ ਨੂੰ ਯਾਦ ਕਰ ਅਨਿਕਾ ਕੁੱਖ 'ਚ ਪਲ਼ ਰਹੀ ਹੁਸੀਨ ਸੁਪਨਿਆਂ ਦੀ ਜਾਗੀਰ ਲਈ ਭਵਿੱਖੀ ਸੁਪਨੇ ਉਲ਼ੀਕਦੀ ਆਨਲਾਇਨ ਕੰਮ ਕਰਨ ਲੱਗੀ। ਕੈਨੇਡਾ ਤੇ ਭਾਰਤ 'ਚ ਸਮੇਂ ਦੇ ਅੰਤਰਾਲ ਅਨੁਸਾਰ ਰਾਤ ਭਰ ਜਾਗ ਕੇ ਕੰਮ ਕਰਦੀ ਪਰਿਵਾਰਕ ਜ਼ਿੰਮੇਵਾਰੀਆਂ ਤੋਂ ਰਤਾ ਅਵੇਸਲ਼ੀ ਨਾ ਹੁੰਦੀ। ਆਪਣੀ ਸਿਹਤ ਦਾ ਖ਼ਿਆਲ ਰੱਖਣ ਦੇ ਨਾਲ-ਨਾਲ ਮਹੇਸ਼ ਤੇ ਸਰਿਤਾ ਦਾ ਵੀ ਪੂਰਾ ਧਿਆਨ ਰੱਖਦੀ। ਹੋਣੀ ਦੀ ਭੰਨੀ ਸਰਿਤਾ ਆਉਂਦੇ-ਜਾਂਦੇ ਸਾਹ ਨਾਲ ਪੁੱਤਰ ਨੂੰ ਚੇਤੇ ਕਰਦਿਆਂ ਆਉਣ ਵਾਲੇ ਜੀਅ ਦੀ ਲੰਬੀ ਉਮਰ ਲਈ ਅਰਦਾਸਾਂ ਕਰਦੀ ਨਾ ਥੱਕਦੀ,

"ਰੱਬਾ ਹੋਰ ਸੱਲ੍ਹ ਝੱਲ ਨਹੀਂ ਹੋਣੇ। ਜਿਹੜੀ ਮੇਰੇ ਪੁੱਤ ਦੀ ਘਟਾਈ ਏ ਉਹ ਉਮਰ ਉਸ ਦੀ

ਆਉਣ ਵਾਲੀ ਸੰਤਾਨ ਦੇ ਲੇਖੇ ਲਾ ਕੇ ਭੇਜੀਂ।"

ਉਸ ਨਾਲ ਘਰ ਦੇ ਕੰਮਾਂ 'ਚ ਹੱਥ ਵਟਾਉਂਦੀ ਅਨਿਕਾ ਰਾਜਨ ਦੀਆਂ ਯਾਦਾਂ ਦੇ ਪੰਨੇ ਫੋਲਣ ਲੱਗੀ,

"ਭਵਿੱਖ 'ਤੇ ਲਟਕਦੀ ਤਲਵਾਰ ਦਾ ਹੱਲ ਸੋਚਦਿਆਂ ਅਸੀਂ ਪੇਪਰ ਮੈਰਿਜ ਕਰਵਾਉਣ ਦਾ ਸੋਚਿਆ ਤੇ ਬੇਬੀ ਪਲਾਨ ਕੀਤਾ ਸੀ। ਮੇਰੀ ਪੀ.ਆਰ. ਦਾ ਪੰਜਵਾਂ ਯਾਨੀ ਕਿ ਆਖਰੀ ਸਾਲ ਸ਼ੁਰੂ ਹੋ ਗਿਆ ਸੀ। ਸਰਕਾਰ ਦੇ ਸਖ਼ਤ ਹੁੰਦੇ ਰੂਲ ਮੇਰੀ ਪੀ.ਆਰ. ਰਿਨਿਊਲ 'ਤੇ ਤਲਵਾਰ ਬਣ ਲਟਕੇ ਹੋਏ ਸਨ। ਰਾਜਨ ਦੀ ਪੀ.ਆਰ. ਹੋਵੇ ਨਾ ਹੋਵੇ ਸਰਕਾਰ ਦੇ ਰਹਿਮੋ-ਕਰਮ 'ਤੇ। ਉੱਥੋਂ ਦੇ ਸਿਟੀਜ਼ਨ ਹੋਣ ਦਾ ਸ਼ਾਰਟ ਕੱਟ ਸਾਡਾ ਆਉਣ ਵਾਲਾ ਬੱਚਾ ਹੋ ਸਕਦਾ ਸੀ। ਉੱਥੇ ਪੈਦਾ ਹੋਇਆ ਬੱਚਾ ਰੂਲ ਮੁਤਾਬਿਕ ਉੱਥੋਂ ਦਾ ਸਿਟੀਜ਼ਨ ਹੁੰਦੈ ਤੇ ਸਾਡਾ ਬੇਬੀ ਸਾਨੂੰ ਪੱਕੇ ਪੈਰੀਂ ਕਰਨ ਦਾ ਰਾਹ ਪੱਧਰਾ ਕਰ ਸਕਦਾ ਸੀ। ਕਿੰਨਾ ਐਕਸਾਈਟਿਡ ਸੀ ਰਾਜਨ ਬਾਪ ਬਣਨ ਲਈ। ਖ਼ਿਆਲਾਂ ਦੇ ਖੰਭੀਂ ਚੜ੍ਹਿਆ ਆਖਦਾ, ਸਰਪ੍ਰਾਈਜ਼ ਦਿਆਂਗੇ ਇੰਡੀਆ ਜਾ ਕੇ ਸਾਰਿਆਂ ਨੂੰ। ਮੈਂ ਤਾਂ ਉਸ ਨੂੰ ਇਹ ਸਰਪ੍ਰਾਈਜ਼ ਦੱਸ ਵੀ ਨਾ ਪਾਈ ਤੇ ਉਹ ਸਾਨੂੰ...!"

"ਅੱਛਾ, ਤੇ ਰਾਜਨ ਨੂੰ ਨਹੀਂ ਪਤਾ ਸੀ ਤੇਰੀ ਪ੍ਰੈਗਨੈਂਸੀ ਦਾ...?" ਸਰਿਤਾ ਨੇ ਹੈਰਾਨੀ ਪ੍ਰਗਟਾਈ। ਅਨਿਕਾ ਦੱਸਣ ਲੱਗੀ,

"ਰਾਜਨ ਦੇ ਐਕਸੀਡੈਂਟ ਦਾ ਸੁਣ ਕੇ ਮੈਂ ਬੇਹੋਸ਼ ਹੋ ਗਈ। ਟਰੀਟਮੈਂਟ ਦਿੰਦੇ ਡਾਕਟਰ ਨੇ ਦੱਸਿਆ ਕਿ ਮੇਰੀ ਕੁੱਖ 'ਚ ਰਾਜਨ ਦਾ ਕਣ ਫੁੱਟ ਪਿਆ ਸੀ। ਰਾਜਨ ਦੀ ਡੈੱਡ ਬਾਡੀ ਕੁਲੈਕਟ ਕਰਨ ਤੇ ਇਧਰ ਲੈ ਕੇ ਆਉਣ ਦੀ ਅਜਿਹੀ ਭੱਜ-ਦੌੜ 'ਚ ਪਈ ਮੈਨੂੰ ਵਿਸਰ ਹੀ ਗਿਆ ਕਿ ਮੈਂ ਮਾਂ ਬਣਨ ਵਾਲੀ ਹਾਂ। ਕੀ ਪਤਾ ਸੀ ਇਹ ਸਰਪ੍ਰਾਈਜ਼ ਇੰਝ ਖੁੱਲ੍ਹਣਾ ਸੀ...।" ਹਮੇਸ਼ਾ ਚੜ੍ਹਦੀ ਕਲਾ ਵਿਚ ਰਹਿਣ ਵਾਲੀ ਅਨਿਕਾ ਦਾ ਕੁਰਲਾਹਟ ਛਿੜ ਗਿਆ। ਸਰਿਤਾ ਦਿਲਾਸਾ ਦੇਣ ਲੱਗੀ,

"ਨਾ ਮੇਰਾ ਪੁੱਤ। ਤੂੰ ਹਿੰਮਤ ਹਾਰੇਂਗੀ ਤਾਂ ਸਾਨੂੰ ਕੌਣ ਸੰਭਾਲੂ? ਤੇਰੇ ਆਸਰੇ ਅਸੀਂ ਤੁਰੇ ਫਿਰਦੇ ਆਂ। ਸੁੱਖ ਮੰਗ ਆਪਣੀ ਕੁੱਖ ਦੀ। ਰੱਬ ਹੋਰ ਨਾ ਮਾੜੀ ਕਰੇ ਸਾਡੇ ਨਾਲ। ਅਸੀਂ ਤਾਂ ਇਸੇ ਦੇ ਆਸਰੇ ਜ਼ਿੰਦਗੀ ਕੱਟ ਲਾਂ'ਗੇ।"

ਬਾਲ ਦੀਆਂ ਕਿਲਕਾਰੀਆਂ ਸੁਣਨ ਦੀ ਆਸ, ਇਕ ਰੋਂਦਾ ਦੂਜੇ ਨੂੰ ਵਰਾ ਲੈਂਦੀ। ਹੌਲ਼ੀ-ਹੌਲ਼ੀ ਸਭ ਸਹਿਜ ਹੋਣ ਲੱਗਿਆ। ਪੁੱਤ ਨਾਲੋਂ ਵਧ ਕੇ ਸੱਸ-ਸਹੁਰੇ ਦੀ ਦੇਖਭਾਲ਼ ਕਰਦੀ ਅਨਿਕਾ ਨੇ ਸਭ ਦਾ ਦਿਲ ਜਿੱਤ ਲਿਆ। 'ਪੁੱਤਰ, ਪੁੱਤਰ' ਕਰਦਿਆਂ ਮਹੇਸ਼ ਤੇ ਸਰਿਤਾ ਦਾ ਮੂੰਹ ਸੁੱਕਦਾ। ਪੁੱਤਰ ਦੀਆਂ ਨਿੱਕੀਆਂ-ਨਿੱਕੀਆਂ ਚੀਜ਼ਾਂ ਸੀਨੇ ਲਾ ਸਰਿਤਾ ਯਾਦਾਂ ਦੇ ਸੰਦੂਕ ਫਰੋਲ਼ਦੀ ਜ਼ਾਰ-ਜ਼ਾਰ ਰੋਂਦੀ। ਇਕ ਦਿਨ ਅਚਾਨਕ ਉਸ ਰਾਜਨ ਦੇ ਬਚਪਨ ਤੋਂ ਲੈ ਕੇ ਹੁਣ ਤਕ ਦੇ ਸਾਂਭ ਕੇ ਰੱਖੇ ਕੱਪੜੇ ਪੋਟਲੀ 'ਚ ਬੰਨ੍ਹੇ ਤੇ ਮਹੇਸ਼ ਨੂੰ ਕਹਿਣ ਲੱਗੀ,

"ਏ ਜੀ! ਇਹ ਸਾਰੇ ਕੱਪੜੇ ਅਨਾਥ ਆਸ਼ਰਮ 'ਚ ਦੇ ਆਉ। ਜਦੋਂ ਪੁੱਤਰ ਹੀ ਨਹੀਂ ਰਿਹਾ ਉਸ ਦੇ ਕੱਪੜੇ ਰੱਖ ਕੀ ਕਰਾਂਗੇ?"

ਮਹੇਸ਼ ਕੋਈ ਜਵਾਬ ਦਿੰਦਾ ਸਰਿਤਾ ਹੱਥੋਂ ਕੱਪੜਿਆਂ ਦੀ ਗੱਠ ਫੜਦੀ ਅਨਿਕਾ ਬੋਲੀ,

"ਮੰਮੀ ਜੀ ਰਾਜਨ ਦੀ ਕੋਈ ਚੀਜ਼ ਕਿਸੇ ਨੂੰ ਨਹੀਂ ਦੇਣੀ। ਆਹ ਦੇਖੋ, ਮੈਂ ਉਸੇ ਦੀ ਟੀ-ਸ਼ਰਟ ਰੀ-ਡਿਜ਼ਾਇਨ ਕਰਕੇ ਪਾਈ ਹੋਈ ਏ। ਇੰਝ ਲੱਗਦੈ ਜਿਵੇਂ ਰਾਜਨ ਮੈਨੂੰ ਆਪਣੀ ਬੁੱਕਲ਼ 'ਚ ਲਈ ਫਿਰਦਾ ਹੋਵੇ। ਇਹ ਸਾਰੇ ਕੱਪੜੇ ਰੀਡਿਜ਼ਾਇਨ ਕਰਕੇ ਮੈਂ ਆਪਣੇ ਆਉਣ ਵਾਲੇ ਨਿੱਕੇ ਰਾਜਨ ਨੂੰ ਪਾਵਾਂਗੀ।"

ਉਸ ਤੋਂ ਵਾਰੇ-ਵਾਰੇ ਜਾਂਦੀ ਸਰਿਤਾ ਨੇ ਇਕ ਹੋਰ ਵੱਡਾ ਬੈਗ ਖੋਲ੍ਹ ਲਿਆ। ਉਸ 'ਚ ਸਾਂਭ ਕੇ ਰੱਖੇ ਰਾਜਨ ਦੇ ਨਿੱਕੇ ਹੁੰਦੇ ਦੇ ਖਿਡੌਣੇ ਕੱਢ-ਕੱਢ ਵਿਖਾਉਂਦੀ ਕਹਿਣ ਲੱਗੀ,

"ਨਿੱਕੇ ਹੁੰਦਿਆਂ ਤੋਂ ਕਿਧਰੇ ਵੀ ਜਹਾਜ਼ ਜਾਂ ਟਰੱਕ ਵਾਲਾ ਖਿਡੌਣਾ ਵੇਖਣਾ, ਇਹਨੇ ਲੈਣ ਦੀ ਜ਼ਿੱਦ ਕਰਦੇ ਲਿਟਣ ਲੱਗ ਜਾਣਾ। ਖਿਡੌਣੇ ਇਕੱਠੇ ਕਰਦਾ-ਕਰਦਾ ਅਜਿਹਾ ਜਹਾਜ਼ 'ਤੇ ਚੜ੍ਹ ਟਰੱਕ ਚਲਾਉਣ ਦੇ ਖਹਿੜੇ ਪਿਆ...।"

ਹਉਕਾ ਭਰਦੀ ਨੇ ਖਿਡੌਣਿਆਂ ਦਾ ਭਰਿਆ ਵੱਡਾ ਬੈਗ ਅਨਿਕਾ ਦੇ ਸਾਹਮਣੇ ਪਲਟਾ ਦਿੱਤਾ। ਖਿਡੌਣੇ ਹੱਥ 'ਚ ਲੈਂਦੀ ਅਨਿਕਾ ਰਾਜਨ ਦੀ ਜ਼ਿੰਦਗੀ ਦੇ ਆਖ਼ਰੀ ਸਫ਼ਰ ਦੀ ਦਾਸਤਾਨ ਸਾਂਝੀ ਕਰਨ ਲੱਗੀ,

"ਉਹਨੂੰ ਵੀ ਕੀ ਪਤਾ ਸੀ ਕਿ ਉਸ ਦਾ ਸ਼ੌਂਕ ਹੀ ਉਸ ਲਈ ਮੌਤ ਬਣ ਜਾਏਗਾ। ਰਾਜਨ ਦਾ ਕੈਨੇਡਾ ਤੋਂ ਅਮਰੀਕਾ ਟਰੱਕ ਲੈ ਕੇ ਜਾਣ ਦਾ ਇਹ ਆਖਰੀ ਗੇੜਾ ਸੀ। ਇਸ ਤੋਂ ਬਾਅਦ ਅਸੀਂ ਆਪਣੇ ਬਿਜ਼ਨਸ ਦੀ ਸ਼ੁਰੂਆਤ ਕਰਨ ਵਾਲੇ ਸੀ। ਬੰਦਾ ਸੋਚਦਾ ਕੁਝ ਤੇ ਹੁੰਦਾ ਕੁਝ ਹੋਰ ਹੈ...! ਰੱਬ ਵੀ ਪਤਾ ਨਹੀਂ ਕਿਹੜੀਆਂ ਖੇਡਾਂ ਖੇਡਦੈ...! ਇਕ ਪਾਸੇ ਰਾਜਨ ਨੂੰ ਸਾਡੇ ਕੋਲੋਂ ਖੋਹ ਕੇ ਜ਼ਿੰਦਗੀ ਬੇਅਰਥ ਕਰ ਦਿੱਤੀ, ਦੂਜੇ ਪਾਸੇ ਮੇਰੀ ਕੁੱਖ 'ਚ ਰਾਜਨ ਦਾ ਅੰਸ਼ ਪਾ ਕੇ ਫਿਰ ਤੋਂ ਜ਼ਿੰਦਗੀ ਦਾ ਪੱਲਾ ਫੜਾ ਦਿੱਤਾ। ਇਹ ਰੱਬ ਵੀ ਨਾ...! ਨਾ ਜੀਣ ਦਿੰਦੈ, ਨਾ ਮਰਨ ਜੋਗਾ ਛੱਡਦੈ...।"

"ਸ਼ੁਭ-ਸ਼ੁਭ ਬੋਲ ਪੁੱਤ। ਚੱਲ ਰੋਟੀ-ਪਾਣੀ ਦਾ ਆਹਰ ਕਰੀਏ। ਮੈਂ ਵੀ ਪਾਗ਼ਲ...! ਐਵੇਂ ਖਿਲਾਰਾ ਪਾ ਬੈਠੀ।" ਸਰਿਤਾ ਨੇ ਖ਼ਿਡੌਣੇ ਵਾਪਸ ਬੈਗ 'ਚ ਪਾ ਜ਼ਿੱਪ ਬੰਦ ਕਰ ਦਿੱਤੀ।

ਉਹ ਅਨਿਕਾ ਦੀ ਪਸੰਦ ਦੀਆਂ ਚੀਜ਼ਾਂ ਬਣਾਉਂਦੀ। ਉਸ ਨੂੰ ਹੱਥੀਂ ਖੁਆਉਂਦੀ। ਸੁੱਤੀ ਦੇ ਸਾਹ ਗਿਣਦੀ ਬਲਾਵਾਂ ਲੈਂਦੀ, ਪਰ ਜਿਉਂ-ਜਿਉਂ ਸਮਾਂ ਲੰਘਣ ਲੱਗਿਆ ਅਨਿਕਾ ਦੇ ਮਾਪਿਆਂ ਦੀ ਚਿੰਤਾ ਵੱਧਣ ਲੱਗੀ। ਜਵਾਨ ਧੀ ਦਾ ਉਮਰ ਭਰ ਦਾ ਇਕਲਾਪਾ ਵੱਢ-ਵੱਢ ਖਾਂਦਾ। ਧੀ ਨੂੰ ਮਿਲਣ ਆਈ ਅਨਿਕਾ ਦੀ ਮੰਮੀ ਨੇ ਗੱਲਾਂ-ਗੱਲਾਂ 'ਚ ਸਰਿਤਾ ਨਾਲ ਅੰਦਰ ਦੀ ਗੰਢ ਖੋਲ੍ਹੀ,

"ਭੈਣ ਜੀ ਅਨਿਕਾ ਸਾਡੀ ਨਹੀਂ ਤੁਹਾਡੀ ਧੀ ਏ। ਆਪ ਹੀ ਸੋਚੋ, ਜੇ ਤੁਹਾਡੀ ਕੁੱਖੋਂ ਜੰਮੀ ਨਾਲ ਇਹ ਭਾਣਾ ਵਾਪਰਿਆ ਹੁੰਦਾ, ਕੀ ਤੁਸੀਂ ਦੁਬਾਰਾ ਉਸ ਦਾ ਘਰ ਵਸਾਉਣ ਬਾਰੇ ਨਾ ਸੋਚਦੇ...? ਬੁਰਾ ਨਾ ਮਨਾਇਓ, ਜੇ ਰਾਜਨ ਦੀ ਥਾਂ ਅਨਿਕਾ ਨਾਲ ਹੋਣੀ ਵਾਪਰੀ ਹੁੰਦੀ, ਕੀ ਤੁਸੀਂ ਰਾਜਨ ਦਾ ਅੱਗੋਂ ਘਰ ਨਾ ਵਸਾਉਂਦੇ? ਪਾਣੀ ਵਗਦੇ ਹੀ ਸੋਂਹਦੇ ਆ। ਤੁਹਾਡੇ ਤੇ ਸਾਡੇ ਦਰਦ 'ਚ ਕੋਈ ਫਰਕ ਨਹੀਂ, ਪਰ ਆਪ ਹੀ ਸੋਚੋ ਪਹਾੜ ਜਿੱਡੀ ਜ਼ਿੰਦਗੀ ਇਹ ਫੁੱਲ ਭਰ ਬਾਲੜੀ ਕਿਵੇਂ ਕੱਟੇਗੀ?" ਆਖ ਉਹ ਅੱਖਾਂ 'ਚੋਂ ਕਿਰਦੇ ਹੰਝੂ ਚੁੰਨੀ ਦੇ ਪੱਲੇ 'ਚ ਸਮੇਟਣ ਲੱਗੀ।

ਸਰਿਤਾ ਨੂੰ ਗੱਲ ਅੰਦਰ ਤਕ ਖਾ ਗਈ। ਕਿੰਨੇ ਦਿਨ ਭਾਰ ਚੁੱਕੀ ਅੰਦਰੇ-ਅੰਦਰ ਘੁਲਦੀ ਰਹੀ। ਆਖਿਰ ਉਸ ਮਹੇਸ਼ ਨਾਲ ਗੱਲ ਖੋਲ੍ਹੀ। ਉਹ ਵੀ ਸੋਚੀਂ ਪੈ ਗਿਆ। ਆਖਣ ਲੱਗਿਆ,

"ਆਪਾਂ ਨੂੰ ਇਹ ਖ਼ਿਆਲ ਕਿਉਂ ਨਾ ਆਇਆ? ਅਨਿਕਾ ਦੀ ਉਮਰ ਹੀ ਕੀ ਏ? ਆਪਾਂ ਮਾਪੇ ਬਣ ਅਨਿਕਾ ਨੂੰ ਡੋਲ਼ੀ ਤੋਰਾਂਗੇ। ਮੈਨੂੰ ਤਾਂ ਸੋਚ ਕੇ ਝੁਣਝੁਣੀਆਂ ਆਉਂਦੀਐਂ...! ਆਪਾਂ ਨੂੰਹ ਨੂੰ ਧੀ ਬਣਾ ਕੇ ਤੋਰਾਂਗੇ ਤੇ ਜਵਾਈ ਵਾਲੇ ਹੋ ਜਾਵਾਂਗੇ। ਜਵਾਈ ਦੇ ਰੂਪ 'ਚ ਇਕ ਹੋਰ ਪੁੱਤ...!" ਬੋਲਦਾ ਉਹ ਭਾਵੁਕ ਹੋ ਗਿਆ। ਵਹਾਅ 'ਚ ਵਹਿੰਦੀ ਸਰਿਤਾ ਬੋਲੀ,

"ਹੁਣ ਨਹੀਂ ਬਾਲਾਂ ਨੂੰ ਅੱਖੋਂ ਓਹਲੇ ਹੋਣ ਦੇਣਾ। ਅਨਿਕਾ ਲਈ ਇਧਰ ਹੀ ਘਰ ਵੇਖਾਂਗੇ।" ਉਸ ਦੀ ਹਾਂ 'ਚ ਹਾਂ ਮਿਲਾਉਂਦਾ ਮਹੇਸ਼ ਕਹਿਣ ਲੱਗਿਆ,

"ਸਹੀ ਗੱਲ ਏ। ਘੱਟੋ-ਘੱਟ ਆਖਰੀ ਸਾਹ ਤਾਂ ਬਾਲਾਂ ਦੇ ਹੱਥੀਂ ਲਈਏ...।" ਬੋਲਦਾ ਉਹ ਗੰਭੀਰ ਹੋ ਗਿਆ।

"ਹੋਰ ਕੀ...! ਮਰਿਆਂ ਨੂੰ ਕਲੇਜੇ ਲਾਉਣੋਂ ਵੀ ਤਰਸੋ। ਪਰਦੇਸਾਂ ਦੇ ਕਾਹਦੇ ਸਾਕ?" ਬੋਲਦੀ ਸਰਿਤਾ ਉਦਾਸੀ 'ਚ ਲਹਿਣ ਲੱਗੀ। ਉਸ ਨੂੰ ਟੋਕਦਾ ਮਹੇਸ਼ ਦਲੇਰੀ ਨਾਲ ਬੋਲਿਆ,

"ਮਰਨ-ਮੁਰਨ ਦੀਆਂ ਗੱਲਾਂ ਛੱਡ। ਦੁੱਖ-ਸੁੱਖ ਆਉਣੇ-ਜਾਣੇ। ਚੰਗੇ ਦੀ ਆਸ ਜਾਗੀ ਏ ਤਾਂ

ਚੰਗਾ ਹੀ ਸੋਚੀਏ। ਆਪਾਂ ਦਾਦਾ-ਦਾਦੀ ਬਣਨ ਦੇ ਨਾਲ-ਨਾਲ ਜਵਾਈ ਵਾਲੇ ਹੋਣ ਵਾਲੇ ਆਂ। ਜ਼ਿੰਮੇਵਾਰੀਆਂ ਵਧਣ ਵਾਲੀਆਂ ਨੇ। ਕੰਮ-ਕਾਰ ਵੱਲ ਧਿਆਨ ਦੇਈਏ। ਰਾਜਨ ਨੂੰ ਕੈਨੇਡਾ ਭੇਜਣ ਲਈ ਇੱਧਰੋਂ-ਉੱਧਰੋਂ ਫੜਿਆ ਲਾਹ ਕੇ ਆਉਣ ਵਾਲੇ ਜੀਆਂ ਦੇ ਭਵਿੱਖ ਦਾ ਵੀ ਸੋਚਣੈ ਕਿ ਨਹੀਂ...? ਬਸ ਆਪਣੀ ਅਨਿਕਾ ਲਈ ਅੱਗੋਂ ਚੰਗੇ ਨਾਲ ਮੱਥਾ ਲੱਗ'ਜੇ...!"

ਘਰ 'ਚ ਬਾਲ ਦੀਆਂ ਕਿਲਕਾਰੀਆਂ ਉਡੀਕਦੇ ਦੋਵੇਂ ਜੀਅ ਧੀ ਨੂੰ ਵਿਆਹੁਣ ਦੀਆਂ ਵਿਉਂਤਾਂ ਘੜਦੇ ਚੰਗੇ ਤੇ ਯੋਗ ਵਰ ਦੀ ਤਲਾਸ਼ ਕਰਨ ਲੱਗੇ।

***

ਐਤਵਾਰ ਦਾ ਦਿਨ। ਸਾਰੇ ਜੀਅ ਘਰ ਹੀ ਸਨ। ਸਰਿਤਾ ਤੇ ਮਹੇਸ਼ ਵਿਹੜੇ 'ਚ ਬੈਠੇ ਚਾਹ ਦੀਆਂ ਚੁਸਕੀਆਂ ਨਾਲ ਅਖ਼ਬਾਰ ਪੜ੍ਹ ਰਹੇ। ਅਖ਼ਬਾਰ ਦਾ ਪੰਨਾ ਖੜਕਾਉਂਦਾ ਮਹੇਸ਼ ਬੋਲਿਆ,

"ਸਰਿਤਾ ਆਹ ਵੇਖ ਕਿੰਨਾ ਸ਼ਾਨਦਾਰ ਰਿਸ਼ਤਾ ਆਇਐ। ਮੈਨੂੰ ਲੱਗਦੈ ਆਪਣੀ ਅਨਿਕਾ ਲਈ ਇਸ ਤੋਂ ਵਧੀਆ ਰਿਸ਼ਤਾ...।" ਗੱਲ ਉਸ ਦੇ ਮੂੰਹ 'ਚ ਸੀ ਕਿ ਹੱਥ 'ਚ ਕਾਗ਼ਜ਼ਾਂ ਦਾ ਲਿਫ਼ਾਫ਼ਾ ਤੇ ਸਰਟੀਫਿਕੇਟ ਫੋਲਡਰ ਫੜੀ ਉਹਨਾਂ ਕੋਲ਼ ਆ ਪਹੁੰਚੀ ਅਨਿਕਾ ਬੋਲੀ,

"ਕੀ ਕਹਿ ਰਹੇ ਓ ਪਾਪਾ? ਪੱਕਾ ਇਹ ਦਕਿਆਨੂਸੀ ਗੱਲ ਮੇਰੀ ਮੰਮੀ ਨੇ ਹੀ ਤੁਹਾਡੇ ਦਿਮਾਗ਼ 'ਚ ਪਾਈ ਹੋਣੀ ਏ। ਹੁਣੀਂ ਕਰਦੀ ਆਂ ਮੈਂ ਆਪਣੀ ਮੰਮੀ ਨੂੰ ਫ਼ੋਨ...।"

ਗ਼ੁੱਸੇ 'ਚ ਤਿਲਮਿਲਾਉਂਦੀ ਅਨਿਕਾ ਫ਼ੋਨ ਡਾਇਲ ਕਰਨ ਲੱਗੀ। ਸਰਿਤਾ ਨੇ ਮੁਬਾਇਲ ਉਸ ਦੇ ਹੱਥੋਂ ਫੜ ਲਿਆ ਤੇ ਕੋਲ਼ ਬਿਠਾ ਸਮਝਾਉਣ ਲੱਗੀ,

"ਪੁੱਤਰ ਅਸੀਂ ਕਦੋਂ ਤਕ ਬੈਠੇ ਰਹਾਂਗੇ। ਇਹ ਜ਼ਿੰਦਗੀ ਇਕੱਲੇ ਜੀਉਣੀ ਸੌਖੀ ਨਹੀਂ। ਠਹਿਰੇ ਪਾਣੀ ਗੰਧਲ਼ੇ ਹੋ ਜਾਂਦੇ ਆ...।"

"ਮੰਮਾ ਮੈਂ ਦੁੱਧ ਪੀਂਦੀ ਬੱਚੀ ਨਹੀਂ। ਆਪਣਾ ਚੰਗਾ-ਬੁਰਾ ਸਭ ਸਮਝਦੀ ਹਾਂ। ਮੇਰੀ ਪੀ.ਆਰ. ਆਸਰੇ ਕੈਨੇਡਾ ਨਾਲ ਵਿਆਹ ਕਰਵਾਉਣ ਵਾਲੇ ਬਥੇਰੇ ਮਿਲ ਜਾਣਗੇ।"

"ਪੁੱਤਰ, ਰਾਜਨ ਦੇ ਜਾਣ ਤੋਂ ਬਾਅਦ ਤੂੰ ਹੀ ਤਾਂ ਸਾਡਾ ਸਾਰਾ ਕੁਝ ਹੈਂ। ਅਸੀਂ ਤੇਰਾ ਵਿਆਹ ਇੱਧਰ ਹੀ ਕਰਾਂਗੇ। ਤੇਰੇ ਬਗ਼ੈਰ ਸਾਡਾ ਹੈ ਹੀ ਕੌਣ...!" ਬੋਲਦਾ ਮਹੇਸ਼ ਭਾਵੁਕ ਹੋ ਗਿਆ।

"ਮੈਂ ਕੈਨੇਡਾ ਜਾਣੈ ਪਾਪਾ। ਰਾਜਨ ਦੇ ਸੁਪਨੇ ਪੂਰੇ ਕਰਨੇ ਨੇ।" ਬੋਲਦਿਆਂ ਅਨਿਕਾ ਦੀਆਂ ਅੱਖਾਂ ਡਲ੍ਹਕ ਗਈਆਂ।

"ਸੁਪਨੇ ਇੱਥੇ ਵੀ ਤਾਂ ਪੂਰੇ ਹੋ ਸਕਦੇ ਨੇ ਪੁੱਤਰ।" ਭਰੜਾਈ ਆਵਾਜ਼ ਵਿੱਚ ਮਹੇਸ਼ ਬੋਲਿਆ।

"ਸੁਪਨਿਆਂ ਲਈ ਪਲਾਨਿੰਗ ਕਰਨੀ ਪੈਂਦੀ ਏ ਪਾਪਾ। ਮੰਨਿਆ ਮੌਤ ਅਨਪਲਾਂਡ...! ਤਿਆਰੀ ਕਰ ਲੋ। ਮੈਂ ਤੁਹਾਡਾ ਵੀ ਵੀਜ਼ਾ ਅਪਲਾਈ ਕਰ ਰਹੀ ਹਾਂ।"

ਆਖ ਅਨਿਕਾ ਉੱਠ ਖੜੋਤੀ। ਇਕ-ਦੂਜੇ ਵੱਲ ਤੱਕਦੇ ਮਹੇਸ਼ ਤੇ ਸਰਿਤਾ ਦੀ ਸੋਚਣ ਸ਼ਕਤੀ ਜਵਾਬ ਦੇ ਗਈ।000

***(7185, ਸੈਕਟਰ 125, ਸੰਨੀ ਐਨਕਲੇਵ, ਮੋਹਾਲੀ 140 301***
***ਫ਼ੋਨ: +91-98146-70707***
***ਈਮੇਲ: dbabuta@gmail.com)***

# ਇਕ ਦਿਨ: ਕਹਾਣੀ: ਅੰਬਰ ਹੁਸੈਨੀ

ਅਲਾਰਮ ਸੀ ਕਿ ਵੱਜ-ਵੱਜ ਕੇ ਕਮਲ਼ਾ ਹੋਣ ਨੂੰ ਫਿਰਦਾ ਸੀ, ਪਰ ਸਾਇਮਾ ਦਾ ਉੱਠਣ ਨੂੰ ਉੱਕਾ ਦਿਲ ਨਹੀਂ ਸੀ ਕਰ ਰਿਹਾ। ਪਏ-ਪਏ ਚੇਤਾ ਆਇਆ ਕਿ ਰਾਤੀਂ ਥੱਕ ਬਹੁਤਾ ਗਈ ਸੀ ਤੇ ਬੱਚਿਆਂ ਦੇ ਯੂਨੀਫ਼ਾਰਮ ਵੀ ਨਹੀਂ ਇਸਤਰੀ ਕੀਤੇ। ਇਹ ਸੋਚ ਆਉਂਦੇ ਸਾਰ ਆਪਣੇ ਆਪ 'ਤੇ ਜਬਰ ਕਰ ਉੱਠ ਖਲੋਤੀ। ਇਹ ਪੰਜ ਮਿੰਟ ਬਹੁਤਾ ਪੈਣ ਦੀ ਅੱਯਾਸ਼ੀ ਹੁਣ ਉਹਦੀ ਚੰਗੀ ਦੌੜ ਲਵਾਉਣ ਵਾਲੀ ਸੀ।

ਯੂਨੀਫ਼ਾਰਮ ਇਸਤਰੀ ਕਰਨ ਲੱਗਿਆਂ ਵੇਖਿਆ, ਨਿੱਕੀ ਦੇ ਕੱਪੜਿਆਂ ਦੀ ਜੇਬ ਫਟੀ ਹੋਈ ਸੀ... 'ਇਕ ਤੇ ਇਹ ਬੱਚੇ ਕੋਈ ਜ਼ਿੰਮੇਵਾਰੀ ਚੁੱਕ ਕੇ ਰਾਜ਼ੀ ਨਹੀਂ। ਪਾਣੀ ਦੀ ਬੋਤਲ ਅਤੇ ਲੰਚ-ਬਾਕਸ ਤੀਕਰ ਮੈਂ ਬੈਗ 'ਚੋਂ ਕੱਢ ਲਵਾਂ ਤੇ ਠੀਕ, ਨਹੀਂ ਤਾਂ ਬੈਗ 'ਚ ਈ ਤ੍ਰੱਕਦੇ ਰਹਿੰਦੇ।' ਉਸ ਨੂੰ ਬੱਚਿਆਂ 'ਤੇ ਰੱਜ ਕੇ ਗ਼ੁੱਸਾ ਆਉਣ ਲੱਗਾ।

ਯੂਨੀਫ਼ਾਰਮ ਬੱਚਿਆਂ ਦੇ ਕਮਰੇ 'ਚ ਰੱਖ, ਉਨ੍ਹਾਂ ਨੂੰ ਜਗਾਇਆ। ਨਾਲੇ ਵੱਡੇ ਮੁੰਡੇ ਨੂੰ ਧਮਕੀ ਲਾਈ ਕਿ ਜੇ ਤੂੰ ਮੁੜ ਕੇ ਸੁੱਤਾ ਤੇ ਮੈਂ ਕੋਈ ਨਹੀਂ ਉਠਾਉਣਾ, ਰਾਤ ਨੂੰ ਸੌਂ ਕੇ ਨਹੀਂ ਰਾਜ਼ੀ ਤੇ ਸੁਬ੍ਹਾ ਉੱਠਣਾ ਨਹੀਂ। ਵੱਡੇ ਨੂੰ ਸਵੇਰੇ ਜਗਾਉਣਾ ਇਕ ਅਜ਼ਾਬ ਤੋਂ ਘੱਟ ਨਹੀਂ ਸੀ ਹੁੰਦਾ। ਕਿਚਨ 'ਚ ਕੰਮ ਕਰਦਿਆਂ, ਦਸ ਵਾਰ ਆਵਾਜ਼ ਲਾਉਣੀ ਪੈਂਦੀ, ਫਿਰ ਮਸਾਂ ਉੱਠਦਾ। 'ਆਮਿਰ ਨੂੰ ਉਠਾਉਣਾ ਕਿਹੜਾ ਸੌਖਾ, ਪਿਓ 'ਤੇ ਈ ਗਿਆ ਇਹ...' ਉਸ ਦਿਲ 'ਚ ਵਿਚਾਰਿਆ।

ਨਾਸ਼ਤਾ ਬਣਾਉਣ ਤੋਂ ਪਹਿਲਾਂ ਆਮਿਰ ਨੂੰ ਉਠਾਉਣ ਗਈ ਤਾਂ ਲੈਪ-ਟਾਪ 'ਤੇ ਨਜ਼ਰ ਪਈ। ਰਾਤ presentation ਬਣਾਉਂਦਿਆਂ ਕੋਈ ਢਾਈ ਵੱਜ ਗਏ ਸਨ। ਤੇ ਹੁਣ ਉਹੀ presentation ਉਹਨੇ ਘਰ ਭੁੱਲ ਜਾਣੀ ਸੀ। ਫਟਾਫਟ ਆਪਣੇ ਆਪ ਨੂੰ ਈ-ਮੇਲ ਕਰਨ ਲਈ ਲੈਪ-ਟਾਪ ਖੋਲ੍ਹਿਆ ਤਾਂ ਬੈਟਰੀ ਲੋਅ। ਇਹ ਸਾਰੇ ਜੰਜਾਲ਼ ਅੱਜ ਹੀ ਹੋਣੇ ਸਨ। ਲੈਪ-ਟਾਪ ਚਾਰਜਿੰਗ 'ਤੇ ਲਾਉਂਦਿਆਂ ਉਹ ਚਿੜ੍ਹ ਗਈ।

"ਆਮਿਰ ਪਲੀਜ਼ ਉੱਠ ਜਾਓ, ਵਰਨਾ ਲੇਟ ਹੋ ਜਾਣਾ ਤੁਸੀਂ।" ਬੰਦੇ ਨੂੰ ਦੂਜੀ ਵਾਰ ਉਠਾਉਂਦਿਆਂ, ਉਹਦਾ ਲਹਿਜਾ ਚੰਗਾ ਭਲਾ ਖਿਝਿਆ ਹੋਇਆ ਸੀ।

"ਯਾਰ ਸਵੇਰੇ-ਸਵੇਰੇ ਏਨੀ ਅਵਾਜ਼ਾਰ ਆਵਾਜ਼...ਮੈਨੂੰ ਤੇ ਕਦੀ-ਕਦੀ ਸੋਚ ਕੇ ਹਾਸਾ ਆਉਂਦਾ, ਇਹ ਉਸੇ ਕੁੜੀ ਦੀ ਆਵਾਜ਼, ਜਿਸ ਦਾ ਮਿੱਠਾ-ਪਣ ਅਤੇ ਕੋਮਲਤਾ ਪੂਰੀ ਯੂਨੀਵਰਸਿਟੀ 'ਚ ਮਸ਼ਹੂਰ ਸੀ।" ਆਮਿਰ ਨੇ ਉਠਦੇ ਹੋਏ ਹਾਸੇ ਨਾਲ਼ ਸ਼ਿਕਵਾ ਕੀਤਾ।

"ਜਦ ਇਕ ਵਾਰ 'ਚ ਗੱਲ ਨਾ ਸੁਣਨ ਵਾਲਾ ਬੰਦਾ, ਦੋ ਸਿਰ ਖਾਣ ਵਾਲੇ ਨਿਆਣੇ, ਤੇ ਦਿਨ ਭਰ ਆਢਾ ਲਾਉਣ ਵਾਲੇ ਕੁਲੀਗਜ਼ ਨਾਲ਼ ਵਾਹ ਪੈਂਦਾ ਏ ਤਾਂ ਆਪੇ ਮਿੱਠੇ ਲਹਿਜੇ ਉੱਚੇ ਹੋ ਜਾਂਦੇ।" ਕੋਸ਼ਸ਼ ਮਗਰੋਂ ਵੀ ਇਹ ਗੱਲ ਕਹਿੰਦਿਆਂ ਸਾਇਮਾ ਦੇ ਸੁਭਾਅ 'ਚ ਮਜ਼ਾਕ ਤੋਂ ਬਹੁਤੀ ਕੁੜੱਤਣ ਆ ਗਈ।

ਆਮਿਰ ਚੁੱਪ ਕਰ ਕੇ ਤੌਲੀਆ ਚੁੱਕ ਬਾਥਰੂਮ ਵੜ ਗਿਆ।

ਸਾਇਮਾ ਆਪਣੇ ਆਪ ਨੂੰ ਕੋਸਦੇ ਹੋਏ, ਕਿਚਨ ਵੱਲ ਨੂੰ ਹੋ ਪਈ।

"ਮੰਮਾ ਮੇਰੀਆਂ ਜੁਰਾਬਾਂ?" ਕਮਰੇ 'ਚੋਂ ਨਿੱਕੀ ਦੀ ਆਵਾਜ਼ ਆਈ।

"ਹਾਏ ਅੱਲ੍ਹਾ, ਕਿੰਨੀ ਵਾਰ ਕਿਹਾ ਰਾਤ ਨੂੰ ਆਪਣੇ ਬੂਟ ਜੁਰਾਬਾਂ ਸਾਹਮਣੇ ਕਰ ਕੇ ਰੱਖਿਆ ਕਰੋ।" ਉਹ ਗ਼ੁੱਸੇ ਨਾਲ਼ ਕਹਿ ਕੇ ਕਮਰੇ ਵੱਲ ਨੂੰ ਜੁਰਾਬਾਂ ਲੱਭਣ ਜਾ ਰਹੀ ਸੀ ਕਿ ਪਿੱਛੋਂ ਆਮਿਰ

ਦੀ ਆਵਾਜ਼ ਕੰਨੀਂ ਪਈ।

"ਇਹ ਸਭ ਸਿਖਾਉਣਾ ਤੇ ਮਾਂ ਦਾ ਕੰਮ ਹੁੰਦਾ।"

"ਰੋਜ਼ ਤੇ ਇਨ੍ਹਾਂ ਨੂੰ ਕਹਿੰਦੀ ਹਾਂ, ਹੋਰ ਕਿੰਝ ਸਿਖਾਵਾਂ।" ਉਹ ਵੀ ਜਵਾਬ ਦੇ ਕੇ ਜੁਰਾਬਾਂ ਲੱਭਣ ਲੱਗ ਪਈ।

ਇਕ ਜੁਰਾਬ ਪਲੰਘ ਥੱਲੋਂ ਤੇ ਦੂਜੀ ਅਲਮਾਰੀ ਥੱਲੇ ਪਈ ਲੱਭੀ।

ਸਾਇਮਾ ਦਾ ਆਫ਼ਿਸ ਪੰਜ ਵਜੇ ਬੰਦ ਹੁੰਦਾ ਸੀ, ਘਰ ਆਉਂਦੇ-ਆਉਂਦੇ ਛੇ ਵੱਜ ਜਾਂਦੇ, ਬੱਚੇ ਸਕੂਲੋਂ ਆਉਂਦੇ ਸਾਰ ਦਾਦੀ ਵੱਲ ਚਲੇ ਜਾਂਦੇ। ਆਮਿਰ ਕਾਲਿਜ ਤੋਂ ਪਰਤਦੇ ਹੋਏ ਉਨ੍ਹਾਂ ਨੂੰ ਘਰ ਲੈ ਆਉਂਦਾ। ਪਰ ਫਿਰ ਉਹ ਘਰ ਆ ਕੇ ਕੀ ਕਰਦੇ, ਇਹਦੇ ਤੋਂ ਆਮਿਰ ਦਾ ਕੋਈ ਲੈਣਾ ਦੇਣਾ ਨਹੀਂ ਸੀ। ਉਹ ਝੱਟ ਆਰਾਮ ਕਰਦਾ, ਬੱਚਿਆਂ ਨੂੰ ਸਵੇਰ ਦੀ ਪਈ ਰੋਟੀ ਦੇ ਕੇ ਸਾਇਮਾ ਸਿਰ ਅਹਿਸਾਨ ਤੇ ਆਪਣੀ ਜ਼ਿੰਮੇਵਾਰੀ ਪੂਰੀ ਕਰ ਦਿੰਦਾ। ਫਿਰ ਟਿਊਸ਼ਨ ਪੜ੍ਹਨ ਵਾਲੇ ਬੱਚੇ ਆ ਜਾਂਦੇ। ਤੇ ਆਪਣੇ ਬੱਚੇ ਕੀ ਕਰਦੇ ਰਹੇ, ਉਹਨੂੰ ਖ਼ਬਰ ਨਾ ਹੁੰਦੀ।

ਬੱਚੇ ਯੂਨੀਫ਼ਾਰਮ ਇੱਧਰ ਉੱਧਰ ਸੁੱਟ ਦਿੰਦੇ, ਕਾਰਟੂਨ ਲਾ ਬੈਠੇ ਰਹਿੰਦੇ, ਘਰ ਦਾ ਹਸ਼ਰ ਕਰ ਦਿੰਦੇ। ਜੇ ਉਹ ਆਮਿਰ ਤੋਂ ਗਿਲਾ ਕਰਦੀ ਤਾਂ ਉਹਨੂੰ ਗ਼ੁੱਸਾ ਆ ਜਾਂਦਾ ਕਿ ਦੁਪਹਿਰ ਨੂੰ ਘੰਟਾ ਆਰਾਮ ਤੋਂ ਵੱਖ ਕਿਹੜਾ ਟਾਈਮ ਲੱਭਦਾ ਮੈਨੂੰ।

"ਮੈਨੂੰ ਤੇ ਉਹ ਘੰਟਾ ਵੀ ਨਹੀਂ ਲੱਭਦਾ।" ਇਹ ਸ਼ਿਕਵਾ ਕਈ ਵਾਰ ਸਾਇਮਾ ਦੇ ਬੁੱਲ੍ਹਾਂ 'ਤੇ ਆਉਂਦਾ-ਆਉਂਦਾ ਰਹਿ ਗਿਆ ਸੀ।

ਕਦੀ-ਕਦੀ ਸਾਇਮਾ ਨੂੰ ਲਗਦਾ ਕਿ ਮੁਹੱਬਤ ਨਾਂ ਦੀ ਸ਼ੈਅ ਇਕ luxury ਏ, ਜਿਹੜੀ ਮਿਡਲ ਕਲਾਸ ਜੇ ਔਖੀ ਹੋ ਕੇ ਇਕ ਵਾਰ ਕਰ ਲਏ ਤਾਂ ਫਿਰ ਉਮਰ ਭਰ ਜੁਰਮਾਨਾ ਭਰਨਾ ਪੈਂਦਾ। ਉਨ੍ਹਾਂ ਦੋਹਾਂ ਦਾ ਵੀ ਪਸੰਦ ਦਾ ਵਿਆਹ ਸੀ। ਆਮਿਰ ਦੇ ਘਰ ਵਾਲੇ ਕੁੱਝ ਖ਼ਾਸ ਰਾਜ਼ੀ ਨਹੀਂ ਸਨ। ਸਾਇਮਾ ਨੇ ਵੀ ਔਖਿਆਂ ਹੀ ਆਪਣੇ ਘਰ ਵਾਲਿਆਂ ਨੂੰ ਮਨਾਇਆ ਸੀ, ਤੇ ਵਿਆਹ ਮਗਰੋਂ ਉਨ੍ਹਾਂ ਦਿਲੋਂ ਆਮਿਰ ਨੂੰ ਕਬੂਲ ਕਰ ਲਿਆ ਸੀ, ਪਰ ਆਮਿਰ ਜਿਸ ਨੇ ਖ਼ਾਲਾ (ਮਾਸੀ) ਦੀ ਕੁੜੀ ਨਾਲ਼ ਮੰਗਣੀ ਤੋੜ ਸਾਇਮਾ ਨੂੰ ਅਪਣਾਇਆ ਸੀ, ਉਸ ਦੇ ਘਰ ਵਾਲੇ ਨੂੰਹ ਲਈ ਕੋਈ ਖ਼ਾਸ ਦਿਲ ਵੱਡਾ ਨਾ ਕਰ ਸਕੇ।

ਰੋਜ਼ ਦੀ ਨਿੱਕੀ-ਨਿੱਕੀ ਚਖ਼-ਚਖ਼ ਤੋਂ ਘਬਰਾ ਕੇ ਆਮਿਰ ਤੇ ਸਾਇਮਾ ਨੇ ਵੱਖ ਹੋਣ ਦਾ ਫ਼ੈਸਲਾ ਕੀਤਾ। ਤੇ ਇਸ ਫ਼ੈਸਲੇ ਨੇ ਸਾਇਮਾ ਨੂੰ ਹੋਰ ਬੁਰਿਆਂ ਕਰ ਦਿੱਤਾ। ਫ਼ੈਸਲਾ ਦੋਹਾਂ ਦਾ ਸੀ, ਤੇ ਘਰ ਦੇ ਮਾਹੌਲ ਤੋਂ ਅੱਕ ਕੇ ਕੀਤਾ ਗਿਆ। ਪਰ ਇਲਜ਼ਾਮ ਸਾਰਾ ਨੂੰਹ ਸਿਰ...ਅਖੇ ਪਹਿਲਾਂ ਮਾਸੂਮ ਸਿੱਧੇ ਸਾਦੇ ਆਮਿਰ ਨੂੰ ਆਪਣੇ ਪਿੱਛੇ ਲਾਇਆ, ਫਿਰ ਮਾਂ ਪਿਓ ਤੋਂ ਤੋੜ ਕੇ ਦੂਰ ਲੈ ਗਈ।

ਇਲਜ਼ਾਮ ਤੇ ਨਾਰਾਜ਼ਗੀ ਆਪਣੀ ਥਾਂ...ਘਰ ਦਾ ਕਿਰਾਇਆ, ਦੂਜੇ ਖ਼ਰਚੇ, ਸਭ ਨੇ ਮਿਲ ਕੇ ਆਮਿਰ ਦੀ ਮੱਤ ਵਜਾ ਦਿੱਤੀ ਤੇ ਸਾਇਮਾ ਨੇ ਉਹਦਾ ਸਾਥ ਦੇਣ ਲਈ ਨੌਕਰੀ ਦਾ ਫ਼ੈਸਲਾ ਕੀਤਾ।

ਸਾਇਮਾ ਦੀ ਇਕ ਕਜ਼ਨ ਕਾਫ਼ੀ ਵੱਡੀ ਮਾਰਕੀਟਿੰਗ ਏਜੰਸੀ 'ਚ ਕੰਮ ਕਰਦੀ ਸੀ, ਉੱਥੇ ਈ ਉਹਨੂੰ ਕੰਮ ਲੱਭ ਗਿਆ। ਪਹਿਲਾਂ ਆਪਣੇ ਘਰ ਦੇ ਚਾਹ ਨੂੰ ਕਿਸ਼ਤਾਂ 'ਤੇ ਪਲਾਟ, ਫਿਰ ਘਰ, ਫਿਰ ਬੱਚੇ ਤੇ ਉਨ੍ਹਾਂ ਦੇ ਖ਼ਰਚੇ...ਜਿਹੜੀ ਨੌਕਰੀ ਸਾਲ-ਦੋ-ਸਾਲ ਦਾ ਸੋਚ ਸ਼ੁਰੂ ਕੀਤੀ, ਉਹ ਚੌਦਾਂ ਸਾਲ ਬਾਅਦ ਵੀ ਚੱਲਦੀ ਪਈ ਸੀ।

"ਮਾਮਾ!...ਲੰਚ-ਬਾਕਸ?...ਰਿਕਸ਼ੇ ਵਾਲੇ ਅੰਕਲ ਆ ਗਏ।" ਬੇਟੇ ਦੀ ਆਵਾਜ਼ ਉਹਨੂੰ ਮਾਜ਼ੀ (ਅਤੀਤ) 'ਚੋਂ ਖਿੱਚ ਲਿਆਈ। ਉਹ ਫਟਾਫਟ ਸੈਂਡਵਿਚ ਲੰਚ-ਬਾਕਸ 'ਚ ਰੱਖ ਕਿਚਨ ਤੋਂ ਬਾਹਰ ਨੱਸੀ। ਨਿੱਕੀ ਦਾ ਨਾਸ਼ਤਾ ਉਂਝ ਦਾ ਉਂਝ ਪਿਆ ਸੀ, ਦੁੱਧ ਦੇ ਵੀ ਦੋ ਈ ਘੁੱਟ ਪੀਤੇ ਸਨ ਉਸ।

"ਹਫ਼ਸਾ! ਪੁੱਤਰ ਨਾਸ਼ਤਾ ਕਿਉਂ ਨਹੀਂ ਕੀਤਾ? ਲੰਚ-ਬਾਕਸ ਵੀ ਤੁਸੀਂ ਇੰਝ ਈ ਮੋੜ ਲਿਆਉਂਦੇ ਓ।"

ਉਹਨੇ ਦੁੱਧ ਦਾ ਗਲਾਸ ਚੁੱਕ ਕੇ ਹਫ਼ਸਾ ਦੇ ਮੂੰਹ ਨੂੰ ਲਾਇਆ। ਬਾਹਰ ਬੱਸ ਵਾਲਾ ਹਾਰਨ 'ਤੇ ਹਾਰਨ ਦੇ ਰਿਹਾ ਸੀ। ਮਸਾਂ ਦੋ ਘੁੱਟ ਭਰ ਕੇ ਕੁੜੀ ਬਾਹਰ ਭੱਜ ਗਈ। ਹਫ਼ਸਾ ਬੜੀ ਮਲੂਕ ਬੱਚੀ ਸੀ। ਸਵੇਰੇ ਕੁੱਝ ਖਾ ਕੇ ਨਹੀਂ ਜਾਣਾ, ਲੰਚ-ਬਾਕਸ ਉਹ ਮੋੜ ਲਿਆਉਂਦੀ, ਦੁਪਹਿਰ ਨੂੰ ਨੂਡਲਜ਼ ਜਾਂ ਕੁੱਝ ਪੁੱਠਾ ਸਿੱਧ ਖਾ ਢਿੱਡ ਭਰ ਲੈਂਦੀ। ਸਿਰਫ਼ ਇਕ ਟਾਈਮ ਸ਼ਾਮ ਨੂੰ ਸਾਇਮਾ ਉਹਨੂੰ ਆਪ ਹੱਥੀਂ ਰੋਟੀ ਖਵਾਉਂਦੀ। ਇਕ ਟਾਈਮ ਖਾ ਕੇ ਕਿੱਥੇ ਉਹਦੀ ਸਿਹਤ ਬਣਨੀ ਸੀ।

ਬੱਚੀ ਨੂੰ ਬੱਸ 'ਚ ਬਿਠਾ ਕੇ ਆਈ, ਤਾਂ ਉਹਦੇ ਭੁੱਖੇ ਢਿੱਡ ਜਾਣ ਦੀ ਸੋਚ...ਸਾਇਮਾ ਦਾ ਆਪ ਵੀ ਕੁੱਝ ਖਾਣ ਨੂੰ ਦਿਲ ਕਰਨੋਂ ਹਟ ਗਿਆ। ਆਮਿਰ ਨੇ ਚਾਹ ਪੀਂਦੇ ਹੋਏ ਉਹਨੂੰ ਉਹਦੀ ਰੋਟੀ ਨਾਲ਼ ਖੇਡਦੇ ਵੇਖਿਆ ਤਾਂ ਬੋਲਿਆ "ਖਾਂਦੀ ਕਿਉਂ ਨਹੀਂ?"

"ਦਿਲ ਨਹੀਂ ਕਰ ਰਿਹਾ, ਹਫ਼ਸਾ ਰੋਜ਼ ਏਨੀ ਦੇਰ ਭੁੱਖੀ ਰਹਿੰਦੀ, ਉਹਦਾ ਸੋਚ ਰਹੀ ਹਾਂ।"

"ਫ਼ਿਰ ਝੱਟ ਜਲਦੀ ਉੱਠ ਜਾਇਆ ਕਰ, ਸ਼ਾਮ ਵੇਲੇ ਵੀ ਤੂੰ ਆਪਣੇ ਹੱਥੀਂ ਖਵਾਉਂਦੀ ਹੈਂ ਤਾਂ ਖਾ ਲੈਂਦੀ ਏ। ਇਸ ਵੇਲ਼ੇ ਵੀ ਆਪ ਖੁਆ ਦਿਆ ਕਰ।"

ਉਹ ਹੈਰਾਨੀ ਨਾਲ਼ ਆਮਿਰ ਨੂੰ ਵੇਖਦੀ ਰਹਿ ਗਈ। ਉਹਦੀ ਤਾਂ ਆਪਣੀ ਇਸ ਵੇਲ਼ੇ ਦੌੜ ਲੱਗੀ ਹੁੰਦੀ ਸੀ। ਉਹਦੇ ਨਾਲੋਂ ਆਮਿਰ ਲਈ ਕਿਤੇ ਸੌਖਾ ਸੀ ਕਿ ਉਹ ਆਪ ਨਾਸ਼ਤਾ ਕਰਦਿਆਂ ਹੋਇਆਂ, ਹਫ਼ਸਾ ਦੇ ਮੂੰਹ 'ਚ ਬੁਰਕੀ ਪਾਈ ਜਾਏ, ਪਰ ਇਹ ਕਹਿਣ ਦਾ ਮਤਲਬ ਲੜਾਈ ਸੀ, ਜਿਸ ਦਾ ਇਸ ਵੇਲੇ ਨਾ ਸਾਇਮਾ ਕੋਲ਼ ਵੇਲ਼ਾ ਸੀ ਨਾ ਹਿੰਮਤ।

ਉਹ ਮੇਜ਼ ਤੋਂ ਬਰਤਨ ਚੁੱਕ ਕੇ ਕਿਚਨ ਵੱਲ ਨੂੰ ਟੁਰ ਪਈ। ਆਮਿਰ ਤਿਆਰ ਹੋਣ ਲਈ ਕਮਰੇ ਵੱਲ ਜਾਂਦੇ-ਜਾਂਦੇ ਦੁਬਾਰਾ ਕਿਚਨ ਦੇ ਬੂਹੇ ਕੋਲ਼ ਆ ਕੇ ਕਹਿਣ ਲੱਗਾ:

"ਓ ਸੱਚ, ਮੈਨੂੰ ਯਾਦ ਨਹੀਂ ਰਹਿੰਦਾ, ਅੱਜ ਭਾਈ ਸਲੀਮ ਹੋਰੀਂ ਰਾਤ ਨੂੰ ਰੋਟੀ ਤੇ ਆਉਣਗੇ।"

"ਕੀ!..." ਸਾਇਮਾ ਦਾ 'ਕੀ' ਕਾਫ਼ੀ ਉੱਚਾ ਸੀ।

"ਓ ਯਾਰ, ਕੱਲ੍ਹ ਉਨ੍ਹਾਂ ਦਾ ਫ਼ੋਨ ਆਇਆ, ਤੇ ਗੱਲਾਂ-ਗੱਲਾਂ 'ਚ ਕਹਿਣ ਲੱਗੇ, ਕਿਸੇ ਦਿਨ ਸਾਇਮਾ ਦੇ ਹੱਥ ਦੀ ਬਰਿਆਨੀ ਖਾਣ ਆਉਣਾ, ਮੈਂ ਕਿਹਾ ਕਿਸੇ ਦਿਨ ਕਿਉਂ, ਕੱਲ੍ਹ ਈ ਆ ਜਾਓ।"

"ਪਰ ਆਮਿਰ...ਤੁਸੀਂ ਸੱਦਣਾ ਸੀ ਤੇ ਐਤਵਾਰ ਵਾਲੇ ਦਿਨ ਸੱਦ ਲੈਂਦੇ।" ਉਹ ਬੇਵਸੀ ਨਾਲ਼ ਬੋਲੀ।

ਵੱਖ ਘਰ ਲੈਣ ਤੋਂ ਬਾਅਦ ਆਮਿਰ ਨੂੰ ਘਰ ਦਿਆਂ ਦਾ ਖ਼ਿਆਲ ਕੁੱਝ ਬਹੁਤਾ ਈ ਆਉਣ ਲੱਗ ਗਿਆ ਸੀ। ਉਹ ਚੰਗਾ ਬਣਨ, ਮਿਲਣ-ਮਿਲਾਣ ਦਾ ਕੋਈ ਮੌਕਾ ਜਾਣ ਨਹੀਂ ਸੀ ਦਿੰਦਾ, ਤੇ ਇਸ 'ਚ ਉਹ ਇਹ ਵੀ ਭੁੱਲ ਜਾਂਦਾ ਕਿ ਇਸ ਕੋਸ਼ਸ਼ ਦਾ ਘਰ ਦੇ ਬਜਟ, ਜਾਂ ਸਾਇਮਾ ਦੀ ਰੁਟੀਨ 'ਤੇ ਕੀ ਅਸਰ ਪਏਗਾ, ਤੇ ਹਰ ਦਾਅਵਤ, ਹਰ ਮੌਕੇ ਤੋਂ ਬਾਅਦ ਘਰ ਦਿਆਂ ਦੀ ਖ਼ਫ਼ਗੀ (ਨਰਾਜ਼ਗੀ) ਤੇ ਦੂਰੀ ਦੁਬਾਰਾ ਮੁੜ ਆਉਂਦੀ ਸੀ, ਪਰ ਇਹ ਗੱਲ ਆਮਿਰ ਨੂੰ ਕੌਣ ਸਮਝਾਏ।

"'ਅੱਛਾ ਇੰਝ ਕਰ ਨਾ, ਤੂੰ ਸਿਰਫ਼ ਬਰਿਆਨੀ ਬਣਾ ਲਈਂ, ਬਾਕੀ ਮੈਂ ਸਾਰਾ ਕੁੱਝ ਬਾਹਰੋਂ ਲੈ ਆਵਾਂਗਾ।"

"ਆਮਿਰ ਗੱਲ ਸਿਰਫ਼ ਬਰਿਆਨੀ ਦੀ ਨਹੀਂ, ਘਰ ਦੀ ਸਫ਼ਾਈ, ਆਪ ਬੱਚੇ ਤਿਆਰ ਕਰਨਾ, ਸੌ ਕੰਮ ਹੁੰਦੇ, ਫਿਰ ਭਾਈ ਜੀ ਦੁਕਾਨਦਾਰ ਬੰਦੇ, ਸਵੇਰੇ ਗਿਆਰਾਂ ਵਜੇ ਤੀਕ ਸੌਂ ਸਕਦੇ। ਬੱਚੇ ਉਨ੍ਹਾਂ ਦੇ ਵੱਡੇ, ਰਾਤ ਤੀਕ ਬੈਠੇ ਰਹਿਣ, ਕੋਈ ਗੱਲ ਨਹੀਂ। ਇੱਥੇ ਹਫ਼ਸਾ ਤੇ ਕਾਕੇ ਦੀ ਰੁਟੀਨ ਖ਼ਰਾਬ ਹੋ ਜਾਂਦੀ। ਨਿਆਣੇ ਉਂਝ ਵੀ ਰਾਤੀਂ ਬਾਰਾਂ ਵਜੇ ਤੀਕ ਜਾਗਦੇ।"

“ਤੇਰਾ ਨਹੀਂ ਦਿਲ ਤਾਂ ਬਹਾਨੇ ਨਾ ਬਣਾ।” ਆਮਿਰ ਗ਼ੁੱਸੇ ਨਾਲ਼ ਬੋਲਿਆ।

“ਮੈਂ ਸਾਰੇ ਸੌਦੇ ਮੈਸੇਜ ਕਰਦੀ ਆਂ, ਕਾਲਿਜੋਂ ਆਉਂਦਿਆਂ ਲਈ ਆਓ।” ਸਾਇਮਾ ਨੇ ਕਿਚਨ ਸਾਂਭਦਿਆਂ ਬਸ ਏਨਾ ਆਖਿਆ।

“ਠੀਕ ਏ।” ਆਮਿਰ ਦੇ ‘ਠੀਕ ਏ’ ’ਚ ਖ਼ੁਸ਼ੀ ਸਾਫ਼ ਸੁਣੀਂਦੀ ਪਈ ਸੀ।

ਅੱਠ ਵੱਜਣ ਲੱਗੇ ਸਨ ਤੇ ਕੰਮ ਵਾਲੀ ਅਜੇ ਤੀਕਰ ਨਹੀਂ ਸੀ ਆਈ। ਸਾਇਮਾ ਨੇ ਉਹਨੂੰ ਫ਼ੋਨ ਕੀਤਾ ਕਿ ਮਾਸੀ ਜਲਦੀ ਆ ਜਾਓ, ਹੁਣ ਘਰ ਸਾਰਾ ਸੁਥਰਾ ਕਰ ਕੇ ਜਾਣਾ ਪੈਣਾ। ਇਹ ਸੋਚਦੇ ਹੋਏ ਉਹ ਆਪ ਈ ਖਿਲਾਰੇ ਚੁੱਕਣ ਲੱਗ ਪਈ। ਆਮਿਰ ਦਾ ਮੂਡ ਚੰਗਾ ਹੋ ਗਿਆ ਸੀ। ਘਰੋਂ ਨਿਕਲਣ ਲੱਗੇ ਵੀ ਕਹਿ ਕੇ ਗਿਆ, “ਬਹੁਤੀ ਔਖੀ ਨਾ ਹੋਈਂ। ਬਸ ਬਰਿਆਨੀ ਪਕਾ ਲਈਂ। ਬਾਕੀ ਸਭ ਮੈਨੂੰ ਮੈਸੇਜ ਕਰ ਦੇਈਂ।”

ਉਹ ਜਾਣਦੀ ਸੀ, ਇਸ ਖ਼ਿਆਲ ਰੱਖਣ ਦੇ ਵਿਖਾਵੇ ਪਿੱਛੇ ਕੀ ਏ, ਸੋ ਬਸ ਏਨਾ ਬੋਲੀ:

“ਮੈਂ ਸਾਰੀ ਸਫ਼ਾਈ ਕਰਵਾ ਕੇ ਜਾਵਾਂਗੀ, ਬੱਚਿਆਂ ਨੂੰ ਘਰ ਗੰਦ ਨਾ ਪਾਣ ਦਿਓ।”

“ਓ.ਕੇ. ਬਾਸ!” ਆਮਿਰ ਨੇ ਅੰਗੂਠੇ ਨਾਲ ok ਦਾ ਇਸ਼ਾਰਾ ਕਰਦੇ ਹੋਏ, ਮੂੰਹ ’ਚੋਂ ਵੀ ਕਿਹਾ, ਤੇ ਜਾਣ ਲਈ ਮੋਟਰਸਾਈਕਲ ਦੀ ਚਾਬੀ ਲੱਭਣ ਲੱਗ ਗਿਆ।

ਸਾਇਮਾ ਨੂੰ ਪਤਾ ਸੀ ਘਰ ਆਪਣੀ ਨਿਗਰਾਨੀ ’ਚ ਸਾਫ਼ ਕਰਵਾ ਕੇ ਜਾਣਾ ਪੈਣਾ ਅੱਜ... ਨਹੀਂ ਤਾਂ ਮਾਸੀ ਨੇ ਅੱਧਾ ਗੰਦ ਛੱਡ ਜਾਣਾ। ਉਸ ਆਪਣੀ ਸਹੇਲੀ ਤੇ ਕੁਲੀਗ ਨਸੀਮ ਨੂੰ ਟੈਕਸਟ ਕੀਤਾ, “presentation ਸਾਢੇ ਦਸ ਏ, ਮੈਂ ਦਸ ਵਜੇ ਤੀਕ ਪਹੁੰਚ ਜਾਵਾਂਗੀ, ਤੂੰ ਪਹਿਲੇ ਦਾ ਵੇਖ ਲਈਂ ਪਲੀਜ਼।”

ਨਸੀਮ ਦਾ ਰਿਪਲਾਏ ਆਇਆ, “ਤੂੰ ਖ਼ਾਵਰ ਸਾਹਿਬ ਨੂੰ ਜਾਣਦੀ ਏਂ ਨਾ, ਤੇ ਤੇਰੀ ਪ੍ਰਮੋਸ਼ਨ ਇਸੇ presentation ’ਤੇ depend ਕਰਦੀ ਏ, ਲੇਟ ਨਾ ਹੋ ਜਾਈਂ।”

“ਨਹੀਂ ਹੁੰਦੀ।” ਉਹਨੇ ਲਿਖ ਕੇ ਘੱਲਿਆ ਤੇ ਕੰਮ ਵੱਲ ਧਿਆਨ ਕਰਨ ਲੱਗੀ।

ਮਾਸੀ ਤੋਂ ਝਾੜੂ-ਪੋਚਾ ਕਰਵਾਉਂਦਿਆਂ ਪੌਣੇ ਦਸ ਹੋ ਗਏ। ਉਹ ਆਪਣੇ ਆਪ ਨੂੰ presentation ਮੇਲ ਕਰਨ ਈ ਲੱਗੀ ਸੀ ਕਿ ਲਾਈਟ ਚਲੀ ਗਈ ਤੇ ਨੈੱਟ ਬੰਦ ਹੋ ਗਿਆ।

“ਓ ਯਾਰ...” ਉਹਦੇ ਮੂੰਹੋਂ ਬਸ ਇਹੋ ਈ ਨਿਕਲਿਆ ਸੀ, “ਅੱਲ੍ਹਾ ਕਰੇ ਹੁਣ USB ਲੱਭ ਜਾਏ। ਉਸ ਸੋਚਿਆ।

USB ਤੇ ਲੱਭ ਗਈ ਪਰ ਇਸ ਚੱਕਰ ’ਚ ਉਹਦੇ ਦਸ ਮਿੰਟ ਹੋਰ ਲੰਘ ਗਏ।

ਹੁਣ ਬਸ ਉਡੀਕਣ ਦਾ ਟਾਈਮ ਨਹੀਂ ਸੀ। ਸਾਇਮਾ ਨੇ ਮਹੀਨੇ ਦੇ ਅਖ਼ੀਰ ’ਤੇ ਆਮਿਰ ਦੀ ਦਾਅਵਤ ਵਾਲੀ ਫ਼ਜ਼ੂਲ-ਖ਼ਰਚੀ ਤੋਂ ਬਾਅਦ, ਅੱਜ ਰਿਕਸ਼ੇ ਦੀ ਅੱਯਾਸ਼ੀ ਦਾ ਜਿਗਰਾ ਕੱਢਿਆ।

ਆਫ਼ਿਸ ਪਹੁੰਚਦੇ-ਪਹੁੰਚਦੇ ਦਸ ਵੱਜ ਕੇ ਚਾਲੀ ਮਿੰਟ ਹੋ ਗਏ ਸਨ। ਤੇ ਸਾਇਮਾ ਦੇ ਹੱਥ ਪੈਰ ਫੁੱਲਣ ਲਗ ਪਏ। ਸ਼ੁਕਰ, ਨਸੀਮ ਨੇ ਕਾਨਫ਼ਰੰਸ-ਰੂਮ ਬਿਲਕੁਲ ਰੈਡੀ ਕਰ ਕੇ ਰੱਖਿਆ ਸੀ। ਸਾਇਮਾ ਉਹਦੇ ਸਦਕੇ ਵਾਰੀ ਜਾਂਦੀ, ਸ਼ੁਕਰੀਆ ਕਹਿੰਦੀ USB ਲਾਈ ਤੇ ਖ਼ਾਵਰ ਸਾਹਿਬ ਦੇ ਉੱਥੇ ਆਉਣ ਤੋਂ ਪਹਿਲਾਂ ਸਭ ਸੈੱਟ ਹੋ ਚੁੱਕਿਆ ਸੀ।

ਸਾਇਮਾ ਨੇ ਇਸ presentation ਲਈ ਬਹੁਤ ਮਿਹਨਤ ਕੀਤੀ ਸੀ। ਪਿਛਲੇ ਇਕ ਮਹੀਨੇ ਤੋਂ ਸ਼ਾਇਦ ਈ ਕੋਈ ਰਾਤ ਲੰਘੀ ਸੀ ਜਦ ਉਹ ਚਾਰ ਪੰਜ ਘੰਟਿਆਂ ਤੋਂ ਬਹੁਤਾ ਸੌਂ ਸਕੀ ਹੋਏ। ਇਕ ਤੇ ਇਸ ਕੈਂਪਸ ਦੇ ਹੈੱਡ ਖ਼ਾਵਰ ਸਾਹਿਬ ਉਂਝ ਕੰਮ ਨੂੰ ਲੈ ਕੇ ਸਖ਼ਤ ਬਾਸ ਮਸ਼ਹੂਰ ਸਨ, ਦੂਜੇ ਸਾਲਾਨਾ ਪ੍ਰਫ਼ਾਰਮੰਸ evaluation ਦੇ ਦਿਨ ਨੇੜੇ, ਉਹਦੀਆਂ ਉਮੀਦਾਂ presentation ’ਤੇ ਆ ਪਈਆਂ ਸਨ।

ਸ਼ੁਕਰ ਹੋਇਆ ਕਿ ਉਹਦੀ ਮਿਹਨਤ ਪੱਲੇ ਪਈ। ਖ਼ਾਵਰ ਸਰ ਨੂੰ presentation ਚੋਖੀ ਪਸੰਦ ਆਈ, ਉਨ੍ਹਾਂ ਨਾ ਸਿਰਫ਼ ਉਹਦੇ ਕੰਮ ਦੀ ਤਾਰੀਫ਼ ਕੀਤੀ, ਸਗੋਂ ਪ੍ਰਮੋਸ਼ਨ ਲਈ ਸਿਫ਼ਾਰਸ਼ ਕਰਨ ਦਾ ਇਸ਼ਾਰਾ ਵੀ ਦਿੱਤਾ।

ਖ਼ਾਵਰ ਸਾਹਿਬ ਦੇ ਕਾਨਫ਼ਰੰਸ ਰੂਮ 'ਚੋਂ ਜਾਣ ਤੋਂ ਬਾਅਦ ਸਭ ਆ ਕੇ ਸਾਇਮਾ ਨੂੰ ਮੁਬਾਰਕ ਦੇਣ ਲੱਗੇ। ਕੁੱਝ ਦਿਲੋਂ ਖ਼ੁਸ਼ ਸਨ, ਕੁੱਝ ਵਿਖਾਵਾ, ਜਿਵੇਂ ਹਰ ਆਫ਼ਿਸ ਦਾ ਮਾਹੌਲ ਹੁੰਦਾ, ਪਰ ਸਰ ਏਜਾਜ਼ ਜਿਹੜਾ ਕਿ ਸਾਇਮਾ ਦੇ ਈ ਅਹੁਦੇ ਬਰਾਬਰ ਦਾ ਕੁਲੀਗ ਹੁੰਦਾ ਸੀ, ਤੇ ਮਸਾਂ ਛੇ ਮਹੀਨੇ ਪਹਿਲਾਂ ਤਰੱਕੀ ਪਾ ਕੇ ਉਹਦਾ immediate boss ਬਣ ਬੈਠਾ ਸੀ, ਉਸ ਕੋਲ਼ ਆ ਕੇ ਬੋਲਿਆ:

"ਮੁਬਾਰਕ ਹੋਏ ਮਿਸ ਸਾਇਮਾ, ਤੁਹਾਡੀ ਚਾਰ-ਚਾਰ ਘੰਟੇ ਖ਼ਾਵਰ ਸਰ ਨਾਲ਼ ਬੈਠ ਕੇ ਕੀਤੀ ਮਿਹਨਤ ਫਲ਼ ਪਾ ਗਈ।"

ਉਹ ਇਹ ਸੁਣ ਹੈਰਾਨ ਰਹਿ ਗਈ। ਸਮਝ ਗਈ ਕਿ ਸਰ ਏਜਾਜ਼ ਦੀ ਗੱਲ ਦਾ ਕੀ ਮਤਲਬ ਏ। ਪਰ ਇਹ ਵੀ ਪਤਾ ਸੀ ਕਿ ਜੇ ਉਹਨੇ ਮੁੜ ਕੇ ਕੁੱਝ ਕਿਹਾ ਜਾਂ ਪੁੱਛਿਆ...'ਕੀ ਮਤਲਬ?'। ਤਾਂ ਏਜਾਜ਼ ਸਾਹਿਬ ਨੇ ਸਾਫ਼ ਮੁੱਕਰ ਜਾਣਾ। ਕਹਿ ਦੇਣਾ ਕਿ ਮੈਂ ਤੇ ਖ਼ਾਵਰ ਸਾਹਿਬ ਨਾਲ਼ ਬੈਠ ਕੇ ਕੀਤੀ ਲੰਬੀ ਡਿਸਕਸ਼ਨ ਵੱਲ ਇਸ਼ਾਰਾ ਕਰ ਰਿਹਾ ਸੀ। ਤੇ ਫਿਰ ਇਹ ਗੱਲ "ਚੋਰ ਦੀ ਦਾੜ੍ਹੀ 'ਚ ਤਿਨਕਾ" ਕਹਿ ਕੇ ਸਾਇਮਾ 'ਤੇ ਉਲਟਾ ਦਿੱਤੀ ਜਾਣੀ। ਸੋ ਉਹ ਕੌੜਾ ਘੁੱਟ ਪੀ ਕੇ ਰਹਿ ਗਈ।

ਇਹ ਉਹੀ ਏਜਾਜ਼ ਸਾਹਿਬ ਸਨ ਜਿਨ੍ਹਾਂ ਚੰਗੀ appraisal ਰਿਪੋਰਟ ਲਈ ਦਫ਼ਤਰ ਦੇ ਇਕ-ਇਕ ਬੰਦੇ ਦੀ ਮਿੰਨਤ ਕੀਤੀ ਹੋਈ ਸੀ, ਖੌਰੇ ਕਿੰਨੇ ਜੂਨੀਅਰਜ਼ ਦੇ ਕੰਮ 'ਤੇ ਆਪਣੇ ਨੰਬਰ ਟੰਗੇ ਸਨ। ਸਾਇਮਾ ਨੇ ਈ ਉਨ੍ਹਾਂ ਦੇ ਹਿੱਸੇ ਦਾ ਕਿੰਨਾ ਕੰਮ ਕਰ ਕੇ ਦਿੱਤਾ ਸੀ ਪਰ ਉਹਦੀ ਲਗਨ ਅਤੇ ਮਿਹਨਤ ਬਾਰੇ ਬੜੀ ਚੰਗੀ ਤਰ੍ਹਾਂ ਜਾਣਦਿਆਂ ਵੀ, ਇਹ ਗੱਲ ਆਖ ਗਏ।

ਉਹ ਦੁਖੀ ਮਨ ਨਾਲ਼ ਸੋਚੀਂ ਪੈ ਗਈ...'ਖੌਰੇ ਕਿਉਂ ਕਿਸੇ ਬੰਦੇ ਦੀ ਤਰੱਕੀ ਹੋਏ ਤੇ ਉਹ ਉਹਦੀ ਮਿਹਨਤ ਦਾ ਅਜਰ...ਪਰ ਜੇ ਕਿਸੇ ਸਵਾਣੀ ਨੂੰ ਤਰੱਕੀ ਮਿਲ ਜਾਏ ਤੇ ਉਹ ਬਿਨਾਂ ਸੋਚੇ ਸਮਝੇ ਉਹਦੇ ਸਵਾਣੀ ਹੋਣ ਦੇ ਖਾਤੇ ਪੈ ਜਾਂਦੀ...ਕੀ ਕੋਈ ਸਵਾਣੀ ਮਿਹਨਤੀ ਨਹੀਂ ਹੋ ਸਕਦੀ?...'

ਜਦ ਉਹ ਨਵੀਂ-ਨਵੀਂ ਆਫ਼ਿਸ ਆਈ ਸੀ, ਤਦ ਤਿੰਨ-ਤਿੰਨ ਨਿਆਣਿਆਂ ਦੇ ਪਿਓ ਜਿਹੜੇ ਕੁਆਰਿਆਂ ਵਾਂਗ behave ਕਰਦੇ, ਉਨ੍ਹਾਂ ਨੂੰ ਵੀ ਸਾਇਮਾ ਦੇ ਆਪਣੇ ਨਾਂ ਨਾਲ਼ Miss ਲਾਉਣ 'ਤੇ ਇਤਰਾਜ਼ ਹੁੰਦਾ ਸੀ। ਪਰ ਨੌਕਰੀ ਕਰਨੀ ਸੀ, ਸੋ ਇਹ ਸਭ ਕੁੱਝ ਤੇ ਸਹਿਣਾ ਈ ਪੈਂਦਾ। ਕਿਉਂਜੋ ਹਰ ਗੱਲ, ਹਰ complaint ਦਾ ਇੱਥੇ ਇਕੋ ਜਵਾਬ। ਬੰਦੇ ਤਾਂ ਹੁੰਦੇ ਈ ਇੰਝ ਦੇ, ਸਵਾਣੀਆਂ ਨੂੰ ਖ਼ਿਆਲ ਨਾਲ਼ ਰਹਿਣਾ ਚਾਹੀਦਾ। ਹਰ ਦੌਰ 'ਚ ਈ ਇੰਝ ਹੁੰਦਾ ਆਇਆ। ਰਾਵਣ ਨੂੰ ਕਿਸੇ ਨਹੀਂ ਰੋਕਣਾ, ਸੀਤਾ ਨੂੰ ਅੱਗ ਦੀ ਚਾਰ-ਦੀਵਾਰੀ 'ਚ ਰਹਿਣ ਦਾ ਹੁਕਮ ਜਾਰੀ ਕਰ ਦਿਓ। ਸਵਾਣੀ ਦੁਨੀਆ ਦੇ ਵਿਚ, ਤੁਹਾਡੀ ਦੱਸੀ ਜਗ੍ਹਾ 'ਚ, ਤੁਹਾਡੀ ਮਰਜ਼ੀ ਨਾਲ਼ ਰਹੇ ਤੇ ਕਬੂਲ ਆ, ਨਹੀਂ ਤਾਂ ਉਹਨੂੰ 'ਬੁਰੀ ਔਰਤ' ਆਖ ਦਿਓ।

ਹਾਂ ਇੱਕ Lilith ਵੀ ਤੇ ਸੀ ਨਾ...ਜਿਹੜੀ ਸਵਾਣੀ ਬਰਾਬਰੀ ਦੀ ਗੱਲ ਕਰੇ, ਉਹ ਸ਼ੈਤਾਨ ਦੀ ਸਾਥੀ, ਵਾਹ ਰੇ ਬੰਦਿਆ ਤੇਰੀਆਂ ਕੀਤੀਆਂ!

ਉਹ ਇਨ੍ਹਾਂ ਸੋਚਾਂ 'ਚ ਗੁੰਮ ਸੀ ਕਿ ਨਸੀਮ ਨੇ ਆ ਕੇ ਉਹਦੇ ਮੋਢੇ 'ਤੇ ਚੁਟਕੀ ਵਜਾਈ। "ਓ ਮੈਡਮ ਜੀ!!! ਕਿਨ੍ਹਾਂ ਖ਼ਿਆਲਾਂ 'ਚ ਗੁੰਮ ਓ?" ਉਸ ਪੁੱਛਿਆ।

"ਕੁੱਝ ਨਹੀਂ ਯਾਰ।" ਸਾਇਮਾ ਨੇ ਜਵਾਬ ਦਿੱਤਾ।

"ਕੁੱਝ ਤੇ ਹੈ?" ਨਸੀਮ ਕੁਰੇਦਣ ਦਾ ਆਹਰ ਕੀਤਾ।

"ਯਾਰ ਥੱਕੀ ਪਈ ਆਂ... ਇਸ presentation ਦੇ ਚੱਕਰ 'ਚ ਕਈ ਦਿਨਾਂ ਤੋਂ ਸਹੀ ਤਰ੍ਹਾਂ ਸੌਂ ਨਹੀਂ ਸਕੀ। ਉੱਪਰੋਂ ਅੱਜ ਆਮਿਰ ਨੇ ਭਾਈ ਸਲੀਮ ਹੋਰਾਂ ਨੂੰ ਰਾਤੀਂ ਬਰਿਆਨੀ ਦੀ

ਦਾਅਵਤ ਦੇ ਛੱਡੀ ਏ। ਉਹੀ ਸੋਚ-ਸੋਚ ਪ੍ਰੇਸ਼ਾਨ ਹੋ ਰਹੀ ਆਂ।"

"ਬੁੱਧ ਆਲੇ ਦਿਨ ਦਾਅਵਤ?..." ਨਸੀਮ ਚਮਕ ਕੇ ਬੋਲੀ।

"ਕੀ ਬੁੱਧ ਵਾਲੇ ਦਿਨ ਕਿਸੇ ਦੀ ਦਾਅਵਤ ਕਰਨਾ ਮਨ੍ਹਾ?..." ਉਸ ਥੱਕੀ ਜਿਹੀ ਮੁਸਕਾਨ ਨਾਲ਼ ਗੱਲ ਹਾਸੇ ਪਾਉਣਾ ਚਾਹੀ।

"ਨਹੀਂ ਯਾਰ! ਘੱਟੋ-ਘੱਟ ਆਮਿਰ ਭਾਈ ਨੂੰ ਏਨਾ ਤੇ ਸੋਚਣਾ ਚਾਹੀਦਾ ਸੀ ਕਿ ਤੂੰ ਵੀ ਕੰਮ ਕਰਦੀ ਏਂ, ਵੀਕ-ਐਂਡ 'ਤੇ ਸੱਦ ਲੈਂਦੇ।" ਨਸੀਮ ਨੇ ਜਵਾਬ ਦਿੱਤਾ।

"ਬਸ ਯਾਰ! ਤੈਨੂੰ ਤੇ ਪਤਾ, ਸਾਡੀ ਪਸੰਦ ਦੀ ਸ਼ਾਦੀ ਕਾਰਨ, ਉਨ੍ਹਾਂ ਦੇ ਘਰ ਵਾਲੇ, ਥੋੜ੍ਹਾ ਖਿੱਚੇ ਜਿਹੇ ਰਹਿੰਦੇ, ਇਸ ਲਈ ਕੋਲ ਹੋਣ ਦਾ ਕੋਈ ਵੀ ਮੌਕਾ ਆਮਿਰ ਜਾਣ ਨਹੀਂ ਦਿੰਦੇ।" ਸਾਇਮਾ ਆਪਣੇ ਬੰਦੇ ਦੀ ਵਕੀਲ ਬਣ ਪਈ।

"ਜਾਂਦੀ ਕਰ ਯਾਰ! ਸੋਲ੍ਹਾਂ ਸਾਲ ਹੋ ਗਏ ਤੁਹਾਡੇ ਵਿਆਹ ਨੂੰ, ਨਿਆਣੇ ਜਵਾਨ ਹੋਣ ਲੱਗੇ, ਜੇ ਉਹ ਹਾਲੇ ਵੀ ਇਸ ਗੱਲ ਦਾ ਜ਼ਿਕਰ ਕਰਦੇ, ਫਿਰ ਤੇ ਤੂੰ ਇੰਝ ਈ ਉਨ੍ਹਾਂ ਦੇ ਜ਼ਿਹਨ 'ਤੇ ਫ਼ਾਤਿਹਾ ਪੜ੍ਹ ਲੈ।"

ਸਾਇਮਾ ਬਿਨਾਂ ਕੋਈ ਜਵਾਬ ਦਿੱਤਿਆਂ ਬੇਵਸੀ ਨਾਲ਼ ਨਸੀਮ ਵੱਲ ਵੇਖਿਆ ਤੇ ਉਹ ਉਹਦੀ ਮਜਬੂਰੀ ਸਮਝਦੇ ਹੋਏ ਗੱਲ ਪਰਤਾ ਕੇ ਬੋਲੀ:

"ਚੱਲ ਆ ਬਰੇਕ ਹੋਣ ਵਾਲੀ, ਆਪਾਂ ਚਾਹ ਸਮੋਸੇ ਲੈਂਦੇ ਆਂ...ਕੁੱਝ ਖਾ, ਤੇ ਫਿਰ ਕਾਨਫ਼ਰੰਸ-ਰੂਮ ਖ਼ਾਲੀ ਏ, ਮੈਂ ਕੁੱਝ ਕੰਮ ਕਰਨਾ ਸੀ, ਉੱਥੇ ਈ ਬੈਠ ਕੇ ਕਰਦੀ ਆਂ, ਤੇ ਤੂੰ ਓਨੀ ਦੇਰ ਉੱਥੇ ਜ਼ਰਾ ਰੀਲੈਕਸ ਹੋ ਕੇ ਬੈਠ ਜਾਈਂ।"

ਕੈਨਟੀਨ ਤੋਂ ਫ਼ਰੀ ਹੋ ਕੇ ਦੋਵੇਂ ਕਾਨਫ਼ਰੰਸ-ਰੂਮ 'ਚ ਆ ਗਈਆਂ। ਨਸੀਮ ਆਪਣਾ ਲੈਪ-ਟਾਪ ਖੋਲ੍ਹ ਕੇ ਬੈਠ ਗਈ ਅਤੇ ਸਾਇਮਾ ਦੇ ਸਿਰ ਨੂੰ ਮੇਜ਼ 'ਤੇ ਰੱਖਣ ਦੀ ਦੇਰ ਸੀ ਕਿ ਉਹਨੂੰ ਨੀਂਦਰ ਪੈ ਗਈ। ਨਸੀਮ ਨੇ ਇਕ ਵੱਡੀ ਭੈਣ ਦੀ ਫ਼ਿਕਰ ਭਰੀ ਮੁਸਕਰਾਹਟ ਨਾਲ਼ ਸੌਂਦੀ ਸਾਇਮਾ ਵੱਲ ਵੇਖਿਆ ਤੇ ਆਪਣੇ ਕੰਮੀਂ ਰੁੱਝ ਗਈ।

ਇਸ ਸਕੂਨ ਨੂੰ ਕੋਈ ਦਸ ਮਿੰਟ ਵੀ ਨਹੀਂ ਲੰਘੇ ਹੋਣੇ ਕਿ ਕਾਨਫ਼ਰੰਸ-ਰੂਮ ਦਾ ਦਰਵਾਜ਼ਾ ਠਾਹ ਕਰ ਕੇ ਖੁੱਲ੍ਹਿਆ। ਆਫ਼ਿਸ ਦਾ peon ਅਖ਼ਤਰ "ਓਏ ਕੌਣ ਆ ਇੱਥੇ?" ਕਹਿੰਦਾ ਅੰਦਰ ਆ ਵੜਿਆ।

"ਕੀ ਬਦਤਮੀਜ਼ੀ ਏ?" ਨਸੀਮ ਗ਼ੁੱਸੇ ਨਾਲ਼ ਬੋਲੀ, ਤਾਂ ਸਾਇਮਾ ਵੀ ਇਕੋ ਦਮ ਨੀਂਦਰ 'ਚੋਂ ਪ੍ਰੇਸ਼ਾਨ ਹੋ ਕੇ ਉੱਠੀ, ਤੇ ਆਪਣਾ ਦੁਪੱਟਾ ਠੀਕ ਕਰਨ ਲੱਗ ਗਈ। ਪਰ ਨੀਂਦਰ ਦੇ ਅਸਰ ਹੇਠ ਦੁਪੱਟਾ ਠੀਕ ਹੋਣ ਦੀ ਬਜਾਏ ਉਹਨੂੰ ਹੋਰ ਪੁਆੜੇ ਪਾਉਣ ਲੱਗ ਗਿਆ।

ਅਖ਼ਤਰ ਮੀਸਣਾ ਜਿਹਾ ਹਾਸਾ ਹੱਸਦਿਆਂ ਬੋਲਿਆ, "ਓ ਤੁਸੀਂ ਹੋ ਮੈਡਮ ਜੀ!... ਮੈਂ ਕਿਹਾ ਖੋਰੇ ਕੌਣ-ਕੌਣ ਇੱਥੇ ਵੜਿਆ ਹੋਇਆ।"

ਉਹਦੇ ਜੁਮਲੇ ਦੀ ਗ਼ਲਾਜ਼ਤ ਨੂੰ ਸਮਝ ਕੇ ਨਸੀਮ ਨੇ ਗ਼ੁੱਸੇ ਨਾਲ਼ ਉਸ ਵੱਲ ਵੇਖਿਆ ਈ ਸੀ ਕਿ ਉਹ ਗੱਲ ਬਦਲਦਿਆਂ ਬੋਲਿਆ:

"ਤੁਹਾਨੂੰ ਨਹੀਂ ਕਹਿ ਰਿਹਾ ਮੈਡਮ ਜੀ, ਪਰ ਤੁਸੀਂ ਇਹ internship ਲਈ ਆਉਣ ਵਾਲੇ ਕੁੜੀਆਂ ਮੁੰਡਿਆਂ ਨੂੰ ਨਹੀਂ ਜਾਣਦੇ। ਨਾਲੇ ਮੀਟਿੰਗ ਤੋਂ ਬਿਨਾਂ ਇੰਝ ਸੌਣ ਲਈ ਕਾਨਫ਼ਰੰਸ-ਰੂਮ ਨੂੰ ਵਰਤਣਾ ਮਨ੍ਹਾ ਏ।" ਅਖੀਰ 'ਚ ਉਹਦਾ ਲਹਿਜਾ ਜੇਤੂਆਂ ਵਾਂਗ ਉੱਚਾ ਹੋ ਗਿਆ।

ਮਰਦ ਨੀਵੀਂ ਪੋਸਟ 'ਤੇ ਹੋਏ, ਫਿਰ ਵੀ ਸਵਾਣੀ ਅਫ਼ਸਰ ਦੀ ਗੱਲ ਝੱਲਣਾ ਉਹਨੂੰ ਔਖਾ ਈ ਲਗਦਾ।

"ਅੱਛਾ! ਜਾ ਤੂੰ, ਅਸੀਂ ਆਉਣ ਈ ਲੱਗੇ ਸੀ ਬਾਹਰ।" ਸਾਇਮਾ ਜਾਨ ਛੁਡਾਉਣ ਨੂੰ ਗੱਲ

ਬਦਲੀ, ਤੇ ਅੱਗੇ ਨਾਲੋਂ ਬਹੁਤਾ ਦੁਖਦਾ ਸਿਰ ਲੈ ਕੇ ਆਪਣੇ ਕੈਬਿਨ 'ਚ ਆ ਬੈਠੀ।

ਸੋਚਣ ਲੱਗੀ, ਸ਼ਾਮ ਨੂੰ ਛੇਤੀ ਉੱਠਣ ਦੀ ਕੋਸ਼ਸ਼ ਕਰੂੰ। ਪਰ ਕੰਮ ਦੀ ਰੁਟੀਨ ਕੁੱਝ ਇੰਝ ਦੀ ਰਹੀ ਕਿ ਉਹਨੂੰ ਮੌਕਾ ਈ ਨਹੀਂ ਮਿਲ ਸਕਿਆ। ਸਵੇਰੇ ਰਿਕਸ਼ਾ ਲੈਣ ਦੀ ਜੋ ਅੱਯਾਸ਼ੀ ਕੀਤੀ ਸੀ, ਹੁਣ ਜਾਣਾ ਵੀ ਬੱਸ ਤੋਂ ਈ ਪੈਣਾ ਸੀ। ਬੱਸ ਦਾ ਖ਼ਿਆਲ ਆਉਂਦਿਆਂ ਈ ਉਹਦਾ ਸਿਰ ਹੋਰ ਦੁਖਣ ਲੱਗ ਪਿਆ। ਰਸ਼ ਆਪਣੀ ਥਾਂ ਪਰ ਵਧੇਰੇ ਬੰਦਿਆਂ ਦੀ ਇੱਲਤ ਕਿ ਸਵਾਣੀ ਦਾ ਹੱਥ, ਚੱਦਰ, ਬਾਂਹ ਜਿਹੜੀ ਵੀ ਥਾਂ ਹੋ ਜਾਏ, ਜਾਂਦੇ-ਜਾਂਦੇ ਮਾੜਾ ਜਿਹਾ ਛੋਹਣ ਦਾ ਸੁਆਦ ਮਾਣਨਾ...ਜੇ ਇਹ ਜਤਨ ਸਫਲ ਨਾ ਹੋਏ ਤਾਂ ਨਿਗਲ ਜਾਣ ਵਾਲੀਆਂ ਅੱਖਾਂ ਨਾਲ਼ ਘੂਰਨਾ ਤੇ ਹੁੰਦਾ ਈ ਹੁੰਦਾ।

ਉਹ ਜਦ ਵੀ ਸੁਣਦੀ ਕਿ ਸਮਾਜ ਬੀਬੀਆਂ ਲਈ ਚੰਗਾ ਨਹੀਂ ਤਾਂ ਉਹਦਾ ਦਿਲ ਸਵਾਲ ਕਰਨ ਨੂੰ ਜ਼ਰੂਰ ਕਰਦਾ ਕਿ ਭਾਈ ਇਹਨੂੰ ਮਾੜਾ ਕੀਤਾ ਕੀਹਨੇ? ਜੇ ਤੁਹਾਨੂੰ ਲਗਦਾ ਬਾਹਰ ਤੁਹਾਡੇ ਘਰ ਦੀ ਸਵਾਣੀ ਮਹਿਫ਼ੂਜ਼ ਨਹੀਂ, ਤੇ ਭਾਈ ਇਹ ਵੀ ਦੱਸੋ ਮਹਿਫ਼ੂਜ਼ ਕੀਹਦੇ ਤੋਂ ਨਹੀਂ? ਤੁਹਾਡੇ ਵਰਗੇ ਬੰਦਿਆਂ ਤੋਂ ਈ ਖ਼ਤਰਾ ਨਾ ਉਹਨੂੰ...

ਇਹਦੇ ਤੋਂ ਪਹਿਲਾਂ ਕਿ ਸੋਚਾਂ ਦੀ ਗੱਡੀ ਹੋਰ ਅਗਾਂਹ ਨੂੰ ਵਧਦੀ, ਉਹਦੀ ਬੱਸ ਆ ਗਈ ਤੇ ਉਹਦਾ ਸਾਰਾ ਧਿਆਨ ਉੱਧਰ ਨੂੰ ਹੋ ਗਿਆ।

ਸ਼ੁਕਰ ਹੋਇਆ ਆਮਿਰ ਸਾਰੇ ਸੌਦੇ ਲੈ ਕੇ ਆਏ ਹੋਏ ਸੀ। ਸਾਇਮਾ ਘਰ ਜਾਂਦਿਆਂ ਚੁੰਨੀ ਲਾਹ ਕੇ ਕੁਰਸੀ 'ਤੇ ਰੱਖੀ ਤੇ ਕਿਚਨ 'ਚ ਵੜ ਗਈ। ਡੇਢ ਘੰਟਾ ਸੀ ਅਜੇ ਪਰਾਹੁਣਿਆਂ ਦੇ ਆਉਣ ਨੂੰ, ਤੇ ਉਹਨੂੰ ਉਮੀਦ ਸੀ ਕਿ ਉਹ ਉਦੋਂ ਤੀਕ ਸਾਰਾ ਕੰਮ ਸੌਖਾ-ਸੌਖਾ ਮੁਕਾ ਲਏਗੀ।

ਉਹ ਬਰਿਆਨੀ ਨੂੰ ਦਮ ਤੇ ਰੱਖ, ਸਲਾਦ ਬਣਾਉਣ 'ਚ ਮਸਰੂਫ਼ ਸੀ ਕਿ ਛੋਟੀ ਭੱਜਦੀ ਹੋਈ ਆਈ। ਉਹਨੇ ਖੀਰਾ ਤੇ ਛੁਰੀ ਰੱਖ, ਉਹਨੂੰ ਗੋਦ 'ਚ ਚੁੱਕਿਆ ਤੇ ਪਿਆਰ ਕਰਨ ਲੱਗ ਪਈ।

"ਮੰਮਾ! ਅੱਜ ਭਾਈ ਨੂੰ ਡਾਂਟ ਪਈ, ਭਾਈ ਘਰ ਆ ਕੇ ਰੋਇਆ ਵੀ ਸੀ।"

"ਕਿਉਂ?..." ਉਸ ਬੇਚੈਨ ਹੁੰਦਿਆਂ ਪੁੱਛਿਆ ਤਾਂ ਨਿੱਕੀ ਨੇ ਅੱਗੋਂ ਮੋਢੇ ਉਤਾਂਹ ਨੂੰ ਚੁੱਕ, ਹੱਥਾਂ ਨਾਲ਼ 'ਪਤਾ ਨਹੀਂ' ਦਾ ਇਸ਼ਾਰਾ ਕੀਤਾ।

ਸਾਇਮਾ ਆਪਣੇ ਪੁੱਤ ਨੂੰ ਆਵਾਜ਼ਾਂ ਦਿੰਦੀ, ਬੱਚਿਆਂ ਦੇ ਕਮਰੇ 'ਚ ਚਲੀ ਗਈ।

"ਕੀ ਗੱਲ ਏ ਅੰਮਾਰ?" ਉਹਨੇ ਸੌਂਦੇ ਬਣਨ ਦੀ ਕੋਸ਼ਿਸ਼ ਕਰਦੇ ਪੁੱਤ ਨੂੰ ਪੁੱਛਿਆ, "ਅੱਜ ਡਾਂਟ ਪਈ ਤੈਨੂੰ ਸਕੂਲੋਂ?...ਸਬਕ ਨਹੀਂ ਸੀ ਯਾਦ ਜਾਂ ਹੋਮ-ਵਰਕ ਨਹੀਂ ਸੀ ਕੀਤਾ?"

ਅੰਮਾਰ ਕੁੱਝ ਨਾ ਬੋਲਿਆ।

"ਕੋਈ ਸ਼ਰਾਰਤ ਕੀਤੀ ਸੀ?" ਹੁਣ ਸਾਇਮਾ ਜ਼ਰਾ ਸਖ਼ਤੀ ਨਾਲ਼ ਬੋਲੀ।

"ਮੈਂ ਕੁੱਝ ਨਹੀਂ ਕੀਤਾ ਮੰਮਾ!" ਉਹਦੀ ਸਖ਼ਤ ਆਵਾਜ਼ ਸੁਣ ਅੰਮਾਰ ਵੀ ਥੋੜ੍ਹਾ ਉੱਚਾ ਬੋਲਿਆ, "ਤੁਸੀਂ ਤਿੰਨ ਦਿਨ ਹੋ ਗਏ ਮੇਰੀ ਕਾਪੀ 'ਤੇ ਕਵਰ ਨਹੀਂ ਚੜ੍ਹਾ ਕੇ ਦਿੱਤਾ...ਰੋਜ਼ ਕਹਿੰਦਾ ਹਾਂ ਤੁਹਾਨੂੰ। ਪਰ ਤੁਹਾਡੇ ਕੋਲ਼ ਟਾਈਮ ਈ ਨਹੀਂ ਹੁੰਦਾ ਜਾਂ ਤੁਸੀਂ ਭੁੱਲ ਜਾਂਦੇ ਓ...ਤੇ ਸਿਰਫ਼ ਮੈਨੂੰ ਈ ਡਾਂਟ ਨਹੀਂ ਪਈ, ਇਹ ਵੀ ਅਸੰਬਲੀ ਵੇਲ਼ੇ ਬਾਹਰ ਖੜ੍ਹੀ ਕੀਤੀ ਹੋਈ ਸੀ ਮੈਮ ਨੇ।" ਉਸ ਨਿੱਕੀ ਵੱਲ ਇਸ਼ਾਰਾ ਕਰਦਿਆਂ ਆਖਿਆ, "ਤੇ ਪਤਾ ਮੰਮਾ ਕਿਉਂ?"

"ਕਿਉਂ?" ਸਾਇਮਾ ਤੁਰੰਤ ਪੁੱਛਿਆ।

"ਇਹਦੀਆਂ ਜੁਰਾਬਾਂ ਗੰਦੀਆਂ ਸਨ। ਏਨੀਆਂ ਗੰਦੀਆਂ ਕਿ ਮੈਨੂੰ ਵੀ ਇਹਨੂੰ ਵੇਖਦੇ ਹੋਏ ਸ਼ਰਮ ਆਈ।

ਕਦੀ ਇਹਦੀ ਪੋਣੀ ਸਹੀ ਨਹੀਂ ਕੀਤੀ ਹੁੰਦੀ।

ਕਦੀ ਯੂਨੀਫ਼ਾਰਮ ਪੂਰਾ ਨਹੀਂ ਹੁੰਦਾ।

ਲੰਚ-ਬਾਕਸ 'ਚ ਰੋਜ਼ ਉਹ ਨੂਡਲਜ਼ ਈ ਹੁੰਦੇ।"

ਅੰਮਾਰ ਦੇ ਸ਼ਿਕਵਿਆਂ ਦੀ ਲਿਸਟ ਲੰਬੀ ਤੇ ਜਾਇਜ਼ ਸੀ।

"ਆਈ ਐਮ ਸੌਰੀ ਬੇਟਾ।" ਉਸ ਨੂੰ ਸਮਝ ਨਾ ਆਈ ਕਿ ਹੁਣ ਹੋਰ ਕੀ ਕਹੇ, "ਅੱਗੋਂ ਨਹੀਂ ਹੋਏਗਾ। ਤੁਹਾਨੂੰ ਪਤਾ ਨਾ ਮੰਮਾ ਕੁੱਝ ਬਿਜ਼ੀ ਰਹੇ ਇਨ੍ਹਾਂ ਦਿਨਾਂ 'ਚ।" ਉਹਨੂੰ ਕਹਿਣ ਨੂੰ ਅੱਖਰ ਨਹੀਂ ਸੀ ਮਿਲ ਰਹੇ।

ਅੰਮਾਰ ਜਿਹੜਾ ਗਿਆਰਾਂ ਬਾਰਾਂ ਦਾ ਹੁੰਦੇ ਈ ਮਾਂ ਦਾ ਪੁੱਤ ਤੇ ਦੋਸਤ ਦੋਵੇਂ ਹੋ ਗਿਆ ਸੀ, ਮਾਂ ਨੂੰ ਇੰਜ ਵੇਖ ਤੜਫ਼ ਕੇ ਬੋਲਿਆ:

"ਕੋਈ ਗੱਲ ਨਹੀਂ ਮੰਮਾ, ਹੋ ਜਾਂਦਾ ਕਦੀ-ਕਦੀ, ਨਾਲੇ ਮੈਂ ਵੀ sorry ਆਂ, ਮੈਂ ਬਹੁਤ ਬੁਰੇ ਤਰੀਕੇ ਬੋਲਿਆ, ਨਾਲੇ ਕਵਰ ਤਾਂ ਮੈਨੂੰ ਆਪ ਵੀ ਚੜ੍ਹਾਉਣਾ ਸਿੱਖਣਾ ਚਾਹੀਦਾ।"

ਸਾਇਮਾ ਨੇ ਉਹਨੂੰ ਗਲ਼ ਨਾਲ਼ ਲਾ ਲਿਆ, ਅਜੇ ਇਸ ਨਿੱਘੇ ਜਿਹੇ ਲਮਹੇ ਦਾ ਜਾਦੂ ਚਲਦਾ ਈ ਸੀ ਕਿ ਆਮਿਰ ਨੇ ਆ ਕੇ ਦਰਵਾਜ਼ਾ ਖੋਲ੍ਹਿਆ ਤੇ ਪਰਾਹੁਣੇ ਆਉਣ ਦੀ ਇਤਲਾਹ ਦਿੱਤੀ।

ਉਹ ਛੇਤੀ-ਛੇਤੀ ਬੱਚਿਆਂ ਨੂੰ ਲੈ ਕੇ ਬਾਹਰ ਨਿਕਲ ਗਈ। ਤੇ ਮਾਂ ਪੁੱਤ ਦੇ ਵਿਚਕਾਰ ਮੁਹੱਬਤ ਦਾ ਲਮਹਾ ਜਿਵੇਂ ਅਧੂਰਾ ਜਿਹਾ ਉੱਥੇ ਹੀ ਪਿਆ ਰਹਿ ਗਿਆ।

ਸ਼ੁਕਰ ਹੋਇਆ ਕਿ ਖਾਣਾ ਸਭ ਨੂੰ ਪਸੰਦ ਆਇਆ। ਭਾਈ ਸਲੀਮ ਦਾ ਦੁਕਾਨਦਾਰੀ ਦਾ ਕੰਮ ਸੀ, ਦੁਪਹਿਰ ਵੇਲ਼ੇ ਤਕ ਘਰ ਈ ਹੁੰਦੇ ਸਨ। ਸੋ ਰੋਟੀ ਤੋਂ ਬਾਅਦ ਤਸੱਲੀ ਨਾਲ਼ ਬੈਠੇ ਰਹੇ। ਅੰਮਾਰ ਤੇ ਨਿੱਕੀ ਦੀਆਂ ਅੱਖਾਂ ਨੀਂਦਰ ਨਾਲ਼ ਬੰਦ ਹੁੰਦੀਆਂ ਵੇਖ ਸਾਇਮਾ ਨੂੰ ਹੌਲ ਪੈਣ ਲੱਗ ਪਏ। ਉਸ ਦੋਹਾਂ ਨੂੰ ਆਪਣੇ ਕਮਰੇ 'ਚ ਚਲੇ ਜਾਣ ਦਾ ਇਸ਼ਾਰਾ ਕੀਤਾ।

ਬੱਚਿਆਂ ਨੂੰ ਕਮਰੇ ਵੱਲ ਜਾਂਦੇ ਵੇਖ ਆਮਿਰ ਥੋੜ੍ਹਾ ਔਖਾ ਹੋ ਕੇ ਬੋਲਿਆ, "ਕਿੱਥੇ ਜਾ ਰਹੇ ਓ, ਇੱਥੇ ਦਾਨਿਸ਼ ਭਾਈ ਕੋਲ ਬੈਠੋ", ਪਰ ਭਾਬੀ ਨੇ ਹੀ ਤਰਸ ਖਾਂਦਿਆਂ ਕਿਹਾ, "ਰਹਿਣ ਦੇ ਆਮਿਰ, ਨਿੱਕੇ ਨਿਆਣੇ...ਸੁਬ੍ਹਾ ਸਕੂਲ ਜਾਣਾ...ਜਾ ਕੇ ਸੌਣ ਹੁਣ।"

ਨਾਲੇ ਸਲੀਮ ਭਾਈ ਨੂੰ ਵੀ ਉੱਠਣ ਦਾ ਇਸ਼ਾਰਾ ਕਰਦਿਆਂ ਬੋਲੇ, "ਤੁਸੀਂ ਤੇ ਗਿਆਰਾਂ ਵਜੇ ਤੀਕ ਸੁੱਤੇ ਰਹਿਣਾ ਹੁੰਦਾ, ਮੈਂ ਫ਼ਜਰ ਵੇਲੇ ਉੱਠਣਾ। ਚਲੋ ਆਪਾਂ ਵੀ ਚੱਲੀਏ।"

ਭਾਈ ਸਲੀਮ ਦਾ ਅਜੇ ਹੋਰ ਗੱਪ ਮਾਰਨ ਦਾ ਮੂਡ ਸੀ, ਤੇ ਆਮਿਰ ਨੇ ਵੀ ਕਹਿ ਦਿੱਤਾ, "ਅੱਛਾ ਭਾਬੀ ਚਾਹ ਤੇ ਪੀ ਲਵੋ, ਫਿਰ ਚਲੇ ਜਾਇਓ।"

ਪਰਾਹੁਣਿਆਂ ਦੇ ਜਾਣ-ਜਾਣ ਕਰਦੇ ਘੰਟਾ ਹੋਰ ਲੰਘ ਗਿਆ। ਆਮਿਰ ਤਾਂ ਉਨ੍ਹਾਂ ਦੇ ਜਾਂਦੇ ਈ, "ਓ ਯਾਰਾ ਸਾਢੇ ਬਾਰਾਂ ਹੋ ਗਏ, ਸੁਬ੍ਹਾ ਆਫ਼ਿਸ ਵੀ ਜਾਣਾ" ਕਹਿ ਕਮਰੇ ਵੱਲ ਨੂੰ ਚਲਾ ਗਿਆ। ਜਦ ਕਿ ਸਾਇਮਾ ਨੂੰ ਘਰ ਸਮੇਟਦੇ ਘੰਟਾ ਹੋਰ ਬੀਤ ਗਿਆ।

ਥੱਕ ਕੇ ਚੂਰ ਹੋਣ ਤੋਂ ਬਾਅਦ ਕਿਤੇ ਇਹ ਦਿਨ ਮੁੱਕਿਆ ਸੀ। ਆਪਣੇ ਕਮਰੇ ਵੱਲ ਜਾਂਦੀ-ਜਾਂਦੀ ਉਹ ਖੋਰੇ ਕਿਉਂ ਬੱਚਿਆਂ ਦੇ ਕਮਰੇ ਵੱਲ ਨੂੰ ਮੁੜ ਗਈ।

ਸੁੱਤੇ ਪਏ ਨਿਆਣੇ ਕਿੰਨੇ ਸੋਹਣੇ ਤੇ ਮਾਸੂਮ ਲੱਗ ਰਹੇ ਸਨ। ਖੌਰੇ ਕਿੰਨੇ ਦਿਨ ਹੋ ਗਏ ਸੀ, ਉਹ ਸ਼ਾਇਦ ਕਦੀ ਸਕੂਨ ਨਾਲ਼ ਬੈਠ ਕੇ ਆਪਣੇ ਈ ਬੱਚਿਆਂ ਨੂੰ ਨਹੀਂ ਸੀ ਦੇਖ ਸਕੀ।

ਦੋਹਾਂ ਬੱਚਿਆਂ ਦੇ ਮੱਥੇ ਪਿਆਰ ਨਾਲ਼ ਚੁੰਮ ਕੇ ਉਹ ਜਾਣ ਨੂੰ ਮੁੜੀ ਤੇ ਸਾਹਮਣੇ ਸਟੱਡੀ-ਟੇਬਲ 'ਤੇ ਪਈਆਂ ਨਿੱਕੀ ਦੀਆਂ ਧੋਣ ਵਾਲੀਆਂ ਜੁਰਾਬਾਂ ਤੇ ਅੰਮਾਰ ਦੀ ਕਵਰ ਨੂੰ ਉਡੀਕਦੀ ਕਾਪੀ ਜਿਵੇਂ ਉਹਦੇ ਦਿਨ ਭਰ ਦੇ ਥਕੇਵੇਂ 'ਤੇ ਠਹਾਕਾ ਮਾਰ ਕੇ ਹੱਸਣ ਲੱਗ ਪਈ।

ਅੱਜ ਦਾ ਦਿਨ ਵੀ ਜਾਂਦੇ-ਜਾਂਦੇ ਸਾਇਮਾ ਨੂੰ ਉਹਦੀ ਨਾ-ਅਹਿਲੀ ਦਾ ਤਾਨ੍ਹਾ ਮਾਰ ਗਿਆ ਸੀ। 000 ***(ਲਿਪੀਅੰਤਰ: ਇਰਫ਼ਾਨ ਮਜੀਦ ਫੋਨ: +92-30972-87121)***

# ਸੋਲਮੇਟ: ਕਹਾਣੀ: ਕਮਲ ਸੇਖੋਂ

ਉਫ਼ !... ਉਹ ਅੱਖਾਂ... ਉਹਨਾਂ ਅੱਖਾਂ ਨੂੰ ਤਾਂ ਮੈਂ ਲੱਖਾਂ ਵਿਚੋਂ ਵੀ ਪਹਿਚਾਣ ਸਕਦਾ ਹਾਂ। ਕਈ ਵਰ੍ਹੇ ਪਹਿਲਾਂ ਇਹਨਾਂ ਅੱਖਾਂ ਨੇ ਮੇਰੀ ਨੀਂਦ ਲੁੱਟੀ ਸੀ। ਨਾ ਪਹਿਲੀ ਵਾਰ ਕੁਝ ਕਹਿ ਹੋਇਆ ਨਾ ਹੀ ਉਸ ਦਿਨ... ਪਰ ਦਿਲ ਵਿਚ ਹਲਚਲ ਉੱਦਾਂ ਹੀ ਹੋਈ ਜਿੱਦਾਂ ਉਸਨੂੰ ਪਹਿਲੀ ਵਾਰ ਦੇਖ ਕੇ ਹੋਈ ਸੀ।

ਮੈਂ ਬਹੁਤ ਸੰਗਾਊ ਜਿਹੇ ਸੁਭਾਅ ਦਾ ਹਾਂ। ਇਹ ਸਾਊਪੁਣਾ ਮੇਰੀ ਮਾਂ ਕਰਕੇ ਆ। ਉਹ ਕਹਿੰਦੀ ਹੁੰਦੀ ਸੀ ਕਿ "ਬੀਬਾ ਬਣ ਕੇ ਰਹੀਂ...ਪਿੰਡ ਦੀਆਂ ਕੁੜੀਆਂ, ਧੀਆਂ-ਭੈਣਾਂ ਹੀ ਹੁੰਦੀਆਂ। ਜਵਾਨੀ ਪਿੰਡ ਵਿਚ ਹੀ ਲੰਘ ਗਈ। ਜਦੋ ਨੂੰ ਸ਼ਹਿਰ ਦੇ ਕਾਲਿਜ ਲੱਗਾ ਤਾਂ ਸੁਭਾਅ ਹੀ ਉੱਦਾਂ ਦਾ ਪੱਕ ਗਿਆ।

ਨਿੱਕਾ ਹੁੰਦਾ ਮਾਂ ਨਾਲ ਸ਼ਹਿਰ ਮਾਸੀ ਘਰੇ ਜਾਂਦਾ। ਉਹਨਾਂ ਦੇ ਡਰਾਇੰਗ ਰੂਮ ਵਿਚ ਇੱ ਕ ਕੁੜੀ ਦੀ ਪੇਂਟਿੰਗ ਲੱਗੀ ਹੁੰਦੀ ਸੀ। ਉਸ ਕੁੜੀ ਦਾ ਬਾਕੀ ਚਿਹਰਾ ਚੁੰਨੀ ਨਾਲ ਡੱਕਿਆ ਸੀ ਬਸ ਅੱਖਾਂ ਹੀ ਦਿਖਦੀਆਂ ਸਨ। ਗਹਿਰੀਆਂ ਭੂਰੀਆਂ ਅੱਖਾਂ, ਮੈਂ ਕਿੰਨਾ ਚਿਰ ਉਹਨਾਂ ਅੱਖਾਂ ਵੱਲ ਦੇਖਦਾ ਰਹਿੰਦਾ।

"ਤੇਰੇ ਵਾਸਤੇ ਏਦਾਂ ਦੀ ਵਹੁਟੀ ਲਿਆਵਾਂਗੇ", ਮਾਂ ਤੇ ਮਾਸੀ ਮੈਨੂੰ ਪੇਂਟਿੰਗ ਵੱਲ ਵੇਖਦੇ ਨੂੰ ਮਜ਼ਾਕ ਕਰਦੀਆਂ। ਮੈਂ ਸ਼ਰਮਾ ਕੇ ਨੀਵੀਂ ਪਾ ਕੇ ਮੁਸਕਰਾਉਣ ਲੱਗਦਾ। ਜਵਾਨ ਹੋਣ ਤੀਕ ਮੈਂ ਉਹਦੀਆਂ ਅੱਖਾਂ ਵਿਚ ਡੁੱਬਣ ਲੱਗਾ। ਮੇਰਾ ਜੀਅ ਕਰਦਾ ਕਿ ਉਹ ਪੇਂਟਿੰਗ ਮੈਂ ਮਾਸੀ ਤੋ ਮੰਗ ਲਵਾਂ। ਇਕ ਦਿਨ ਮੇਰੇ ਦਿਲ ਦੀ ਗੱਲ ਪੂਰੀ ਹੋ ਗਈ। ਮਾਸੀ ਹੁਰੀਂ ਘਰ ਪੇਂਟ ਕਰਾ ਕੇ ਹਟੇ ਸੀ। ਮੈਂ ਗਿਆ ਤਾਂ ਉਹ ਕੁੜੀ ਵਾਲੀ ਪੇਂਟਿੰਗ ਕਬਾੜ ਵਾਲੇ ਸਮਾਨ ਵਿਚ ਪਈ ਸੀ।

"ਮਾਸੀ ਆਹ ਕਿਉਂ ਉਤਾਰ ਦਿੱਤੀ?" ਮੈਂ ਪੇਂਟਿੰਗ ਚੁੱਕ ਕੇ ਉਹਨੂੰ ਸਾਫ ਕਰਦਿਆਂ ਕਿਹਾ।

"ਰੱਜੀ ਨੇ ਉਤਾਰਤੀ, ਉਹ ਕਹਿੰਦੀ ਕੋਈ ਨਵੀਂ ਲਿਆ ਕੇ ਲਾਵਾਂਗੇ। ਤੈਨੂੰ ਪਸੰਦ ਆ, ਤੂੰ ਲੈ ਜਾਹ।" ਮਾਸੀ ਨੇ ਰਸੋਈ ਵਿਚੋਂ ਚਾਹ ਬਣਾਉਂਦੀ ਨੇ ਕਿਹਾ।

ਅੰਨ੍ਹਾ ਕੀ ਭਾਲ਼ੇ, ਦੋ ਅੱਖਾਂ।ਮੈਂ ਪੇਂਟਿੰਗ ਚੁੱਕੀ ਤੇ ਘਰ ਆ ਕੇ ਆਪਣੇ ਕਮਰੇ ਵਿਚ ਸਜਾ ਲਈ। ਮੇਰਾ ਕਮਰਾ ਮੈਨੂੰ ਸੋਹਣਾ - ਸੋਹਣਾ ਲੱਗਣ ਲੱਗਾ। ਉਹਦੇ ਵਿਚੋਂ ਪਿਆਰੀ ਜਿਹੀ ਖੁਸ਼ਬੂ ਆਉਣ ਲੱਗੀ। ਮੈਂ ਉੱਠਦਾ ਬਹਿੰਦਾ ਉਹਦੇ ਵੱਲ ਵੇਖਦਾ ਰਹਿੰਦਾ। ਕਮਰੇ ਵਿਚ ਸਲੀਕੇ ਨਾਲ ਬਹਿਣ ਉੱਠਣ ਲੱਗ ਪਿਆ ਜਿਵੇਂ ਉਹ ਪੇਂਟਿੰਗ ਵਾਲੀ ਕੁੜੀ ਸੱਚੀ ਮੁੱਚੀ ਮੈਨੂੰ ਤੱਕਦੀ ਹੋਵੇ। ਉਹਨੂੰ ਦੇਖਦਾ ਤੇ ਉਹਦੇ ਨਾਲ ਗੱਲਾਂ ਕਰਦਾ। ਨਾਲੇ ਪਤਾ ਸੀ ਕਿ ਅੱਗੋਂ ਕੋਈ ਹੁੰਗਾਰਾ ਨਹੀਂ ਆਉਣਾ, ਫਿਰ ਵੀ ਅੰਦਰ ਬਾਹਰ ਜਾਂਦਾ ਦੱਸ ਕੇ ਜਾਂਦਾ।

ਇਕ ਦਿਨ ਚਮਤਕਾਰ ਹੋਇਆ। ਬਾਜ਼ਾਰ ਵਿਚ ਇਕ ਕੁੜੀ ਮੂੰਹ ਸਿਰ ਲਪੇਟੀ ਮੇਰੇ ਨਾਲ ਟਕਰਾ ਗਈ। ਮੈਂ ਦੇਖ ਕੇ ਚੌਂਕ ਗਿਆ। ਉਹ ਹੂਬਹੂ ਉਸ ਪੇਂਟਿੰਗ ਵਾਲੀ ਕੁੜੀ ਵਰਗੀ ਸੀ। ਉੱਦਾਂ ਹੀ ਉਹਦਾ ਸਾਰਾ ਚਿਹਰਾ ਚੁੰਨੀ ਨਾਲ ਢਕਿਆ ਸਿਰਫ ਅੱਖਾਂ ਹੀ ਨੰਗੀਆਂ ਸਨ। ਕਤਲ ਕਰਦੀਆਂ ਉਹਦੀਆਂ ਅੱਖਾਂ ਵਿਚ ਮੈਂ ਗੁਆਚ ਹੀ ਗਿਆ। ਆਸਪਾਸ ਦੀ ਸੁੱਧ ਬੁੱਧ ਨਾ ਰਹੀ। ਬਚਪਨ ਤੋਂ ਹੀ ਮੈਂ ਉਸ ਪੇਂਟਿੰਗ ਵਾਲੀ ਕੁੜੀ ਦੀ ਕਲਪਨਾ ਕਰਦਾ ਸੀ, ਹੁਣ ਉਹ ਪੇਂਟਿੰਗ ਵਿਚੋਂ ਨਿਕਲ ਕੇ ਮੇਰੇ ਸਾਹਮਣੇ ਸੀ। ਏਦਾਂ ਤਾਂ ਫਿਲਮਾਂ ਵਿਚ ਦੇਖਿਆ ਸੀ ਪਰ ਮੇਰੇ ਨਾਲ ਸੱਚ ਮੁੱਚ ਵਾਪਰ ਰਿਹਾ ਸੀ। ਇਸ ਤੋਂ ਲੱਗਦਾ ਹੈ ਕਿ ਫਿਲਮਾਂ ਵੀ ਸੱਚ 'ਤੇ ਹੀ ਬਣਦੀਆਂ ਹਨ।

ਦੂਜੇ ਦਿਨ ਉਸ ਨੂੰ ਕਾਲਿਜ ਵਿਚ ਵੇਖ ਕੇ ਮੇਰੀ ਖੁਸ਼ੀ ਦਾ ਕੋਈ ਟਿਕਾਣਾ ਨਾ ਰਿਹਾ। ਅੱਖਾਂ ਤਾਂ ਅੱਖਾਂ ਉਸਦੀ ਤਾਂ ਸੂਰਤ ਵੀ ਰਬੜ ਦੇ ਬਾਵੇ ਵਰਗੀ ਸੀ। ਪੱਕੀ ਕਣਕ ਜਿਹਾ ਰੰਗ ਉਹ'ਤੇ ਫੱਬ ਫੱਬ ਪੈਂਦਾ। ਮੈਂ ਉਹ ਸਾਰਾ ਦਿਨ ਹਵਾ ਵਿਚ ਉੱਡਦਾ ਰਿਹਾ। ਮੂੰਹ ਘੁੱਟ ਕੇ ਬੰਦ ਕਰਦਾ ਪਰ ਹਾਸਾ ਬੁੱਲ੍ਹਾਂ ਵਿਚੋਂ ਡੁੱਲ੍ਹ ਡੁੱਲ ਪੈਂਦਾ।

ਮੈਂ ਸੰਗਾਊ ਜਿਹੇ ਨੂੰ ਉਹਦਾ ਸਿਰਫ ਨਾਂ ਪਤਾ ਕਰਦੇ ਨੂੰ ਹੀ ਹਫ਼ਤਾ ਲੱਗ ਗਿਆ।...ਨਾਂ ਸੀ ਉਹਦਾ ਨੀਲਮ...ਉਹ ਮੈਨੂੰ ਚੰਗੀ ਲੱਗਦੀ... ਉਹਨੂੰ ਬੁਲਾਉਣ ਨੂੰ ਜੀਅ ਕਰਦਾ ਪਰ ਹਿੰਮਤ ਹੀ ਨਾ ਪੈਂਦੀ। ਉਹ ਸੋਹਣੀ ਬਹੁਤ ਸੀ। ਅੱਖਾਂ ਦਾ ਰੰਗ ਹਲਕਾ ਭੂਰਾ ਜਿਹਾ ਸੀ। ਮੇਰਾ ਜੀਅ ਕਰਦਾ ਕਿ ਉਹਦੀਆਂ ਅੱਖਾਂ ਵੱਲ ਵੇਖੀ ਜਾਵਾਂ। ਉਹ ਮੇਰੇ ਸੁਫ਼ਨਿਆਂ ਦੀ ਰਾਣੀ ਸੀ।

ਮੈਂ ਚੋਰੀ ਚੋਰੀ ਨੀਲਮ ਨੂੰ ਵੇਖਦਾ। ਬਹੁਤੀ ਵਾਰ ਉਹ ਸਹੇਲੀਆਂ ਨਾਲ ਗੱਲਾਂ ਵਿਚ ਮਗਨ, ਹੱਸਦੀ ਮੇਰੇ ਵੱਲ ਬਿਨਾਂ ਦੇਖੇ ਹੀ ਲੰਘ ਜਾਂਦੀ। ਉਹਦਾ ਹਾਸਾ ਜਿਵੇਂ ਕਿਸੇ ਨੇ ਸਿਤਾਰ ਦੀ ਤਾਰ ਛੇੜ ਦਿੱਤੀ ਹੋਵੇ। ਫਿਰ ਜਿਵੇਂ ਉਹਨੂੰ ਕੁਝ ਪਤਾ ਲੱਗ ਗਿਆ ਹੋਵੇ। ਉਹ ਮੈਨੂੰ ਵੇਖ ਚੁੱਪ ਕਰ ਕੇ ਲੰਘਣ ਲੱਗੀ। ਕਦੇ ਕਦਾਈਂ ਐਵੇਂ ਹੀ ਸਾਡੀਆਂ ਨਜ਼ਰਾਂ ਟੱਕਰਾ ਜਾਂਦੀਆਂ ਤਾਂ ਮੇਰੇ ਸਾਹ ਉੱਤੇ ਹੀ ਰਹਿ ਜਾਂਦੇ। ਉਹ ਮਾੜਾ ਜਿਹਾ ਮੇਰੇ ਵੱਲ ਤੱਕਦੀ, ਮੇਰਾ ਸਾਰਾ ਦਿਨ ਮੁਸਕਰਾਉਂਦਿਆਂ ਲੰਘ ਜਾਂਦਾ।

ਇਕ ਸਾਲ ਏਦਾਂ ਦੇਖਦਿਆਂ ਹੀ ਲੰਘ ਗਿਆ। ਦੂਜੇ ਸਾਲ ਵਿਚ ਸ਼ਰਾਬ ਨੇ ਸਾਡਾ ਘਰ ਤਬਾਹ ਕਰ ਦਿੱਤਾ। ਪੀਤੀ ਵਿਚ ਪਾਪਾ ਦੀ ਐਕਸੀਡੈਂਟ ਨਾਲ ਡੈੱਥ ਹੋ ਗਈ। ਉਹਨਾਂ ਦੀ ਪੁਲਸ ਦੀ ਨੌਕਰੀ ਲਈ ਮੈਂ ਅਪਲਾਈ ਕਰ ਦਿੱਤਾ। ਸਾਲ ਨੂੰ ਨੌਕਰੀ ਮਿਲਣੀ ਸੀ, ਉਦੋਂ ਤੀਕ ਮੇਰੀ ਗਰੈਜੂਏਸ਼ਨ ਵੀ ਪੂਰੀ ਹੋ ਜਾਣੀ ਸੀ।

ਮੈਂ ਉਮਰੋਂ ਪਹਿਲਾਂ ਸਿਆਣਾ ਹੋਣ ਲੱਗਾ। ਮੇਰੇ ਨਿੱਕੇ ਜਿਹੇ 'ਤੇ ਪਈਆਂ ਜ਼ੁੰਮੇਵਾਰੀਆਂ ਦੇਖ ਮਾਂ ਮੇਰਾ ਫ਼ਿਕਰ ਕਰਦੀ। ਛੁੱਟੀ ਵਾਲੇ ਦਿਨ ਤਾਂ ਸਾਰਾ ਦਿਨ ਅੰਦਰ ਪਿਆ ਰਹਿੰਦਾ। ਮੈਨੂੰ ਉਦਾਸ ਦੇਖ ਮਾਂ ਇਕ ਦਿਨ ਕਹਿੰਦੀ, "ਰੱਜੀ ਤੇਰਾ ਕਿੰਨਾ ਮੋਹ ਕਰਦੀ ਆ...ਉਹਨੂੰ ਵਿਆਹੀ ਨੂੰ ਵੀ ਪੰਜ ਮਹੀਨੇ ਹੋ ਗਏ...ਭੈਣ ਹਮੇਸ਼ਾ ਕਹਿੰਦੀ ਰਹਿੰਦੀ ਆ ਬਈ ਰਿੰਕੂ ਨੂੰ ਕਹਿ ਕਿ ਰੱਜੀ ਕੋਲ਼ ਜਾ ਆਵੇ...ਜੇ ਉਹਦੇ ਕੋਈ ਆਪਣਾ ਭਰਾ ਹੁੰਦਾ ਤਾਂ ਪੰਜਾਹ ਗੇੜੇ ਲਾ ਆਉਂਦਾ...ਨੇੜੇ ਤਾਂ ਹੈ, ਜਾ ਆ ਇਕ ਦਿਨ...।"

ਮੈਨੂੰ ਰੱਜੀ ਦੀ ਬਹੁਤ ਯਾਦ ਆਈ। ਰੱਖੜੀ ਵਾਲੇ ਦਿਨ ਉਹ ਨਿਰਨੇ ਕਾਲਜੇ ਬੈਠੀ ਮੈਨੂੰ ਉਡੀਕਦੀ ਰਹਿੰਦੀ। ਮੇਰੇ ਰੱਖੜੀ ਬੰਨ੍ਹ ਕੇ ਚਾਹ ਪਾਣੀ ਪੀਂਦੀ।

"ਕੱਲ੍ਹ ਜਾ ਆਵਾਂਗਾ।" ਮੈਂ ਮਾਂ ਨੂੰ ਕਿਹਾ।

"ਮਿਠਾਈ ਤੇ ਫਰੂਟ ਲੈ ਜਾਵੀਂ।" ਜਾਂਦੇ ਨੂੰ ਮਾਂ ਨੇ ਪੈਸੇ ਫੜਾਉਂਦਿਆਂ ਕਿਹਾ।

ਰੱਜੀ ਦੇ ਘਰ ਕੋਲ਼ ਮੋਟਰਸਾਈਕਲ ਖੜ੍ਹਾ ਕੇ ਮੈਂ ਅੰਦਰ ਜਾਣ ਹੀ ਲੱਗਾ ਸੀ ਕਿ ਸਾਹਮਣਿਓਂ ਨੀਲਮ ਨੂੰ ਦੇਖ ਕੇ ਮੇਰੀ ਹੈਰਾਨੀ ਦੀ ਕੋਈ ਹੱਦ ਨਾ ਰਹੀ। ਮੈਨੂੰ ਦੇਖ ਕੇ ਉਹਨੇ ਮਿੰਨ੍ਹਾ ਜਿਹਾ ਮੁਸਕਰਾਇਆ ਕੀ, ਮੇਰੀ ਜਾਨ ਹੀ ਕੱਢ ਕੇ ਲੈ ਗਈ। ਉਹ ਰੱਜੀ ਕੇ ਘਰੋ ਬਾਹਰ ਤੇ ਮੈਂ ਅੰਦਰ ਦਾਖਲ ਹੋਇਆ। ਰੱਜੀ ਨੂੰ ਨੀਲਮ ਬਾਰੇ ਪੁੱਛਣਾ ਚਾਹਿਆ ਪਰ ਹਿੰਮਤ ਨਾ ਪਈ। ਬਸ ਬਾਹਰ ਦਰਵਾਜ਼ੇ ਵੱਲ ਘੜੀ ਮੁੜੀ ਵੇਖੀ ਜਾਵਾਂ। ਜੀਅ ਕਰੀ ਜਾਵੇ ਕਿ ਨੀਲਮ ਆਵੇ ਤੇ ਇਕ ਵਾਰ ਫਿਰ ਉੱਦਾਂ ਹੀ ਮੈਨੂੰ ਵੇਖ ਕੇ ਮੁਸਕਰਾਵੇ।

ਮੈਂ ਆ ਕੇ ਮਾਂ ਤੇ ਮਾਸੀ ਨੂੰ ਕਿਹਾ ਕਿ ਜੇ ਰੱਜੀ ਕੋਲ਼ ਜਾਣਾ ਹੋਇਆ ਤਾਂ ਮੈਨੂੰ ਦੱਸਿਓ, ਮੈਂ ਲੈ ਚੱਲੂੰ। ਫਿਰ ਮਹੀਨੇ ਦੋ ਮਹੀਨੇ ਬਾਅਦ ਰੱਜੀ ਦੇ ਪਿੰਡ ਚੱਕਰ ਲੱਗਣ ਲੱਗਾ। ਨੀਲਮ ਕਦੇ ਦਿਸ ਜਾਂਦੀ ਤੇ ਕਦੇ ਨਿਰਾਸ਼ ਹੋ ਕੇ ਮੁੜਨਾ ਪੈਂਦਾ।

ਮੇਰੇ ਸ਼ਰਮੀਲੇ ਸੁਭਾਅ ਕਰਕੇ ਇਹ ਇਕ ਤਰਫ਼ਾ ਚਾਹਤ ਬਣ ਕੇ ਰਹਿ ਗਈ। ਬੜੀ ਵਾਰ ਉਹਨੂੰ ਸਮਝਾਉਣਾ ਚਾਹਿਆ ਪਰ ਮੈਨੂੰ ਸਮਝਾਉਣਾ ਆਉਂਦਾ ਹੀ ਕਿੱਥੇ ਸੀ? ਕਾਲਿਜ ਵਿਚ ਸਾਲਾਨਾ ਪ੍ਰੋਗਰਾਮ ਸੀ। ਮਹੀਨਾ ਪਹਿਲਾਂ ਤਿਆਰੀਆਂ ਹੋਣ ਲੱਗ ਪਈਆਂ। ਨੀਲਮ ਗਿੱਧੇ ਦੀ ਟੀਮ ਵਿਚ ਸੀ। ਮੈਂ ਚੋਰੀ ਚੋਰੀ ਉਹਨੂੰ ਪ੍ਰੈਕਟਿਸ ਕਰਦੀਆਂ ਨੂੰ ਦੇਖਦਾ। ਕਿਸੇ ਹੋਰ ਵੱਲ ਧਿਆਨ ਹੀ ਨਾ ਜਾਂਦਾ। ਬਸ ਉਹ ਹੀ ਭੰਬੀਰੀ ਵਾਂਗੂੰ ਘੁੰਮਦੀ ਦਿਸੀ ਜਾਂਦੀ। ਉਹਦੀਆਂ ਬੋਲੀਆਂ 'ਤੇ ਮੇਰਾ ਗਿੱਧਾ ਪਾਉਣ ਨੂੰ ਜੀਅ ਕਰਦਾ। ਇਕ ਦਿਨ ਉਹ ਗਿੱਧੇ ਵਿਚ ਪਾਉਣ ਵਾਲੇ ਸੂਟਾਂ ਦੀ ਗੱਲ ਕਰਦੀਆਂ ਸੀ। ਉਹਨੇ ਫ਼ਿਰੋਜ਼ੀ ਰੰਗ ਦਾ ਸੂਟ ਪਾਉਣਾ ਸੀ, ਮੈਂ ਉਸੇ ਰੰਗ ਦੀ ਪੱਗ ਲਿਆਇਆ।

ਫੰਕਸ਼ਨ ਵਾਲੇ ਦਿਨ ਉਹਨੂੰ ਵੇਖ ਮੇਰੇ ਹੋਸ਼ ਉੱਡ ਗਏ। ਮੱਥੇ 'ਤੇ ਟਿੱਕਾ, ਗੋਟੇ ਵਾਲੀ ਚੁੰਨੀ ਤੇ ਮੇਕਅਪ ਨਾਲ ਤਾਂ ਉਹ ਨੀਰੂ ਬਾਜਵਾ ਨੂੰ ਵੀ ਮਾਤ ਪਾਉਂਦੀ ਸੀ। ਉਹਦਾ ਫ਼ਿਰੋਜ਼ੀ ਸੂਟ ਵੇਖ, ਮੈਂ ਵੀ ਆਪਣੀ ਪੱਗ ਸੰਵਾਰੀ।

*"ਗੱਭਰੂ ਜੱਟਾਂ ਦਾ ਪੁੱਤ ਛੈਲ ਛਬੀਲਾ*
*ਕੋਲੋਂ ਦੀ ਲੰਘ ਗਿਆ ਚੁੱਪ ਕਰ ਕੇ*
*ਨੀ ਉਹ ਲੈ ਗਿਆ ਕਾਲਜਾ, ਰੁੱਗ ਭਰ ਕੇ ... ।"*

ਇਸ ਬੋਲੀ 'ਤੇ ਉਹ ਬਾਹਾਂ ਕੱਢ ਕੱਢ ਨੱਚੀ। ਮੈਨੂੰ ਲੱਗਿਆ ਕਿ ਉਹ ਬੋਲੀ ਜਿਵੇਂ ਉਹਨੇ ਮੇਰੇ ਲਈ ਹੀ ਪਾਈ ਹੋਵੇ। ਮੇਰੇ ਦਿਲ ਜਿੰਨਾ ਹੀ ਭੜਥੂ ਉਹਨੇ ਗਿੱਧੇ ਵਿਚ ਪਾਇਆ। ਮੇਰੇ ਦਿਲ ਵਾਂਗੂੰ ਉਹਨੇ ਅੱਜ ਵਾਲਾ ਮੇਲਾ ਵੀ ਲੁੱਟ ਲਿਆ। ਬੋਲੀ ਦੇ ਬੋਲ ਮੇਰੇ ਕੰਨਾਂ ਵਿਚ ਗੂੰਜੀ ਜਾਣ। ਘਰ ਆ ਕੇ ਵੀ ਨਸ਼ਿਆਇਆ ਰਿਹਾ। ਕਮਰੇ ਵਿਚ ਵੜਦਿਆਂ ਹੀ ਪੇਂਟਿੰਗ ਵੱਲ ਵੇਖ ਮੈਂ ਬੋਲੀ ਗੁਣਗੁਣਾਉਣ ਲੱਗ ਪਿਆ। ਹੁਣ ਪੇਂਟਿੰਗ ਵਾਲੀ ਕੁੜੀ ਮੈਨੂੰ ਸੱਚੀ ਮੁੱਚੀ ਨੀਲਮ ਹੀ ਲੱਗਦੀ। ਬਿਨਾਂ ਕੱਪੜੇ ਬਦਲੇ ਬੈੱਡ 'ਤੇ ਪੈ ਗਿਆ। ਅੱਖਾਂ ਬੰਦ ਕੀਤੀਆਂ ਤਾਂ ਉਹ ਹੀ ਨੱਚਦੀ ਦਿਸੀ ਜਾਵੇ।

"ਵੇ, ਕੱਪੜੇ ਤਾਂ ਬਦਲ ਲਾ।" ਸੁਫਨਿਆਂ ਵਿਚ ਗੁਆਚੇ ਨੂੰ ਮਾਂ ਦੀ ਆਵਾਜ਼ ਨੇ ਜਗਾਇਆ। ਮੈਂ ਤ੍ਰਿਭਕ ਕੇ ਉੱਠਿਆ।

"ਮੁਖਤਿਆਰੇ ਕਾ ਜੱਗੀ ਤੇਰੇ ਵਾਲੇ ਕਾਲਿਜ ਵਿਚ ਈ ਆ। ਤੜਕੇ ਪੰਜ ਵਜੇ ਜਦੋਂ ਮੈਂ ਗੁਰਦੁਆਰੇ ਜਾਨੀ ਆਂ ਤਾਂ ਉਹ ਭੱਜਣ ਜਾਂਦਾ ਆ। ਪੜ੍ਹਾਈ ਵਿਚ ਵੀ ਆਂਹਦੇ ਆ ਕਿ ਪਹਿਲੇ ਨੰਬਰ 'ਤੇ ਆਉਂਦਾ। ਅੱਜ ਉਹਦੀ ਮਾਂ ਆਂਹਦੀ ਸੀ ਕਿ ਉਹ ਗਾਉਣ ਵਿਚ ਵੀ ਪਹਿਲੇ ਨੰਬਰ 'ਤੇ ਆਇਆ। ਇਕ ਤੂੰ ਆਂ, ਕਮਰੇ 'ਚੋਂ ਨ੍ਹੀਂ ਨਿਕਲਦਾ।" ਮਾਂ ਅਕਸਰ ਹੀ ਏਦਾਂ ਦੀਆ ਸ਼ਿਕਾਇਤਾਂ ਦੇ ਪਟਾਰੇ ਖੋਲ੍ਹ ਬਹਿ ਜਾਂਦੀ ਆ। ਮਾਂ ਨੂੰ ਕਿਵੇ ਦੱਸਾਂ ਕਿ ਤੂੰ ਹੀ ਮੈਨੂੰ ਏਦਾਂ ਦਾ ਬਣਾਇਆ। ਮੈਂ ਚੁੱਪ ਚਾਪ ਉਹਦੀਆਂ ਸ਼ਿਕਾਇਤਾਂ ਤੇ ਨਸੀਹਤਾਂ ਸੁਣਦਾ ਰਹਿੰਦਾ। ਖਿੱਚ ਧੂਹ ਕੇ ਬੀ. ਏ. ਕਰ ਲਈ। ਨੌਕਰੀ ਲਈ ਚੱਕਰ ਮਾਰਨੇ ਸ਼ੁਰੂ ਕਰ ਦਿੱਤੇ।

ਮੇਰੀ ਨੌਕਰੀ ਦੀ ਚਿੱਠੀ ਘਰ ਆਈ ਤਾਂ ਮਾਂ ਗੁਰਦੁਆਰੇ ਲੱਡੂ ਚੜ੍ਹਾਉਣ ਚਲੀ ਗਈ। ਮਾਸੀ ਕੇ ਮਿਠਾਈ ਦੇ ਕੇ ਮੈਂ ਤੇ ਮਾਂ ਰੱਜੀ ਕੋਲ਼ ਚਲੇ ਗਏ। ਉੱਥੇ ਜਾ ਕੇ ਜੋ ਸੁਣਿਆ ਉਹਨੇ ਮੇਰੇ ਸਾਰੇ ਸੁਪਨੇ ਚਕਨਾਚੂਰ ਕਰ ਦਿੱਤੇ। ਦਿਲ ਟੁੱਟਦਾ ਏ ਤਾਂ ਕਿੰਨਾ ਦਰਦ ਮਹਿਸੂਸ ਹੁੰਦਾ ਹੈ, ਉਸ ਦਿਨ ਪਤਾ ਲੱਗਾ। ਦਰਅਸਲ ਨੀਲਮ ਕਿਸੇ ਨਾਲ ਘਰੋਂ ਭੱਜ ਗਈ। ਪਿੰਡ ਵਿਚ ਸਾਰੇ ਪਾਸੇ ਉਹਦੇ ਪਰਿਵਾਰ ਦੀ ਥੂਹ ਥੂਹ ਹੋਈ ਜਾਂਦੀ ਸੀ। ਰੱਜੀ ਨੇ ਹੌਲ਼ੀ ਜਿਹੀ ਮਾਂ ਨੂੰ ਦੱਸਿਆ ਤਾਂ ਮੇਰੀ ਜਾਨ ਹੀ ਨਿਕਲ ਗਈ। ਦਿਲ ਕਾਹਲ਼ਾ ਪੈਣ ਲੱਗ ਪਿਆ। ਕੰਨੀਂ ਸੁਣ ਕੇ ਵੀ ਯਕੀਨ ਨਾ ਆਵੇ।

ਮੈਂ ਘਰ ਆ ਕੇ ਕਮਰਾ ਬੰਦ ਕਰ ਕੇ ਬਹੁਤ ਰੋਇਆ। ਕਿਧਰੇ ਚੈਨ ਨਾ ਆਵੇ। ਜੀਅ ਕਰੇ ਸਾਰਾ ਕੁਝ ਭੰਨ ਦੇਵਾਂ ਜਾਂ ਅੱਗ ਲਾ ਦੇਵਾਂ। ਬੇਵੱਸ ਹੋ ਗਿਆ। ਆਏ ਗਏ ਲਈ ਲਿਆਂਦੀ ਬੋਤਲ ਘਰੇ ਪਈ ਰਹਿੰਦੀ ਸੀ। ਮੈਂ ਕਦੇ ਨਾ ਪੀਤੀ ਪਰ ਅੱਜ ਟੁੱਟੇ ਭੱਜੇ ਨੇ ਮਾਂ ਤੋ ਚੋਰੀ ਪੀਤੀ। ਚੋਰੀ,

ਚੋਰੀ ਨਾ ਰਹੀ। ਉਲਟੀਆਂ ਨੇ ਮਾਂ ਨੂੰ ਸਾਰਾ ਕੁਝ ਦੱਸ ਤਾ।

"ਵੇ ਇਹਦੇ ਪੱਟੇ ਤਾਂ ਆਪਾਂ ਅਜੇ ਤੀਕ ਰਾਸ ਨ੍ਹੀਂ ਆਏ...ਵੇ ਤੂੰ ਇਹ ਕੜਮੀ ਕਿੱਥੇ ਮੂੰਹ ਨੂੰ ਲਾ ਲੀ...।" ਮਾਂ ਬਥੇਰਾ ਕਲਪੀ, ਬਥੇਰੀਆਂ ਗਾਲ੍ਹਾਂ ਕੱਢੀਆਂ...ਪਰ ਮੇਰੇ 'ਤੇ ਅਸਰ ਨਾ ਹੋਇਆ। ਦੂਜੇ ਦਿਨ ਸਿਰ ਚੁੱਕਿਆ ਨਾ ਜਾਵੇ। ਮਾਂ ਨੇ ਤੜਫਦੀ ਨੇ ਨਿੰਬੂ ਪਾਣੀ ਬਣਾ ਕੇ ਦਿੱਤਾ। ਮਾਂ ਨਾਲ ਅੱਖ ਨਾ ਮਿਲਾਈ ਜਾਵੇ। ਰੋਜ਼ ਸਵੇਰੇ ਮਾਂ ਕੋਲ਼ ਪੀਣ ਤੋਂ ਤੋਬਾ ਕਰਦਾ ਪਰ ਰਾਤ ਨੂੰ ਸਭ ਕੁਝ ਭੁੱਲ ਕੇ ਬੋਤਲ ਚੁੱਕ ਲੈਂਦਾ। ਮਾਂ ਬੋਤਲ ਲੁਕੋ ਦਿੰਦੀ, ਮੈਂ ਹੋਰ ਲੈ ਆਉਂਦਾ।

"ਵਿਆਹ ਕਰ ਦੇ ਇਹਦਾ।" ਮਾਸੀ ਹਰ ਵਾਰ ਕਹਿ ਕੇ ਜਾਂਦੀ। ਮਾਂ ਮੈਨੂੰ ਵਿਆਹ ਲਈ ਮਨਾਉਂਦੀ...ਵਾਸਤੇ ਪਾਉਂਦੀ। ਮੈਨੂੰ ਮਾਂ 'ਤੇ ਤਰਸ ਵੀ ਆਉਂਦਾ ਪਰ ਮੇਰਾ ਵਿਆਹ ਕਰਾਉਣ ਨੂੰ ਜੀਅ ਹੀ ਨਹੀਂ ਸੀ ਕਰਦਾ। ਰੱਜੀ ਰਿਸ਼ਤੇ ਲੈ ਕੇ ਆਈ...ਦੋ ਵਾਰ ਮੋੜ ਦਿੱਤੇ, ਤੀਜੀ ਵਾਰ ਅੱਕੇ ਨੇ ਮੈਂ ਹਾਂ ਕਰ ਤੀ।

ਰੀਤੂ ਵਿਆਹ ਕੇ ਆਈ। ਮਾਂ ਨੂੰ ਉਹਦੀਆਂ ਆਦਤਾਂ ਪਸੰਦ ਨਾ ਆਈਆਂ। ਉਹ ਸੁੱਤੀ ਪਈ ਸਵੇਰੇ ਬਹੁਤ ਲੇਟ ਉੱਠਦੀ। ਮਾਂ ਹੀ ਮੇਰਾ ਬਰੇਕਫਾਸਟ ਤਿਆਰ ਕਰਦੀ। ਕਈ ਵਾਰ ਤਾਂ ਉਹ ਮੇਰੇ ਡਿਊਟੀ ਜਾਣ ਤੋਂ ਬਾਅਦ ਉੱਠਦੀ। ਮੇਰੇ ਤੋ ਰੋਜ਼ ਹੀ ਮਹਿੰਗੇ ਮਹਿੰਗੇ ਗਿਫਟ ਭਾਲ਼ਦੀ। ਨਾ ਦਿੰਦਾ ਤਾਂ ਕਲੇਸ਼ ਕਰਦੀ। ਉਹਦਾ ਗ਼ੁੱਸੇ 'ਤੇ ਕੰਟਰੋਲ ਨਾ ਰਹਿੰਦਾ। ਉਹ ਜੋ ਹੱਥ ਆਉਂਦਾ ਚੁੱਕ ਕੇ ਵਗਾਹ ਮਾਰਦੀ। ਕਈ ਚੀਜ਼ਾਂ ਉਹਨੇ ਏਦਾਂ ਹੀ ਭੰਨੀਆਂ। ਉਹਦਾ ਗੁੱਸਾ ਵੇਖ ਲੱਗਦਾ ਕਿ ਉਹਦੇ ਮਾਪਿਆ ਨੇ ਉਹਨੂੰ ਹਿਟਲਰ ਦੀ ਗੁੜਤੀ ਦਿਵਾਈ ਹੋਣੀ ਏ। ਮਾਂ ਸਮਝਾਉਂਦੀ ਤਾਂ ਉਹ ਮਾਂ ਦੇ ਮੂਹਰੇ ਬੋਲਦੀ। ਹੁਣ ਉਹ ਕੋਠੀ ਤੇ ਜ਼ਮੀਨ ਆਪਣੇ ਨਾਂ ਲਗਾਉਣ ਲਈ ਜ਼ਿੱਦ ਕਰਨ ਲੱਗੀ। ਮਾਂ ਮੇਰੀ ਹਾਲਤ ਵੇਖ ਵੇਖ ਝੁਰੀ ਜਾਂਦੀ। ਉਹ ਮੇਰੀ ਹਾਲਤ ਦੀ ਜ਼ਿੰਮੇਵਾਰ ਆਪਣੇ ਆਪ ਨੂੰ ਮੰਨਣ ਲੱਗ ਪਈ। ਰੀਤੂ ਦੇ ਕਲੇਸ਼ ਦਾ ਅਸਰ ਸੀ ਕਿ ਮਾਂ ਦਿਲ ਦੀ ਮਰੀਜ਼ ਬਣ ਗਈ ਤੇ ਅਖੀਰ ਇਕ ਦਿਨ ਮੈਨੂੰ ਕਲੇਸ਼ ਵਿਚ 'ਕੱਲੇ ਨੂੰ ਛੱਡ ਕੇ 'ਤੁਰ' ਗਈ।

"ਭੈਣ ਏਨੀ ਛੇਤੀ ਜਾਣ ਵਾਲੀ ਨਹੀਂ ਸੀ।" ਮਾਸੀ ਨੇ ਮਾਂ ਦੇ ਸਸਕਾਰ ਤੋਂ ਬਾਅਦ ਦੁਖੀ ਹੋਈ ਨੇ ਸਭ ਦੇ ਸਾਹਮਣੇ ਇਹ ਕਿਹਾ ਤਾਂ ਰੀਤੂ ਮਾਸੀ ਦੇ ਨਾਲ ਨਾਲ ਰੱਜੀ ਨਾਲ ਵੀ ਲੜਨ ਲੱਗ ਪਈ। ਰੀਤੂ ਨੂੰ ਮੈਂ ਮਸਾਂ ਚੁੱਪ ਕਰਾਇਆ। ਮਾਸੀ ਤੇ ਰੱਜੀ ਤਾਂ ਪਹਿਲਾਂ ਹੀ ਚੁੱਪ ਕਰ ਕੇ ਉੱਥੋਂ ਉੱਠ ਕੇ ਚਲੀਆਂ ਗਈਆਂ। ਭੋਗ 'ਤੇ ਉਹ ਸਿੱਧੀਆਂ ਗੁਰਦੁਆਰੇ ਹੀ ਆਈਆਂ। ਮੁੜ ਕੇ ਉਹ ਦੋਵੇ ਕਦੇ ਘਰ ਨਹੀ ਆਈਆਂ। ਮੈਂ ਹੀ ਜਾ ਕੇ ਮਿਲ ਆਉਨਾ ਹਾਂ। ਮੈਨੂੰ ਲੱਗਦਾ ਕਿ ਮਾਸੀ ਸੱਚ ਹੀ ਕਹਿੰਦੀ ਸੀ "ਮਾਂ ਏਨੀ ਛੇਤੀ ਜਾਣ ਵਾਲੀ ਨਹੀਂ ਸੀ।"

ਮਾਂ ਦੇ ਜਾਣ ਤੋਂ ਦਸ ਮਹੀਨੇ ਬਾਅਦ ਈਰਾ ਹੋਈ। ਈਰਾ ਮੈਨੂੰ ਮਾਂ ਦਾ ਰੂਪ ਹੀ ਲੱਗਦੀ। ਚਾਰ ਮਹੀਨਿਆਂ ਦੀ ਈਰਾ ਨੂੰ ਰੀਤੂ ਨੇ ਇੰਨੀ ਅਣਗਹਿਲੀ ਨਾਲ ਚੁੱਕਿਆ ਕਿ ਉਹਦੀ ਬਾਂਹ ਕੱਢ ਦਿੱਤੀ। ਉਹ ਨਿਕੰਮੀ ਮਾਂ ਸਾਬਤ ਹੋਈ। ਮੈਂ ਉਸ ਦਿਨ ਹੀ ਈਰਾ ਲਈ ਮਾਈ ਰੱਖ ਲਈ। ਉਹ ਫੁੱਲ ਟਾਈਮ ਈਰਾ ਦਾ ਧਿਆਨ ਰੱਖਦੀ। ਰੀਤੂ ਨੇ ਮੇਰੇ ਦਿਲ ਵਿਚ ਵੀ ਜੋ ਥੋੜ੍ਹੀ ਬਹੁਤੀ ਥਾਂ ਸੀ ਉਹ ਵੀ ਗੁਵਾ ਲਈ।

ਦੂਜੇ ਪਾਸੇ ਮੈਂ ਨੀਲਮ ਨੂੰ ਭੁਲਾ ਨਾ ਸਕਿਆ। ਕਦੇ ਕਦੇ ਤਾਂ ਉਹਦੀ ਯਾਦ ਦਿਲ 'ਤੇ ਚੜ੍ਹ ਜਾਂਦੀ ਹੈ। ਫਿਰ ਕਈ ਦਿਨ ਮਨ ਉਦਾਸ ਰਹਿੰਦਾ। ਬੋਤਲ ਦਾ ਸਹਾਰ ਲੈਂਦਾ ਹਾਂ।। ਉਹਨੂੰ ਹਰ ਥਾਂ ਲੱਭਦਾ ਹਾਂ। ਭੀੜ ਵਿਚ ਉਹਦਾ ਚਿਹਰਾ ਤਲਾਸ਼ਦਾ ਹਾਂ ਪਰ ਕਾਲਿਜ ਤੋਂ ਬਾਅਦ ਉਹ ਕਿਤੇ ਦੇਖੀ ਹੀ ਨਹੀਂ।

ਹੁਣ ਜਦੋਂ ਦਾ ਨੀਲਮ ਨੂੰ ਦੇਖਿਆ ਉਦੋਂ ਦਾ ਉਹਦੇ ਬਾਰੇ ਹੀ ਸੋਚ ਕੇ ਪ੍ਰੇਸ਼ਾਨ ਹੋਈ ਜਾਨਾਂ। ਪ੍ਰੇਸ਼ਾਨੀ ਵਿਚ ਪੀਣ ਨੂੰ ਵੀ ਦਿਲ ਨਾ ਕੀਤਾ। ਬੇਚੈਨੀ ਜਿਹੀ ਲੱਗੀ ਪਈ ਆ। ਕਈ ਵਾਰ ਲੱਗਾ

ਕਿ ਕਿਤੇ ਐਵੇਂ ਭੁਲੇਖਾ ਤਾਂ ਨਹੀ ਪਿਆ ਪਰ ਦਿਲ ਕਹਿੰਦਾ ਉਹ ਨੀਲਮ ਹੀ ਸੀ। ਮੂੰਹ ਭਾਵੇਂ ਮਾਸਕ ਨਾਲ ਢਕਿਆ ਸੀ। ਮੈਂ ਤਾਂ ਉਹਨੂੰ ਅੱਖਾਂ ਤੋਂ ਵੀ ਪਹਿਚਾਣ ਸਕਦਾ ਹਾਂ। ਉਹ ਨੀਲਮ ਹੀ ਸੀ, ਪਰ ਇਹੋ ਜਿਹੀ ਥਾਂ 'ਤੇ ਉਹਦਾ ਹੋਣਾ ਮੈਨੂੰ ਹੋਰ ਵੀ ਪ੍ਰੇਸ਼ਾਨ ਕਰੀ ਜਾਂਦਾ ਸੀ।

ਦਰਅਸਲ ਮੇਰੀ ਬਦਲੀ ਜੇਲ੍ਹ ਦੀ ਹੋ ਗਈ। ਨਿਰੀਖਣ ਕਰਨ ਜ਼ਨਾਨਾ ਵਾਰਡ ਵਿਚ ਜਾਣਾ ਸੀ ਤਾਂ ਉੱਥੇ ਹਵਾਲਾਤਣਾਂ ਵਿਚ ਨੀਲਮ ਨੂੰ ਦੇਖਿਆ। ਜਿਹੜੀਆਂ ਅੱਖਾਂ ਉਹਦੀਆ ਕਹਿਰ ਮੱਚਾਉਂਦੀਆ ਸੀ, ਹੁਣ ਸ਼ਾਂਤ ਸਨ। ਉਹਨੇ ਮੇਰੇ ਵੱਲ ਦੇਖਿਆ ਤੇ ਨੀਵੀਂ ਪਾ ਲਈ। ਸ਼ਾਇਦ ਉਹਨੇ ਵੀ ਮੈਨੂੰ ਪਹਿਚਾਣ ਲਿਆ ਸੀ।

ਦੂਜੇ ਦਿਨ ਡਿਊਟੀ 'ਤੇ ਮੈਂ ਨੀਲਮ ਬਾਰੇ ਜਾਣਕਾਰੀ ਹਾਸਿਲ ਕਰਨੀ ਸ਼ੁਰੂ ਕਰ ਦਿੱਤੀ। ਫਾਈਲ ਵਿਚ ਉਹਦਾ ਨਾਂ ਪੜ੍ਹ ਕੇ ਪੱਕਾ ਹੋ ਗਿਆ ਕਿ ਉਹ ਨੀਲਮ ਹੀ ਹੈ। ਮੈਂ ਉਹਦੀ ਫਾਈਲ ਪੜ੍ਹ ਕੇ ਦੰਗ ਹੀ ਰਹਿ ਗਿਆ। ਉਹ ਆਪਣੇ ਪਤੀ ਰਾਜਵੀਰ ਦੇ ਇਰਾਦਾ ਕਤਲ ਦੇ ਕੇਸ ਵਿਚ ਜੇਲ੍ਹ ਵਿਚ ਸੀ। ਉਹਦੀ ਤਾਂ ਲਵ ਮੈਰਿਜ ਸੀ, ਫਿਰ ਇਹੋ ਜਿਹਾ ਕੀ ਹੋਇਆ?... ਉਹਨੇ ਏਦਾਂ ਕਿਉਂ ਕੀਤਾ?... ਕੀ ਉਹ ਖ਼ੁਸ਼ ਨਹੀਂ ਸੀ ਰਾਜਵੀਰ ਨਾਲ? ... ਕੀ ਰਾਜਵੀਰ ਉਹਨੂੰ ਮਾਰਦਾ ਕੁੱਟਦਾ ਸੀ ?...ਮੇਰੇ ਅੰਦਰ ਇਕੱਠੇ ਕਈ ਸਵਾਲ ਤਾਂਡਵ ਕਰਨ ਲੱਗੇ।

ਮੇਰੀ ਕੁਲੀਗ ਨਰਿੰਦਰ ਮੈਡਮ ਜ਼ਨਾਨਾ ਵਾਰਡ ਦੀ ਇਨਚਾਰਜ ਸੀ। ਨਰਿੰਦਰ ਤੋਂ ਪਤਾ ਲੱਗਾ ਕਿ ਪਿਛਲੇ ਗਿਆਰਾਂ ਮਹੀਨਿਆਂ ਤੋਂ ਨੀਲਮ ਨੂੰ ਕੋਈ ਮਿਲਣ ਨਹੀਂ ਆਇਆ ਤੇ ਨਾ ਹੀ ਕੋਈ ਉਸਦੀ ਪੈਰਵਾਈ ਕਰ ਰਿਹਾ ਹੈ। ਲੀਗਲ ਏਡ ਰਾਹੀਂ ਮਿਲੇ ਵਕੀਲ ਸਾਬ੍ਹ ਵੀ ਕੋਈ ਸਿਰ ਦਰਦੀ ਨਹੀਂ ਲੈ ਰਹੇ। ਮੈਂ ਨਰਿੰਦਰ ਦੀ ਮਦਦ ਨਾਲ ਨੀਲਮ ਨੂੰ ਮਿਲਣਾ ਚਾਹਿਆ।

ਨੀਲਮ ਚੁੱਪ ਸ਼ਾਂਤ ਨੀਵੀਂ ਪਾਈ ਮੇਰੇ ਮੂਹਰੇ ਬੈਠੀ ਹੈ। "ਨੀਲਮ, ਮੈਨੂੰ ਪਹਿਚਾਣਿਆਂ?" ਮੈਂ ਗੱਲ ਤੋਰਨੀ ਚਾਹੀ। ਉਹਨੇ ਨੀਵੀਂ ਪਾਈ 'ਹਾਂ' ਵਿਚ ਸਿਰ ਹਿਲਾ ਦਿੱਤਾ।

"ਇਹ ਕੀ ਭਾਣਾ ਵਰਤਿਆ, ਸ਼ੁਰੂ ਤੋਂ ਅਖੀਰ ਤਕ ਦੱਸ।" ਮੈਂ ਨਜ਼ਰਾਂ ਉਹਦੇ ਚਿਹਰੇ 'ਤੇ ਗੱਡ ਕੇ ਪੁੱਛਿਆ।

"ਸੱਚ ਪਤਾ ਲੱਗੇ, ਫਿਰ ਹੀ ਤੇਰੀ ਮਦਦ ਕਰ ਸਕੂੰਗਾ।" ਉਹਦੇ ਨਾ ਬੋਲਣ 'ਤੇ ਮੈਂ ਦੁਬਾਰਾ ਸਵਾਲ ਕੀਤਾ।

ਉਹ ਬੋਲਣ ਦੀ ਬਜਾਏ ਰੋਣ ਲੱਗੀ। ਮੇਰਾ ਉਹਦੇ ਅੱਥਰੂ ਪੂੰਝਣ ਨੂੰ ਜੀਅ ਕਰੇ ਪਰ ਮੈਂ ਆਪਣੇ 'ਤੇ ਕੰਟਰੋਲ ਰੱਖਿਆ। ਰੋਂਦੀ ਰੋਂਦੀ ਨੇ ਕਈ ਵਾਰ ਉੱਤੇ ਲਈ ਚੁੰਨੀ ਨਾਲ ਉਹਨੇ ਅੱਖਾਂ ਪੂੰਝੀਆਂ। ਮੈਂ ਇਕ ਟਕ ਉਹਦੇ ਚਿਹਰੇ ਵੱਲ ਵੇਖੀ ਗਿਆ।

"ਦੱਸ..."। ਜਦੋਂ ਉਹ ਰੋਣੋਂ ਚੁੱਪ ਹੋਈ ਤਾਂ ਮੈਂ ਫਿਰ ਪੁੱਛਿਆ।

"ਮੇਰੀ ਮੱਤ ਮਾਰੀ ਗਈ ਸੀ, ਜਦੋਂ ਘਰੋਂ ਪੈਰ ਪੁੱਟਿਆ ਸੀ। ਵਿਆਹ ਕਰਾ ਕੇ ਰਾਜਵੀਰ ਨੇ ਹਫ਼ਤਾ ਕੁ ਹੋਟਲਾਂ ਵਿਚ ਰੱਖਿਆ, ਫਿਰ ਉਹ ਘਰ ਲੈ ਗਿਆ। ਨਾ ਕਿਸੇ ਨੇ ਤੇਲ ਚੋਇਆ ਤੇ ਨਾ ਸੱਸ ਨੇ ਪਾਣੀ ਵਾਰ ਕੇ ਪੀਤਾ। ਸੱਸ ਨੇ ਇਕਲੌਤੇ ਪੁੱਤ ਮੂਹਰੇ ਮੈਨੂੰ ਘਰ ਵਿਚ ਤਾਂ ਥਾਂ ਦੇ ਦਿੱਤੀ ਪਰ ਉਹਦੇ ਦਿਲ ਵਿਚ ਮੈਂ ਕਦੇ ਥਾਂ ਨਾ ਬਣਾ ਸਕੀ। ਰਾਜਵੀਰ ਨੇ ਮਹੀਨੇ ਦੇ ਵਿਚ ਵਿਚ ਹੀ ਆਪਣਾ ਰੰਗ ਵਿਖਾਉਣਾ ਸ਼ੁਰੂ ਕਰ ਦਿੱਤਾ ਸੀ। ਉਹ ਸਾਰਾ ਦਿਨ ਫੋਨ 'ਤੇ ਬਿਜ਼ੀ ਰਹਿੰਦਾ, ਘਰੋਂ ਬਾਹਰ ਰਹਿਣਾ ਸ਼ੱਕ ਨੂੰ ਹੋਰ ਵਧਾਉਣ ਲੱਗਾ। ਉਹ ਕਹਿੰਦਾ ਕਿਤੇ ਹੋਰ, ਹੁੰਦਾ ਕਿਤੇ ਹੋਰ ਸੀ। ਸੀਰੀ ਨੂੰ ਮੈਂ ਸੌ, ਦੋ ਸੌ ਦੇ ਦਿੰਦੀ ਤਾਂ ਉਹ ਰਾਜਵੀਰ ਦੀ ਸਾਰੀ ਰਿਪੋਟ ਦੇ ਦਿੰਦਾ। ਰਾਣੀ, ਜੀਤੀ ਤੇ ਗੁਆਂਢੀਆਂ ਦੀ ਨੂੰਹ ਸੀਰੀ ਨੇ ਕਈ ਵਾਰ ਮੋਟਰ ਵਾਲੇ ਕਮਰੇ ਵਿਚੋਂ ਰਾਜਵੀਰ ਨਾਲ ਵੜਦੀਆਂ ਨਿਕਲਦੀਆਂ ਦੇਖੀਆਂ। ਮੇਰੇ ਸੱਤੀਂ ਕੱਪੜੇ ਅੱਗ ਲੱਗੀ ਪਈ ਸੀ ਪਰ ਮੈਂ ਰਾਜਵੀਰ ਨੂੰ ਰੰਗੇ ਹੱਥੀਂ ਫੜਨਾ ਚਾਹੁੰਦੀ ਸੀ।

ਇਕ ਦਿਨ ਸੱਸ ਪੇਕੇ ਗਈ ਹੋਈ ਸੀ। ਕੰਮ ਨਿਬੇੜ ਕੇ ਮੈਂ ਨਹਾਉਣ ਚਲੀ ਗਈ। ਰਾਜਵੀਰ ਅੰਦਰ ਫੋਨ ਚਲਾਈ ਜਾਂਦਾ ਸੀ। ਜਦੋਂ ਨਹਾ ਕੇ ਬਾਹਰ ਆਈ ਤਾਂ ਗੁਆਂਢੀਆਂ ਦੀ ਪਾਲੋ ਸਾਡੇ ਕਮਰੇ ਵਿਚੋਂ ਕੱਪੜੇ ਠੀਕ ਕਰਦੀ ਨਿਕਲੀ। ਮੇਰੇ ਪੈਰਾਂ ਹੇਠੋਂ ਜ਼ਮੀਨ ਨਿਕਲ ਗਈ। ਮੈਂ ਆਪੇ ਤੋਂ ਬਾਹਰ ਹੋ ਗਈ।

"ਹੁਣ ਘਰੇ ਅੱਡਾ ਖੋਲ੍ਹ ਲਿਆ...।" ਮੈਂ ਗ਼ੁੱਸੇ ਨਾਲ ਕੰਬਦੀ ਨੇ ਅੰਦਰ ਜਾ ਕੇ ਰਾਜਵੀਰ ਨੂੰ ਕਿਹਾ।

"ਕੀ ਹੋਇਆ...?" ਆਖ ਕੇ ਉਹ ਦੰਦ ਕੱਢਣ ਲੱਗਾ। ਉਹ ਏਨਾ ਬੇਸ਼ਰਮ ਹੋ ਜੂ, ਮੈਂ ਕਦੇ ਸੁਫਨੇ ਵਿਚ ਵੀ ਨਹੀਂ ਸੋਚਿਆ। ਉਹਦੇ ਦੰਦ ਨਿਕਲਦੇ ਦੇਖ ਮੇਰਾ ਗ਼ੁੱਸਾ ਸਿਖਰ 'ਤੇ ਪਹੁੰਚ ਗਿਆ।

"ਕੰਜਰਾ ਜੇ ਇਹੀ ਖੇਹ ਖਾਣੀ ਸੀ ਤਾਂ ਮੇਰੇ ਨਾਲ ਵਿਆਹ ਕਿਉਂ ਕਰਾਇਆ ਸੀ?"

"ਸਾਲ਼ੀਏ, ਬਹੁਤਾ ਨਾ ਬੋਲ...।"

"ਤੂੰ ਗੂੰਹ ਖਾਈ ਜਾਵੇਂ ਤੇ ਮੈਂ ਬੋਲਾਂ ਵੀ ਨਾ... ਹੁਣ ਮੈਂ ਤਾਂ ਤੇਰਾ ਚੰਗੀ ਤਰ੍ਹਾਂ ਜਲੂਸ ਕੱਢੂੰ... ਰੋਕ ਲੀਂ ਮੈਨੂੰ।" ਮੇਰੀ ਆਵਾਜ਼ ਗ਼ੁੱਸੇ ਨਾਲ ਹੋਰ ਵੀ ਉੱਚੀ ਹੋ ਗਈ।

ਰਾਜਵੀਰ ਗਾਲ੍ਹਾਂ ਕੱਢਦਾ ਮੈਨੂੰ ਕੁੱਟਣਾ ਲੱਗਾ। ਮੈਂ ਥੱਲੇ ਡਿੱਗ ਗਈ ਤਾਂ ਉਹ ਮੇਰੇ ਢਿੱਡ ਵਿਚ ਠੁੱਡੇ ਮਾਰਨ ਲੱਗਾ। ਮੈ ਰੋਈ ਜਾਵਾਂ, ਨਾਲੇ ਉਹਦਾ ਮੁਕਾਬਲਾ ਕਰੀ ਜਾਵਾਂ। ਇਸੇ ਖਿੱਚੋਤਾਣ ਵਿਚ ਮੇਰੇ ਹੱਥ ਪੇਟੀ 'ਤੇ ਪਈ ਕੈਂਚੀ ਲੱਗ ਗਈ। ਮੈਂ ਗ਼ੁੱਸੇ ਵਿਚ ਅੰਨ੍ਹੀ ਹੋਈ ਨੇ ਕੈਂਚੀ ਉਹਦੀ ਛਾਤੀ ਵਿਚ ਖੁਭੋ ਦਿੱਤੀ। ਇਕ ਵਾਰ ਨਹੀ, ਤਿੰਨ ਚਾਰ ਵਾਰ ਮੈਂ ਕੈਂਚੀ ਨਾਲ ਉਹ 'ਤੇ ਵਾਰ ਕੀਤੇ। ਉਹ ਛਾਤੀ ਫੜ ਥੱਲੇ ਡਿੱਗ ਗਿਆ। ਉਹ ਡਿੱਗਿਆ ਤਾਂ ਮੈਂ ਸਾਹੋ ਸਾਹੀ ਹੋਈ ਹੋਸ਼ ਵਿਚ ਆਈ। ਉਹਨੂੰ ਹਿਲਾ ਕੇ ਦੇਖਿਆ। ਕੋਈ ਹਲਚਲ ਨਹੀਂ ਸੀ। ਮੈਂ ਪੱਥਰ ਬਣੀ ਸਿਰ ਫੜ ਕੇ ਉੱਥੇ ਹੀ ਬਹਿ ਗਈ। ਏਨੇ ਨੂੰ ਸੱਸ ਘਰੇ ਆ ਗਈ। ਮੇਰੇ ਕੋਲ਼ ਲਹੂ ਨਾਲ ਲੱਥਪੱਥ ਕੈਂਚੀ ਪਈ ਸੀ, ਉਹ ਸਭ ਸਮਝ ਗਈ। ਆਪਣੇ ਪੁੱਤ ਨੂੰ ਉਸ ਹਾਲਤ ਵਿਚ ਵੇਖ ਉੱਚੀ-ਉੱਚੀ ਚੀਕਾਂ ਮਾਰਦੀ ਬਾਹਰ ਨੂੰ ਭੱਜੀ। ਲੋਕ 'ਕੱਠੇ ਹੋ ਗਏ। ਸਾਰੇ ਮੇਰੇ ਵੱਲ ਵੇਖ ਘੁਸਰ ਮੁਸਰ ਕਰਨ ਲੱਗੇ। ਰਾਜਵੀਰ ਦੇ ਸਾਹ ਚੱਲਦੇ ਵੇਖ ਉਹਨੂੰ ਚੁੱਕ ਹਸਪਤਾਲ ਲੈ ਗਏ। ਕਿਸੇ ਨੇ ਪੁਲਸ ਸੱਦ ਲਈ। ਪੁਲਸ ਸੱਸ ਦੇ ਬਿਆਨ ਲੈ ਕੇ ਮੈਨੂੰ ਥਾਣੇ ਲਿਆਈ... ਰਾਜਵੀਰ ਨੇ ਵੀ ਮੇਰੇ ਖਿਲਾਫ ਬਿਆਨ ਦੇ ਦਿੱਤਾ। ਬੱਸ ਥਾਣੇ ਤੋਂ ਜੇਲ੍ਹ।" ਆਖ ਕੇ ਉਹ ਬਿੰਦ ਕੁ ਚੁੱਪ ਹੋ ਕੇ ਬੋਲੀ, "ਜੇ ਮੈਂ ਨਾ ਉਹਨੂੰ ਮਾਰਦੀ ਤਾਂ ਉਹਨੇ ਮੈਨੂੰ ਮਾਰ ਦੇਣਾ ਸੀ।" ਉਹਨੇ ਲੰਬਾ ਸਾਰਾ ਹਉਕਾ ਲਿਆ।

"ਕੋਈ ਨਾ...ਤੂੰ ਘਬਰਾ ਨਾ... ਮੈਂ ਕਿਸੇ ਵਕੀਲ ਨਾਲ ਗੱਲ ਕਰਦਾਂ।"

ਨੀਲਮ ਦੀ ਬੇਲ ਲਈ ਮੈਂ ਕਈ ਵਕੀਲਾਂ ਨਾਲ ਗੱਲ ਕੀਤੀ। ਗੱਲ ਨਾ ਬਣੀ।

"ਇਹ ਬੇਲ ਤਾਂ ਸਿਰਫ ਇਕੋ ਇਕ ਵਕੀਲ 'ਮਿਸਟਰ ਭੱਟੀ' ਹੀ ਕਰਵਾ ਸਕਦਾ। ਰਕਮ ਮੋਟੀ ਲਵੇਗਾ ਪਰ ਕੰਮ ਕਰਾ ਦੇਵੇਗਾ।" ਮੇਰੇ ਇਕ ਦੋਸਤ ਨੇ ਸਲਾਹ ਦਿੱਤੀ। ਉਸਦੇ ਜਾਣਕਾਰ ਦੀ ਤਿੰਨ ਸੌ ਦੋ ਵਿਚ ਬੇਲ ਲਈ ਸਭ ਵਕੀਲਾਂ ਨੇ ਜ਼ੋਰ ਲਾ ਕੇ ਦੇਖ ਲਿਆ ਸੀ, ਅਖੀਰ ਬੇਲ ਭੱਟੀ ਨੇ ਹੀ ਕਰਾ ਕੇ ਦਿੱਤੀ ਸੀ। ਨੀਲਮ 'ਤੇ ਤਾਂ ਤਿੰਨ ਸੌ ਸੱਤ ਦਾ ਕੇਸ ਸੀ।ਮੈਂ ਭੱਟੀ ਨੂੰ ਮਿਲਿਆ। ਉਹਨੇ ਅੱਸੀ ਹਜ਼ਾਰ ਟੇਬਲ 'ਤੇ ਧਰਾ ਲਿਆ ਤੇ ਦੂਜੀ ਹੀਅਰਿੰਗ 'ਤੇ ਬੇਲ ਕਰਾ ਦਿੱਤੀ।ਇਸ ਦੌਰਾਨ ਮੈਂ ਨੀਲਮ ਲਈ ਕਿਰਾਏ ਦਾ ਘਰ ਲੈ ਲਿਆ। ਕੰਮ ਵਾਲੀ ਲਾ ਕੇ ਸਾਰੀ ਸੈਟਿੰਗ ਕਰਵਾ ਦਿੱਤੀ।

ਜੇਲ੍ਹ ਵਿਚੋਂ ਬਾਹਰ ਨਿਕਲ ਕੇ ਮੇਰੇ ਕੋਲ਼ ਆਉਂਦੀ ਨੀਲਮ ਦੇ ਬੁੱਲ੍ਹਾਂ 'ਤੇ ਮੁਸਕਾਨ ਤੇ ਅੱਖਾਂ ਹੰਝੂਆਂ ਨਾਲ ਭਰੀਆਂ ਪਈਆਂ ਸੀ।

“ਸ਼ੁਕਰੀਆ...ਮੈਂ ਤਾਂ ਬਾਹਰ ਆਉਣ ਦੀ ਆਸ ਹੀ ਛੱਡ ਦਿੱਤੀ ਸੀ।” ਕਾਰ ਵਿਚ ਬੈਠਦਿਆਂ ਨੀਲਮ ਨੇ ਭਾਵੁਕ ਹੁੰਦਿਆਂ ਕਿਹਾ। ਮੈਂ ਉਹਦੇ ਵੱਲ ਦੇਖ ਮੁਸਕਰਾ ਕੇ ਕਾਰ ਸਟਾਰਟ ਕਰ ਲਈ।

“ਕਿੱਥੇ ਚਲੇ ਆ ਆਪਾਂ?”

“ਘਰ..।”

ਘਰ ਦਾ ਲੌਕ ਖੋਲ੍ਹਣ ਲਈ ਮੈਂ ਚਾਬੀ ਨੀਲਮ ਨੂੰ ਫੜਾ ਦਿੱਤੀ। ਲੌਕ ਖੋਲ੍ਹ ਉਹ ਅੰਦਰ ਵੜੀ। ਫਰਸ਼ ‘ਤੇ ਮੈਂ ਗੁਲਾਬ ਦੇ ਫੁੱਲਾਂ ਨਾਲ ‘ਵੈੱਲਕਮ’ ਲਿਖਿਆ ਸੀ ...ਵੇਖਦਿਆਂ ਹੀ ਉਹ ਰੋਣ ਲੱਗ ਪਈ। ਮੇਰਾ ਜੀਅ ਤਾਂ ਕਰਦਾ ਸੀ ਕਿ ਮੈਂ ਉਹਨੂੰ ਗਲਵੱਕੜੀ ਵਿਚ ਲੈ ਕੇ ਚੁੱਪ ਕਰਵਾਵਾਂ ਪਰ ਮੈਂ ਆਪਣੀਆ ਭਾਵਨਾਵਾਂ ਨੂੰ ਦਬਾ ਕੇ ਚੁੱਪ ਤੇ ਸ਼ਾਂਤ ਰਿਹਾ। ਅੰਦਰੋਂ ਘਰ ਦੇਖਦਿਆਂ ਉਹਦੀਆਂ ਅੱਖਾਂ ਨਮ ਹੀ ਰਹੀਆਂ।

“ਤਿਆਰ ਹੋ ਜਾਹ...ਬਜ਼ਾਰ ਚੱਲਦੇ ਹਾਂ...ਰਸੋਈ ਵਿਚ ਥੋੜ੍ਹਾ ਸਮਾਨ ਪਿਆ ਹੈ, ਬਾਕੀ ਤੂੰ ਦੇਖ ਲਾ, ਨਾਲੇ ਅੱਜ ਬਾਹਰੋਂ ਹੀ ਕੁਝ ਖਾ ਪੀ ਲੈਨੇ ਆਂ... ਕੱਲ੍ਹ ਤੋ ਘਰ ਬਣਾ ਲਿਆ ਕਰੀਂ।”

ਮੈਂ ਪਹਿਲਾਂ ਹੀ ਖਰੀਦ ਕੇ ਰੱਖਿਆ ਸੂਟ ਨੀਲਮ ਨੂੰ ਫੜਾ ਕੇ ਕਿਹਾ। ਨੀਲਮ ਨਹਾ ਕੇ ਮੇਰੇ ਮੂਹਰੇ ਆਈ ਤਾਂ ਸੱਚਮੁੱਚ ਅਪਸਰਾ ਹੀ ਲੱਗ ਰਹੀ ਸੀ। ਬਿਨਾਂ ਨਾਪ ਤੋਂ ਖ਼ਰੀਦਿਆਂ ਸੂਟ ਉਸਨੂੰ ਪੂਰੀ ਤਰ੍ਹਾਂ ਫਿੱਟ ਆਇਆ।

ਬਾਜ਼ਾਰ ਵਿਚੋਂ ਉਹਨੇ ਲੋੜੀਂਦੀਆਂ ਚੀਜ਼ਾਂ ਖਰੀਦੀਆਂ। ਅਸੀਂ ਬਾਹਰੋਂ ਡਿਨਰ ਕੀਤਾ। ਉਸ ਰਾਤ ਮੈਂ ਉਹਦੇ ਕੋਲ਼ ਹੀ ਰਿਹਾ। ਮੈਂ ਨੀਲਮ ਨੂੰ ਪੇਂਟਿੰਗ ਵਾਲੀ ਕੁੜੀ ਤੋਂ ਲੈ ਕੇ ਉਹਨੂੰ ਇਕ ਤਰਫ਼ਾ ਮੁਹੱਬਤ ਵਾਲੀ ਸਾਰੀ ਗੱਲ ਦੱਸੀ ਕਿ ਕਿਵੇਂ ਮੈਂ ਉਸਨੂੰ ਚੋਰੀ ਚੋਰੀ ਵੇਖਦਾ...ਚਾਹ ਕੇ ਵੀ ਕਦੇ ਬੁਲਾ ਨਹੀਂ ਸਕਿਆ...ਸੁਣਦੀ ਸੁਣਦੀ ਮੁਸਕਰਾਈ ਜਾਵੇ। ਮੈਂ ਨੀਲਮ ਨੂੰ ਦੱਸਿਆ ਕਿ ਉਹ ਪੇਂਟਿੰਗ ਅੱਜ ਵੀ ਮੇਰੇ ਰੂਮ ਵਿਚ ਲੱਗੀ ਹੋਈ ਹੈ।

ਨੀਲਮ ਕਹਿੰਦੀ ਕਿ ਉਹ ਸਭ ਜਾਣਦੀ ਸੀ... ਮੈਨੂੰ ਪਸੰਦ ਵੀ ਕਰਦੀ ਸੀ ਪਰ ਪਤਾ ਨਹੀਂ ਕਿਧਰੋਂ ਰਾਜਵੀਰ ਉਹਦੀ ਜ਼ਿੰਦਗੀ ਵਿਚ ਆ ਗਿਆ।

“ਰੱਬ ਨੇ ਫਿਰ ਮਿਲਾ ਦਿੱਤਾ।” ਇਸ ਗੱਲ ਨੂੰ ਉਹ ਚਮਤਕਾਰ ਹੀ ਦੱਸਦੀ। ਉਸ ਰਾਤ ਸਭ ਦੂਰੀਆ ਮਿਟ ਗਈਆਂ। ਉਹ ਬਹੁਤ ਖੁਸ਼ ਸੀ ਤੇ ਮੈਂ ਵੀ।

“ਮੈਂ ਕੋਈ ਕੰਮ ਕਰਨਾ ਚਾਹੁੰਦੀ ਹਾਂ...ਮੈਨੂੰ ਸਿਲਾਈ ਕਰਨੀ ਆਉਂਦੀ ਹੈ...ਮੈਨੂੰ ਮਸ਼ੀਨ ਲੈ ਦਿਓ, ਮੈਂ ਸਿਲਾਈ ਕਰਾਂਗੀ।” ਮੇਰੀ ਹਿੱਕ ‘ਤੇ ਸਿਰ ਰੱਖ ਉਹਨੇ ਕਿਹਾ। ਮੈਨੂੰ ਚੰਗਾ ਲੱਗਾ।

ਦੂਜੇ ਦਿਨ ਨੀਲਮ ਮੇਰੇ ਨਾਲ ਜਾ ਕੇ ਸਿਲਾਈ ਮਸ਼ੀਨ ਤੇ ਬਾਕੀ ਦਾ ਸਮਾਨ ਲੈ ਆਈ। ਉਸਦਾ ਬੁਟੀਕ ਦਿਨਾਂ ਵਿਚ ਹੀ ਵਧੀਆ ਚੱਲ ਪਿਆ।

ਇਕ ਦਿਨ ਮੇਰੀ ਪਿੱਠ ਵਿਚ ਤੇ ਪੇਟ ਵਿਚ ਨਿੰਮ੍ਹਾ ਨਿੰਮ੍ਹਾ ਦਰਦ ਹੋ ਰਿਹਾ ਸੀ। ਰਾਤ ਨੂੰ ਦਰਦ ਵਧ ਗਿਆ। ਮੈਂ ਇਕ ਵਜੇ ਦਾ ਸਟੋਨ ਪੇਨ ਨਾਲ ਤੜਫ ਰਿਹਾ ਸੀ ਪਰ ਰੀਤੂ ਨੂੰ ਦੇਖਿਆ, ਉਹ ਘੂਕ ਸੁੱਤੀ ਪਈ ਸੀ। ਮੈਨੂੰ ਪਤਾ ਏ ਕਿ ਨੀਲਮ ਪੰਜ ਵਜੇ ਉੱਠ ਜਾਂਦੀ ਹੈ। ਮੈਂ ਉਸ ਨੂੰ ਮੈਸਿਜ ਕਰ ਕੇ ਆਪਣੀ ਹਾਲਤ ਦੱਸੀ। ਉਹ ਪ੍ਰੇਸ਼ਾਨ ਜਿਹੀ ਹੋ ਗਈ। ਉਹਨੇ ਡਾਕਟਰ ਕੋਲ਼ ਜਾਣ ਦੀ ਸਲਾਹ ਦਿੱਤੀ। ਦਰਦ ਵਧ ਗਿਆ ਤਾਂ ਮੈਂ ਭੱਜ ਕੇ ਵਾਸ਼ਰੂਮ ਗਿਆ। ਸਟੋਨ ਨਿਕਲ ਗਿਆ। ਮੇਰੇ ਫੋਨ ‘ਤੇ ਮੈਸਿਜ ਟੋਨ ਵੱਜੀ ਤਾਂ ਰੀਤੂ ਜਾਗ ਗਈ। ਉਹਨੇ ਮੇਰਾ ਫੋਨ ਦੇਖਿਆ। ਨੀਲਮ ਦਾ ਮੈਸਿਜ ਦੇਖ ਉਹਨੇ ਗਾਹਲਾਂ ਕੱਢੀਆਂ ਤੇ ਫੋਨ ਚਲਾ ਕੇ ਮਾਰਿਆ। ਉਹਨੂੰ ਅੱਜ ਸਵੇਰੇ ਹੀ ਕਲੇਸ਼ ਕਰਨ ਦਾ ਨਵਾਂ ਬਹਾਨਾ ਮਿਲ ਗਿਆ। ਹੁਣ ਉਹ ਰੋਜ਼ ਹੀ ਨੀਲਮ ਨੂੰ ਲੈ ਕੇ ਕਲੇਸ਼ ਕਰਦੀ।

ਮੈਂ ਅਕਸਰ ਘਰ ਨਾਈਟ ਡਿਊਟੀ ਦਾ ਬਹਾਨਾ ਬਣਾ ਕੇ ਨੀਲਮ ਕੋਲ਼ ਰਾਤ ਰੁਕ ਜਾਂਦਾ।

ਨੀਲਮ ਸਾਰਾ ਦਿਨ ਮੇਰਾ ਰਾਹ ਤੱਕਦੀ। ਮੇਰਾ ਧਿਆਨ ਰੱਖਦੀ। ਮੈਂ ਇਹ ਰਿਸ਼ਤਾ ਸਭ ਤੋਂ ਲੁਕੋ ਕੇ ਰੱਖਿਆ ਸੀ। ਨੀਲਮ ਨਾਲ ਬਾਹਰ ਵੀ ਅਣਸਰਦੇ ਨੂੰ ਹੀ ਜਾਂਦਾ। ਜੇ ਜਾਂਦਾ ਤਾਂ ਡਰਦਾ ਡਰਦਾ ਆਸੇ-ਪਾਸੇ ਦੀ ਪੂਰੀ ਨਜ਼ਰ ਰੱਖਦਾ। ਉਹ ਵੀ ਇਸ ਗੱਲ ਦਾ ਧਿਆਨ ਰੱਖਦੀ। ਇਕ ਦਿਨ ਬਾਜ਼ਾਰ ਵਿਚ ਮੇਰੀ ਸੱਸ ਨੇ ਸਾਨੂੰ ਦੋਹਾਂ ਨੂੰ ਦੇਖ ਲਿਆ। ਘਰੇ ਬਹੁਤ ਕਲੇਸ਼ ਹੋਇਆ। ਰੀਤੂ ਆਪੇ ਤੋਂ ਬਾਹਰ ਹੋ ਗਈ। ਉਹਨੂੰ ਤਾਂ ਵੈਸੇ ਵੀ ਕਲੇਸ਼ ਦਾ ਬਹਾਨਾ ਚਾਹੀਦਾ ਹੁੰਦਾ। ਮੈਨੂੰ ਰੀਤੂ ਨਾਲ ਤਾਂ ਕੁਝ ਹੈ ਈ ਨਹੀਂ ਜਿਸਦੇ ਖਤਮ ਹੋਣ ਦਾ ਡਰ ਹੋਵੇ ਪਰ ਈਰਾ 'ਤੇ ਬਹੁਤ ਤਰਸ ਆਇਆ।

"ਮੰਮਾ ਪਲੀਜ਼ ਨਾ ਲੜੋ...ਪਾਪਾ ਪਲੀਜ਼...।" ਈਰਾ ਆਪਣੇ ਨਿੱਕੇ ਨਿੱਕੇ ਹੱਥ ਕਦੇ ਰੀਤੂ ਦੇ ਮੂਹਰੇ ਤੇ ਕਦੇ ਮੇਰੇ ਮੂਹਰੇ ਜੋੜੀ ਜਾਵੇ। ਈਰਾ ਨੂੰ ਧਿਆਨ ਵਿਚ ਰੱਖ ਮੈਂ ਰੀਤੂ ਤੋਂ ਮੁਆਫ਼ੀ ਮੰਗੀ। ਪਰ ਉਹ ਕਲੇਸ਼ ਨੂੰ ਏਨੀ ਛੇਤੀ ਨਿਬੇੜਨ ਲਈ ਤਿਆਰ ਨਹੀਂ ਸੀ।

ਨੀਲਮ ਦਾ ਫੋਨ ਆਇਆ, ਮੈਂ ਕੱਟ ਕੇ ਉਹਦਾ ਨੰਬਰ ਬਲੌਕ ਕਰ ਦਿੱਤਾ। ਮੈਂ ਦੋ ਬੇੜੀਆਂ ਵਿਚ ਸਵਾਰ ਸਾਂ ਤੇ ਕਸੂਤਾ ਫਸ ਗਿਆ ਸੀ। ਈਰਾ ਰੀਤੂ ਤੋਂ ਬਿਨਾਂ ਨਹੀਂ ਰਹਿੰਦੀ। ਮੈਂ ਨਾ ਈਰਾ ਤੋਂ ਬਿਨਾਂ ਰਹਿ ਸਕਦਾ ਸੀ ਤੇ ਨਾ ਹੀ ਨੀਲਮ ਨੂੰ ਛੱਡ ਸਕਦਾ ਸੀ। ਸਮਝ ਹੀ ਨਾ ਲੱਗੇ ਕਿ ਕੀ ਕਰਾਂ? ਅੱਖਾਂ ਬੰਦ ਕਰਦਾ ਹਾਂ ਤਾਂ ਦੋਵੇਂ ਹੀ ਅੱਖਾਂ ਮੂਹਰੇ ਆ ਜਾਂਦੀਆਂ। ਈਰਾ ਕਰ ਕੇ ਰੀਤੂ ਦਾ ਪਲੜਾ ਭਾਰੀ ਹੈ। ਮੈਂ ਫੈਸਲਾ ਕਰ ਲਿਆ।

ਮੈਂ ਦੂਜੇ ਦਿਨ ਡਿਊਟੀ 'ਤੇ ਵੀ ਨਾ ਗਿਆ। ਰੀਤੂ ਨੂੰ ਵਿਸ਼ਵਾਸ ਦਿਵਾਉਣ ਵਿਚ ਲੱਗਾ ਰਿਹਾ। ਸ਼ਾਮ ਤਕ ਥੋੜ੍ਹਾ ਜਿਹਾ ਠੀਕ ਹੋਈ ਤਾਂ ਮੈਂ ਸੁੱਖ ਦਾ ਸਾਹ ਲਿਆ।

ਦੂਜੇ ਦਿਨ ਕੰਮ 'ਤੇ ਜਾ ਕੇ ਨੀਲਮ ਦਾ ਨੰਬਰ ਅਨਬਲੌਕ ਕੀਤਾ। ਨਾਲ ਦੀ ਨਾਲ ਉਹਦੇ ਮੈਸਿਜ ਆਉਣ ਲੱਗ ਪਏ। "ਠੀਕ ਹੋ ਤੁਸੀਂ...? ਕਿੱਥੇ ਸੀ...?"

"ਸ਼ਾਮ ਨੂੰ ਮਿਲਦਾ ਹਾਂ... ਬਹਿ ਕੇ ਗੱਲ ਕਰਾਂਗੇ... ਹੁਣ ਬਿਜ਼ੀ ਹਾਂ।" ਲਿਖ ਕੇ ਮੈਂ ਫੋਨ ਸਾਈਡ 'ਤੇ ਰੱਖ ਸਿਰ ਫੜ ਕੇ ਬਹਿ ਗਿਆ।

ਸ਼ਾਮ ਨੂੰ ਨੀਲਮ ਦੇ ਘਰ ਗਿਆ ਤਾਂ ਉਹ ਏਦਾਂ ਖੁਸ਼ ਹੋ ਕੇ ਮਿਲੀ ਜਿਵੇਂ ਨਿਆਣੇ ਨੂੰ ਕੋਈ ਮਨਪਸੰਦ ਚੀਜ਼ ਮਿਲ ਗਈ ਹੋਵੇ। "ਕਿੱਥੇ ਚਲੇ ਗਏ ਸੀ ਮੈਨੂੰ ਛੱਡ ਕੇ...ਮੇਰੀ ਤਾਂ ਜਾਨ ਹੀ ਨਿਕਲ ਗਈ ਸੀ...ਫੋਨ 'ਤੇ ਵੀ ਤੁਸੀਂ ਬਲੌਕ ਕਰ ਦਿੱਤਾ...ਪਤਾ ਵੀ ਆ ਕਿ ਮੇਰੇ 'ਤੇ ਕੀ ਬੀਤੀ?" ਉਹਨੇ ਸ਼ਿਕਾਇਤਾਂ ਦੀ ਝੜੀ ਲਾ ਦਿੱਤੀ।

"ਕੀ ਹੋਇਆ...?" ਮੇਰਾ ਬੁਝਿਆ ਚਿਹਰਾ ਦੇਖ ਕੇ ਉਹ ਇਕਦਮ ਸਹਿਮ ਗਈ।

ਮੈਂ ਸੋਫੇ 'ਤੇ ਬਹਿ ਗਿਆ। ਉਹ ਮੇਰੇ ਕੋਲ਼ ਹੀ ਬਹਿ ਗਈ। ਮੇਰਾ ਹੱਥ ਉਹਨੇ ਆਪਣੇ ਹੱਥਾਂ ਵਿਚ ਲੈ ਲਿਆ। "ਠੀਕ ਹੋ ਤੁਸੀਂ?" ਆਖ ਉਹ ਮੇਰਾ ਚਿਹਰਾ ਪੜ੍ਹਨ ਲੱਗੀ।

"ਯਾਰ ਜਿਸਦਾ ਡਰ ਸੀ ਉਹ ਹੀ ਹੋ ਗਿਆ।" ਆਖ ਮੈਂ ਉਹਨੂੰ ਸਾਰੀ ਗੱਲ ਸੁਣਾ ਦਿੱਤੀ। ਸੁਣ ਕੇ ਉਹ ਵੀ ਪ੍ਰੇਸ਼ਾਨ ਜਿਹੀ ਹੋ ਗਈ।

"ਹੁਣ, ਫਿਰ...?"

"ਮੈਂ ਜਾਣਦਾ ਹਾਂ ਕਿ ਤੂੰ ਮੈਨੂੰ ਬਹੁਤ ਪਿਆਰ ਕਰਦੀ ਏ... ਮੈਂ ਵੀ ਤੈਨੂੰ ਬੇਹੱਦ ਮੁਹੱਬਤ ਕਰਦਾ ਹਾਂ...ਪਰ, ਹੁਣ ਮੈਂ ਮਜਬੂਰ ਹਾਂ... ਮੈਂ ਸੋਚ ਲਿਆ ਕਿ ਮੈਂ ਇੱਥੇ ਹੀ ਸਭ ਕੁਝ ਖਤਮ ਕਰ ਦੇਵਾਂਗਾ।" ਮੈਂ ਉੱਠ ਕੇ ਖੜ੍ਹਾ ਹੋ ਗਿਆ। ਮੈਂ ਇਹ ਗੱਲ ਕਿਵੇਂ ਕਹੀ, ਮੇਰਾ ਦਿਲ ਹੀ ਜਾਣਦਾ ਹੈ।

"'ਕੱਲਿਆਂ ਨੇ ਹੀ ਫੈਸਲਾ ਲੈ ਲਿਆ... ਤੁਸੀਂ ਇਹ ਨਹੀਂ ਸੋਚਿਆ ਕਿ ਮੇਰਾ ਕੀ ਬਣੂ?... ਮੇਰਾ ਕਸੂਰ ਕੀ ਆ?... ਮੈਂ ਰਹਿ ਨਹੀਂ ਸਕਣਾ ਤੁਹਾਡੇ ਬਿਨਾਂ... ਪਲੀਜ਼ ਏਦਾਂ ਨਾ ਕਰੋ... ਤੁਸੀਂ ਮੇਰਾ ਇਕੋ ਇਕ ਜੀਣ ਦਾ ਸਹਾਰਾ ਹੋ...ਬਹੁਤ ਪਿਆਰ ਕਰਦੀ ਹਾਂ ਤੁਹਾਨੂੰ...ਪਲੀਜ਼ ਨਾ ਜਾਓ...।" ਉਹ ਰੋਂਦੀ ਤਰਲੇ ਪਾਉਣ ਲੱਗੀ।

ਮੇਰਾ ਖੜ੍ਹਨਾ ਮੁਸ਼ਕਲ ਹੋ ਗਿਆ। ਉਹ ਬੱਚੇ ਵਾਂਗ ਮੇਰੇ ਨਾਲ ਚਿੰਬੜ ਕੇ ਰੋਣ ਲੱਗੀ। ਮੈਂ ਆਪਣੇ ਅੱਥਰੂਆਂ ਨੂੰ ਅੰਦਰੋਂ ਅੰਦਰੀਂ ਡੀਕ ਲਿਆ। ਨੀਲਮ ਨੂੰ ਆਪਣੇ ਆਪ ਨਾਲੋਂ ਲਾਹ ਕੇ ਮੈਂ ਛੇਤੀ-ਛੇਤੀ ਉਹਦੇ ਘਰੋਂ ਬਾਹਰ ਹੋ ਗਿਆ।

ਘਰ ਆ ਕੇ ਚੈਨ ਨਾ ਮਿਲਿਆ। ਬੋਤਲ ਖੋਲ੍ਹ ਕੇ ਰੱਜ ਕੇ ਪੀਤੀ। ਪਰ ਨੀਲਮ ਦਾ ਚਿਹਰਾ ਇਕ ਪਲ ਲਈ ਵੀ ਨਾ ਭੁੱਲਿਆ। ਸਵੇਰੇ ਹੋਸ਼ ਆਈ ਤਾਂ ਰੀਤੂ ਫਿਰ ਕਲੇਸ਼ ਕਰਨ ਬਹਿ ਗਈ ਕਿ ਸਾਰੀ ਰਾਤ ਮੈਂ ਨੀਲਮ ਨੂੰ 'ਵਾਜਾਂ ਮਾਰਦਾ ਰਿਹਾ। ਉਹਦੀ ਕਿਸੇ ਗੱਲ ਦਾ ਜਵਾਬ ਦਿੱਤੇ ਬਿਨਾਂ ਮੈਂ ਡਿਊਟੀ 'ਤੇ ਆ ਗਿਆ। ਸਿਰ ਫਟ ਰਿਹਾ ਸੀ। ਸਭ ਕੁਝ ਨਾਰਮਲ ਹੁੰਦਾ ਤਾਂ ਛੁੱਟੀ ਲੈ ਕੇ ਘਰੇ ਰੈੱਸਟ ਕਰਦਾ। ਨੀਲਮ ਨੇ ਮੇਰੇ ਅੰਦਰ ਸੁੱਤੀ ਹੋਈ ਮੁਹੱਬਤ ਨੂੰ ਜਗਾ ਦਿੱਤਾ। ਮੈਨੂੰ ਪਤਾ ਏ ਕਿ ਮੈਂ ਉਹਨੂੰ ਬਹੁਤ ਪਿਆਰ ਕਰਦਾ ਹਾਂ। ਈਰਾ ਦੇ ਭਵਿੱਖ ਬਾਰੇ ਸੋਚ ਕੇ ਮੈਂ ਨੀਲਮ ਤੋਂ ਦੂਰ ਜਾਣ ਦਾ ਫੈਸਲਾ ਲਿਆ ਹੈ। ਮੇਰੀ ਪੂਰੀ ਖਿਝ ਮੇਰੇ ਨਾਲ ਦਿਆਂ 'ਤੇ ਨਿਕਲ ਰਹੀ ਹੈ। ਘਰ ਆਇਆ ਤਾਂ ਰੀਤੂ ਮੂੰਹ ਸੁਜਾਈ ਬੈਠੀ ਸੀ। ਉਹਨੂੰ ਪਹਿਲਾਂ ਵੀ ਕਿਹੜਾ ਕੋਈ ਫ਼ਰਕ ਪੈਂਦਾ ਸੀ। ਉਸ ਲਈ ਮੈਂ ਆਇਆ, ਨਾ ਆਇਆ ਇਕ ਬਰਾਬਰ ਹੁੰਦਾ ਹਾਂ। ਨਾ ਰੀਤੂ ਨੇ ਰੋਟੀ ਪੁੱਛੀ, ਨਾ ਮੈਂ ਖਾਧੀ। ਨੀਲਮ ਦਾ ਧਿਆਨ ਆਇਆ ਕਿ ਉਹਨੇ ਵੀ ਕੁਝ ਨਹੀਂ ਖਾਧਾ ਹੋਣਾ। ਨੀਲਮ ਮੇਰੇ ਲਈ ਕਿੰਨਾ ਕੁਝ ਬਣਾ ਕੇ ਰੱਖਦੀ ਸੀ। ਕਦੇ ਬਦਾਮਾਂ ਵਾਲਾ ਦੁੱਧ, ਕਦੇ ਸੂਜੀ ਤੇ ਵੇਸਣ ਦਾ ਹਲਵਾ, ਕਦੇ ਖੀਰ ਤੇ ਹੋਰ ਬਹੁਤ ਕੁਝ। ਮੇਰਾ ਕਿੰਨਾ ਧਿਆਨ ਰੱਖਦੀ ਏ, ਰੀਤੂ ਨੇ ਤਾਂ ਕਦੇ ਮੇਰੀ ਫਰਮਾਇਸ਼ 'ਤੇ ਵੀ ਕੁਝ ਨਹੀਂ ਬਣਾਇਆ।

ਮੈਂ ਵਰਦੀ ਬਦਲ ਕੇ ਚੁੱਪ ਕਰ ਕੇ ਕਮਰੇ ਵਿਚ ਬਹਿ ਗਿਆ। ਫੋਨ ਨੂੰ ਤਾਂ ਕੱਲ੍ਹ ਦਾ ਹੀ ਹੱਥ ਨਹੀਂ ਲਾਇਆ। ਟੀ.ਵੀ. ਆਨ ਕੀਤਾ ਪਰ ਕੁਝ ਵੇਖਣ ਨੂੰ ਵੀ ਮਨ ਰਾਜ਼ੀ ਨਾ ਹੋਇਆ। ਟੀ.ਵੀ. ਔਫ ਕੀਤਾ ਤੇ ਅੱਖਾਂ ਬੰਦ ਕਰ ਕੇ ਲੇਟ ਗਿਆ। ਨੀਲਮ ਦਾ ਚਿਹਰਾ ਅੱਖਾਂ ਮੂਹਰੇ ਆ ਗਿਆ। ਉਹ ਤਰਲੇ ਕਰਦੀ ਮੈਨੂੰ ਦਿਸੀ ਜਾਂਦੀ ਹੈ। ਰੀਤੂ ਕੋਲੋਂ ਰਾਤ ਵਾਲੀਆਂ ਗੱਲਾਂ ਸੁਣ ਕੇ ਅੱਜ ਬੋਤਲ ਚੱਕਣ ਦਾ ਵੀ ਜੇਰਾ ਨਾ ਪਿਆ। ਨੀਲਮ ਬਾਰੇ ਸੋਚ ਕੇ ਮੈਨੂੰ ਚੈਨ ਨਹੀਂ ਆ ਰਿਹਾ।

ਦੋ ਕੁ ਦਿਨ ਇਹੀ ਕਸ਼ਮਕਸ਼ ਵਿਚ ਬੀਤੇ। ਤੀਜੇ ਦਿਨ ਰੀਤੂ ਨੇ ਆਪਣੇ ਪੇਕਿਆਂ ਨੂੰ ਬੁਲਾ ਲਿਆ। ਉਹ ਵਾਰੀ-ਵਾਰੀ ਘਰ ਰੀਤੂ ਦੇ ਨਾਂ ਲਵਾਉਣ ਤੇ ਤਲਾਕ ਲਈ ਕਹਿਣ ਲੱਗੇ। ਘਰ ਦੇ ਤੇ ਤਲਾਕ ਦੇ ਪੇਪਰ ਲਿਆ ਕੇ ਰੀਤੂ ਨੇ ਮੇਰੇ ਮੂਹਰੇ ਰੱਖ ਦਿੱਤੇ। ਮੈਂ ਸਿਰਫ ਈਰਾ ਨੂੰ ਮੰਗਿਆ ਤੇ ਬਾਕੀ ਬਿਨਾਂ ਕਿਸੇ ਬਹਿਸ ਦੇ ਸਾਰੇ ਪੇਪਰਾਂ 'ਤੇ ਸਾਈਨ ਕਰ ਦਿੱਤੇ। ਮੇਰੇ ਮਨ ਤੋਂ ਮਣਾਂ ਮੂੰਹੀਂ ਭਾਰ ਲਹਿ ਗਿਆ। ਮੈਂ ਈਰਾ ਨੂੰ ਨਾਲ ਲਿਆ ਤੇ ਕਮਰੇ ਵਿਚੋਂ ਉਹ ਪੇਂਟਿੰਗ ਚੁੱਕੀ। ਕਾਰ ਵਿਚ ਪੇਂਟਿੰਗ ਰੱਖ ਕੇ ਕਾਰ ਨੀਲਮ ਦੇ ਘਰ ਵੱਲ ਮੋੜ ਲਈ। 000

***(#307 ਬਾਜਵਾ ਕਲੋਨੀ, ਨੇੜੇ DMW ਗੁਰਦੁਆਰਾ, ਪਟਿਆਲਾ 147 001***
***ਈਮੇਲ: kamal_sekhon@yahoo.com)***

# ਉਮਰ ਅਤੇ ਅਕਲ ਵਿਚ ਵੱਡਾ ਵੀਰ– ਰਾਜਪਾਲ ਸਿੰਘ:
## ਸ਼ਬਦ ਚਿੱਤਰ: ਰਾਜਿੰਦਰ ਪਾਲ ਸਿੰਘ ਬਰਾੜ

ਵੱਡਾ ਭਰਾ ਰਾਜਪਾਲ ਸਿੰਘ ਉਮਰ ਵਿਚ ਹੀ ਨਹੀਂ ਅਕਲ ਵਿਚ ਵੀ ਵੱਡਾ ਹੈ, ਉਹ ਨਾ ਪ੍ਰੋਫੈਸਰ ਹੈ ਅਤੇ ਨਾ ਡਾਕਟਰ ਹੈ ਪਰ ਇਹ ਗੱਲ ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਉਸ ਦੀ ਸਿਆਣਪ ਬਹੁਤਿਆਂ ਪ੍ਰੋਫੈਸਰਾਂ ਡਾਕਟਰਾਂ ਤੋਂ ਉੱਤੋਂ ਦੀ ਹੈ। ਕਿਉਂਕਿ ਦਾਸ ਨੇ ਸਾਰੀ ਉਮਰ ਪ੍ਰੋਫੈਸਰਾਂ ਡਾਕਟਰਾਂ ਵਿਚ ਪ੍ਰੋਫੈਸਰ ਡਾਕਟਰ ਬਣ ਕੇ ਹੀ ਕੱਢੀ ਹੈ। ਵੈਸੇ ਉਹ ਬੀਐੱਸਸੀ, ਬੀ ਐੱਡ, ਐੱਮ ਏ, ਐੱਮ ਐੱਡ ਹੈ, ਐੱਮ ਫਿਲ, ਪੀਐੱਚ ਡੀ ਕਰਨੀ ਵੀ ਉਸ ਲਈ ਕੋਈ ਔਖੀ ਗੱਲ ਨਹੀਂ ਸੀ ਪਰ ਡਿਗਰੀਆਂ ਇਕੱਠੀਆਂ ਕਰਨ ਨਾਲੋਂ ਗਿਆਨ ਗ੍ਰਹਿਣ ਕਰਨਾ ਅਤੇ ਪ੍ਰਚਾਰਨਾ ਉਸ ਨੂੰ ਚੰਗਾ ਲੱਗਦਾ ਸੀ। ਹੁਣ ਤਕ ਉਨ੍ਹਾਂ ਦੀਆਂ ਦਰਜਨ ਤੋਂ ਵੱਧ ਕਿਤਾਬਾਂ ਪ੍ਰਕਾਸ਼ਤ ਹੋ ਚੁੱਕੀਆਂ ਹਨ। ਇਨ੍ਹਾਂ ਵਿਚੋਂ 'ਪੰਜਾਬ ਦੀ ਇਤਿਹਾਸਕ ਗਾਥਾ' ਨੂੰ ਇਤਿਹਾਸ ਵਿਚ ਅਤੇ 'ਬਦਲਦੇ ਸੰਸਾਰ ਵਿਚ ਮਾਰਕਸਵਾਦ' ਵਾਲੀ ਪੁਸਤਕ ਨੂੰ ਰਾਜਨੀਤੀ ਵਿਗਿਆਨ ਵਿਚ ਸਹਿਜੇ ਹੀ ਡਾਕਟਰੇਟ ਦੇ ਬਰਾਬਰ ਮੰਨਿਆ ਜਾ ਸਕਦਾ ਹੈ, ਕਿਉਂਕਿ ਇਹ ਪੁਸਤਕਾਂ ਨਾ ਕੇਵਲ ਮੌਲਿਕ ਹੀ ਹਨ ਸਗੋਂ ਨਵੀਂ ਲੀਹ ਪਾਉਂਦੀਆਂ ਹਨ। ਉਨ੍ਹਾਂ ਨੇ ਵਿਗਿਆਨ ਨੂੰ ਪ੍ਰਚਾਰਨ, ਪ੍ਰਸਾਰਨ ਅਤੇ ਹਰਮਨ ਪਿਆਰਾ ਬਣਾਉਣ ਲਈ ਵੀ ਕਾਫੀ ਕੰਮ ਕੀਤਾ ਹੈ। ਉਨ੍ਹਾਂ ਪੁਸਤਕਾਂ ਹੀ ਨਹੀਂ ਲਿਖੀਆਂ ਸਗੋਂ ਸਮਾਜ ਸੱਭਿਆਚਾਰਕ ਮਸਲਿਆਂ ਨੂੰ ਵਿਗਿਆਨਕ ਨਜ਼ਰੀਏ ਤੋਂ ਦੇਖਣ ਦੀ ਵਿਧੀ ਵਿਕਸਤ ਕੀਤੀ ਹੈ। ਉਨ੍ਹਾਂ ਦਾ ਕੰਮ ਨਵਾਂ ਅਤੇ ਮੌਲਿਕ ਨਹੀਂ ਸਗੋਂ ਲੀਹ ਪਾੜ ਹੈ, ਜੜ੍ਹਤਾ ਮੂਲਕ ਪਰੰਪਰਾ ਦੀਆਂ ਧਜੀਆਂ ਉਡਾਉਣ ਵਾਲਾ ਹੈ। ਉਹ ਕੋਈ ਚਕਾਚੌਂਧ ਕਰਨ ਵਾਲੇ ਭੜਕਾਊ ਉਤੇਜਨਾ ਭਰਪੂਰ ਬਿਆਨ ਨਹੀਂ ਦਿੰਦੇ, ਫਤਵੇ ਜਾਰੀ ਨਹੀਂ ਕਰਦੇ, ਸਗੋਂ ਤੱਥਾਂ ਦਾ ਵਿਗਿਆਨਕ ਵਿਸ਼ਲੇਸ਼ਣ ਕਰਕੇ ਸਿੱਟੇ ਕੱਢਦੇ ਹਨ ਅਤੇ ਉਨ੍ਹਾਂ ਨੂੰ ਇਤਿਹਾਸਕ ਘਟਨਾਵਾਂ ਦੇ ਹਵਾਲਿਆਂ ਨਾਲ ਪੁਸ਼ਟ ਕਰਦੇ ਹਨ। ਉਹ ਚੰਗੇ ਬੁਲਾਰੇ ਹਨ, ਸਾਫ ਸਪਸ਼ਟ ਸ਼ਬਦਾਂ ਵਿਚ ਤੱਥ ਰੱਖਦੇ ਅਤੇ ਵਿਆਖਿਆ ਕਰਕੇ ਸਿੱਟੇ ਕੱਢਦੇ ਹਨ, ਪਰ ਉਨ੍ਹਾਂ ਦੇ ਭਾਸ਼ਣ ਵਿਚ ਭਾਵੁਕਤਾ ਗ਼ਾਇਬ ਹੁੰਦੀ ਹੈ।

ਮੈਂ ਬੌਧਿਕ ਤੌਰ 'ਤੇ ਜੋ ਕੁਝ ਵੀ ਹਾਂ ਉਸ ਦੀ ਘਾੜਤਿ ਮੇਰੇ ਵੱਡੇ ਵੀਰ ਰਾਜਪਾਲ ਨੇ ਘੜੀ ਹੈ ਪਰ ਤੁਸੀਂ ਹੈਰਾਨ ਹੋਵੋਗੇ ਕਿ ਉਸਨੇ ਮੈਨੂੰ ਕਦੇ ਸਕੂਲ ਟਾਈਮ ਤੋਂ ਇਕ ਅੱਖਰ ਵੀ ਆਪ ਨਹੀਂ ਪੜ੍ਹਾਇਆ, ਹਾਲਾਂਕਿ ਮੈਥੋਂ ਉਹ ਹੁਸ਼ਿਆਰ ਹੀ ਨਹੀਂ ਸੀ ਸਗੋਂ ਛੇ ਸੱਤ ਕਲਾਸਾਂ ਅੱਗੇ ਹੁੰਦੇ ਸੀ। ਮੈਨੂੰ ਯਾਦ ਹੈ ਕਿ ਬਚਪਨ ਵਿਚ ਮੈਨੂੰ ਕੋਈ ਸਵਾਲ ਨਾ ਆਉਣਾ, ਖਾਸ ਕਰਕੇ ਹਿਸਾਬ ਦਾ, ਤਾਂ ਮੈਂ ਸਮਝਾਉਣ ਲਈ ਆਖਣਾ। ਉਸਨੇ ਚੁੱਪ ਚਾਪ ਕਾਪੀ 'ਤੇ ਬਿਨਾਂ ਕੁਝ ਬੋਲੇ, ਬਿਨਾਂ ਦੱਸੇ ਸਵਾਲ ਕੱਢ ਦੇਣਾ। ਉਸ ਸਮੇਂ ਮੈਨੂੰ ਹੋਰ ਖਿੱਝ ਚੜ੍ਹ ਜਾਂਦੀ ਜਦੋਂ ਉਸਨੇ ਇਕਾਈ ਵਿਧੀ ਦੇ ਸਵਾਲ "ਐਕਸ" ਮੰਨ ਕੇ ਅਲਜਬਰੇ ਦੀ ਇਕੁਏਸ਼ਨ ਬਣਾ ਕੇ ਕੱਢ ਦੇਣਾ। ਮੈਂ ਪਿੱਛੇ ਉੱਤਰ ਮਿਲਾਉਣਾ ਤਾਂ ਉੱਤਰ ਸਹੀ ਹੋਣਾ ਪਰ ਮੇਰੇ ਕੁਝ ਪੱਲੇ ਨਾ ਪੈਣਾ, ਬਹੁਤ ਪੁੱਛਣ 'ਤੇ ਉਸਨੇ ਪੜਾਅ ਵਾਰ ਸਮਝਾ ਵੀ ਦੇਣਾ। ਉਸ ਦੀ ਅੰਗਰੇਜ਼ੀ ਪੰਜਾਬੀ ਦੋਹਾਂ ਦੀ ਲਿਖਾਈ ਮੋਤੀਆਂ ਵਰਗੀ ਹੈ ਜਦੋਂ ਕਿ ਮੈਨੂੰ ਕਈ ਵਾਰ ਖੁਦ ਦਾ ਲਿਖਿਆ, ਦੂਜੀ ਵਾਰ ਆਪ ਹੀ ਪੜ੍ਹਨ ਸਮੇਂ ਕਠਿਨਾਈ ਹੁੰਦੀ ਹੈ। ਮੇਰੀ ਲਿਖਾਈ ਸਿਰਫ ਚਰਨਜੀਤ ਕੌਰ ਹੀ ਪੜ੍ਹ ਸਮਝ ਸਕਦੀ ਹੈ। ਵੀਰ ਨੇ ਭੈੜੀ ਲਿਖਾਈ 'ਤੇ ਨੱਕ ਬੁੱਲ੍ਹ ਵੱਟਣੇ। ਮੇਰੀ ਡਰਾਇੰਗ ਬਹੁਤ ਹੀ ਮਾੜੀ ਸੀ, ਉਨ੍ਹਾਂ ਦੇ ਚਿੱਤਰ ਸੋਹਣੇ ਹੁੰਦੇ ਸੀ, ਇਸੇ ਕਰਕੇ ਮੈਨੂੰ ਹੁਣ ਤਕ ਲੱਗਦਾ ਹੈ ਕਿ ਉਨ੍ਹਾਂ ਨੇ ਮੇਰੇ ਪੜ੍ਹਨ ਲਿਖਣ ਨੂੰ ਕਦੇ ਸੀਰੀਅਸ ਨਹੀਂ ਲਿਆ ਪਰ

ਮੈਂ ਉਸ ਤੋਂ ਹੀ ਪੜ੍ਹਨਾ ਲਿਖਣਾ ਸਿੱਖਿਆ ਹੈ। ਇਕ ਤਾਂ ਮੇਰੇ ਮਨ ਵਿਚ ਅਚੇਤੇ ਹੀ ਕਿਤੇ ਰੀਸ ਪਈ ਹੋਵੇਗੀ ਕਿ ਵੱਡੇ ਵੀਰ ਨੇ ਜੇ ਬੀ ਐੱਸਸੀ ਮੈਡੀਕਲ ਕੀਤੀ ਹੈ ਤਾਂ ਮੈਂ ਵੀ ਕਰਾਂਗਾ, ਉਸ ਨੇ ਬੀ ਐੱਡ ਕੀਤੀ ਹੈ, ਮੈਂ ਵੀ ਕਰੂੰਗਾ। ਦੂਜਾ ਉਸਦੀ ਸਿਲੇਬਸ ਤੋਂ ਬਾਹਰ ਪੜ੍ਹਨ ਦੀ ਰੁਚੀ ਦੀ ਮੈਂ ਚੋਰੀਓਂ ਚੋਰੀ ਨਕਲ ਕਰਦਾ ਸੀ। ਪਹਿਲਾਂ ਉਹ ਰੋਮਾਂਟਕ ਜਸੂਸੀ ਨਾਵਲ ਲਿਆਉਂਦੇ, ਮੈਂ ਉਹ ਪੜ੍ਹ ਲੈਂਦਾ, ਉਹ ਸਾਹਿਤਕ ਰਸਾਲੇ 'ਆਰਸੀ', 'ਨਾਗਮਣੀ', 'ਸਿਰਜਣਾ','ਪ੍ਰੀਤ ਲੜੀ' ਲਿਆਉਂਦੇ, ਮੈਂ ਉਹ ਪੜ੍ਹ ਲੈਂਦਾ, ਅਚਾਨਕ ਹੀ ਉਸਨੇ ਰਾਜਸੀ ਰਸਾਲੇ 'ਜੈ ਸੰਘਰਸ਼', 'ਜੈਕਾਰਾ', 'ਪ੍ਰਚੰਡ', 'ਰੋਹਲੇਬਾਣ', 'ਸਮਤਾ', 'ਸਰਦਲ' ਲਿਆਉਣੇ ਸ਼ੁਰੂ ਕਰ ਦਿੱਤੇ। ਉਨ੍ਹਾਂ ਨੂੰ ਪੜ੍ਹਦਿਆਂ ਮੈਂ ਇਨਕਲਾਬੀ ਵਿਚਾਰਾਂ ਦਾ ਧਾਰਨੀ ਬਣਿਆ। ਉਨ੍ਹਾਂ ਨੇ ਮੈਨੂੰ ਨਾ ਕਦੇ ਕੁਝ ਪੜ੍ਹਨ ਨੂੰ ਆਖਿਆ, ਨਾ ਕਿਸੇ ਜਥੇਬੰਦੀ ਦਾ ਮੈਂਬਰ ਬਣਨ ਜਾਂ ਕਿਸੇ ਵਿਸ਼ੇਸ਼ ਵਿਅਕਤੀ ਜਾਂ ਪਾਰਟੀ ਨਾਲ ਕੰਮ ਕਰਨ ਲਈ ਆਖਿਆ। ਜਦੋਂ ਮੈਂ ਸਕੂਲ ਵਿਚ ਸੀ ਤਾਂ ਉਹ ਕਾਲਿਜ ਵਿਚ ਸੀ, ਜਦੋਂ ਮੈਂ ਕਾਲਿਜ ਵਿਚ ਸੀ ਤਾਂ ਉਹ ਨੌਕਰੀ ਵਿਚ ਸੀ। ਜਦੋਂ ਮੈਂ ਨੌਕਰੀ ਕਰਨ ਲੱਗਿਆ ਤਾਂ ਸਾਡੇ ਸ਼ਹਿਰ ਵੱਖਰੇ ਸਨ, ਮੈਂ ਪਟਿਆਲੇ ਆ ਗਿਆ ਸੀ, ਸ਼ਹਿਰ ਅਲੱਗ ਅਲੱਗ ਸਨ ਪਰ ਹਰ ਥਾਂ, ਉਸਦੀ ਮੇਰੇ 'ਤੇ ਛਾਪ ਸੀ, ਇਕ ਤਰ੍ਹਾਂ ਨਾਲ ਉਸਦੀ ਕਾਰਬਨ ਕਾਪੀ। ਉਹ ਰੋਮਾਂਟਕ, ਸਾਹਿਤਕ ਅਤੇ ਇਨਕਲਾਬੀ ਸਰਗਰਮੀਆਂ ਘਰਦਿਆਂ ਤੋਂ ਚੋਰੀ ਕਰਦਾ ਸੀ ਤਾਂ ਮੈਂ ਉਹੀ ਕੁਝ ਘਰਦਿਆਂ ਅਤੇ ਉਸ ਤੋਂ ਚੋਰੀ ਕਰਦਾ ਸੀ। ਇੰਝ ਮੇਰੀ ਘਾੜਤ ਘੜੀ ਗਈ। ਜੇ ਉਹ ਘਰ ਸਾਹਿਤਕ ਅਤੇ ਇਨਕਲਾਬੀ ਸਾਹਿਤ ਨਾ ਲਿਆਉਂਦੇ ਤਾਂ ਸ਼ਾਇਦ ਮੈਂ ਹੋਰ ਪੇਂਡੂ ਜੱਟਾਂ ਦੇ ਮੁੰਡਿਆਂ ਵਰਗਾ ਹੀ ਬਣ ਜਾਣਾ ਸੀ। ਉਹ ਕਾਲਿਜ ਸਮੇਂ ਫਿਲਮਾਂ ਵੇਖਦੇ ਤੇ ਉਨ੍ਹਾਂ ਨੂੰ ਮਿਤੀ ਸਮੇਤ ਨਿੱਜੀ ਰਜਿਸਟਰਨੁਮਾ ਡਾਇਰੀ ਵਿਚ ਦਰਜ ਕਰਦੇ ਸੀ, 'ਸਤਲੁਜ ਦੇ ਕੰਢੇ', 'ਪ੍ਰੋਫੈਸਰ', 'ਪਾਕੀਜ਼ਾ', 'ਕਣਕਾਂ ਦੇ ਓਹਲੇ', 'ਤਪੱਸਿਆ' ਕੁਝ ਫਿਲਮਾਂ ਦੇ ਨਾਮ ਮੈਨੂੰ ਹੁਣ ਤਕ ਯਾਦ ਹਨ ਕਿਉਂਕਿ ਮੈਂ ਇਹ ਲਿਸਟ ਅਕਸਰ ਹਰ ਹਫ਼ਤੇ ਪੜ੍ਹਦਾ ਸੀ ਕਿ ਇਸ ਹਫ਼ਤੇ ਉਨ੍ਹਾਂ ਨੇ ਕਿਹੜੀ ਨਵੀਂ ਫਿਲਮ ਵੇਖੀ ਹੈ। ਇਕ ਵਾਰ ਉਨ੍ਹਾਂ ਨੇ ਆਲ ਇੰਡੀਆ ਰੇਡੀਓ ਦੀ ਉਰਦੂ ਸਰਵਿਸ ਵੱਲੋਂ ਪਾਕਿਸਤਾਨ ਲਈ ਪੇਸ਼ ਕੀਤੇ ਜਾਂਦੇ, ਇਕੋ ਇਕ ਪੰਜਾਬੀ ਪ੍ਰੋਗਰਾਮ ਦੇਸ਼ ਪੰਜਾਬ ਲਈ ਲੰਮਾ ਖਤ ਵੀ ਲਿਖਿਆ ਸੀ ਜੋ ਕਿ ਅਨਾਉਂਸਰ ਨੂੰ ਏਨਾ ਪਸੰਦ ਆਇਆ ਕਿ ਉਸ ਨੇ ਦੋ ਵਾਰ ਪੜ੍ਹਿਆ ਸੀ। ਇਕ ਵਾਰ ਅੱਜ ਦੀ ਸਾਈਬਰ ਠੱਗੀ ਵਰਗੇ ਡਾਕ ਰਾਹੀਂ, ਠੱਗੀ ਦਾ ਸ਼ਿਕਾਰ ਵੀ ਹੋਏ। ਕਿਸੇ ਅਖਬਾਰ ਵਿਚ ਪਹੇਲੀ (ਕਰਾਸਵਰਡ) ਹੱਲ ਕਰਕੇ ਭੇਜੀ ਤਾਂ ਕਿਸੇ ਕੰਪਨੀ ਨੇ ਕੈਮਰਾ ਇਨਾਮ ਮਿਲਣ ਦੀ ਸੂਚਨਾ ਦਿੱਤੀ ਅਤੇ ਡਾਕ ਖਰਚ ਵਜੋਂ ਕੁਝ ਪੈਸੇ ਮਨੀਆਰਡਰ ਰਾਹੀਂ ਮੰਗਵਾਏ, ਪੈਸੇ ਭੇਜ ਦਿੱਤੇ ਅਤੇ ਕੰਪਨੀ ਪੈਸਾ ਹਜ਼ਮ ਕਰ ਗਈ, ਉਹ ਕੈਮਰਾ ਕਦੇ ਨਾ ਆਇਆ। ਸਕੂਲ ਵਿਦਿਆਰਥੀ ਹੁੰਦਿਆਂ ਇੱਕ ਵਾਰ ਉਹ ਜਨਮ ਅਸ਼ਟਮੀ ਦਾ ਰੌਣਕ ਮੇਲਾ ਦੇਖਣ ਮੰਦਰ ਵਿਚ ਚਲੇ ਗਏ, ਵਾਪਸ ਆਏ ਤਾਂ ਨਵੀਆਂ ਚਮੜੇ ਦੀਆਂ ਚੱਪਲਾਂ ਦਾ ਜੋੜਾ ਗ਼ਾਇਬ ਸੀ, ਉਹ ਕਿਸੇ ਦੀਆਂ ਪੁਰਾਣੀਆਂ ਘਸੀਆਂ ਰਬੜ ਦੀਆਂ ਚੱਪਲਾਂ ਪਾ ਕੇ ਆ ਗਏ । ਬੀਬੀ ਆਪਣੇ ਸੁਭਾਅ ਅਨੁਸਾਰ ਲੜੀ ਅਤੇ ਕਹਿਣ ਲੱਗੀ "ਜਦੋਂ ਚੱਕਣ ਹੀ ਲੱਗਿਆ ਸੀ ਚੱਜ ਦੀਆਂ ਤਾਂ ਚੱਕਦਾ", ਉਨ੍ਹਾਂ ਭੋਲ਼ੇ ਭਾਅ ਜੁਆਬ ਦਿੱਤਾ, "ਮੈਂ ਕਿਹੜਾ ਚੱਪਲਾਂ ਚੁੱਕਣ ਗਿਆ ਸੀ ਜਦੋਂ ਮੇਰੀਆਂ ਕੋਈ ਲੈ ਗਿਆ ਤਾਂ ਨੰਗੇ ਪੈਰੀਂ ਤਾਂ ਆਉਣਾ ਨਹੀਂ ਸੀ, ਮੈਂ ਮਾੜੀਆਂ ਜਿਹੀਆਂ ਪਾ ਲਿਆਇਆ"।

ਉਹ ਹੁਸ਼ਿਆਰ ਤੇ ਇਮਾਨਦਾਰ ਹਨ, ਉਨ੍ਹਾਂ ਦਾ ਇਕ ਦੋਸਤ ਡਾਕਟਰ ਬਣ ਗਿਆ ਕਿਉਂਕਿ ਉਨ੍ਹਾਂ ਦੇ ਪਰਿਵਾਰ ਨੇ ਡੋਨੇਸ਼ਨ ਦੇ ਕੇ ਸੀਟ ਲੈ ਲਈ ਸੀ, ਸਾਡੇ ਘਰ ਵੀ ਜ਼ਮੀਨ ਗਹਿਣੇ ਕਰਕੇ ਡੋਨੇਸ਼ਨ ਦੇਣ ਦੀ ਸਕੀਮ ਬਣੀ ਪਰ ਫਿਰ ਜੱਕੋਤੱਕੀ ਵਿਚ ਰੱਦ ਕਰ ਦਿੱਤੀ। ਉਨ੍ਹਾਂ ਦਾ ਇਕ ਦੋਸਤ ਆਈ ਐੱਫ ਐੱਸ ਵਿਚ ਰਿਜ਼ਰਵੇਸ਼ਨ ਕਰਕੇ ਸੀਲੈਕਟ ਹੋ ਗਿਆ। ਉਸਨੇ ਇਨ੍ਹਾਂ ਗੱਲਾਂ ਦਾ

ਕਦੇ ਝੋਰਾ ਨਹੀਂ ਲਾਇਆ। ਉਨ੍ਹਾਂ ਨੇ ਨੌਕਰੀ ਵਿਚ ਆ ਕੇ ਦੋ ਵਾਰ ਪੀ ਸੀ ਐੱਸ ਦਾ ਇਮਤਿਹਾਨ ਪਾਸ ਕੀਤਾ ਪਰ ਇੰਟਰਵਿਊ ਵਿਚ ਪੈਸੇ ਨਾ ਦੇਣ ਕਾਰਨ ਸਿਲੈਕਟ ਨਹੀਂ ਹੋਏ। ਇਕ ਚੇਅਰਮੈਨ ਦੇ ਇਮਾਨਦਾਰ ਹੋਣ ਦੀ ਬੜੀ ਧੁੰਮ ਸੀ, ਮੈਂ ਯੂਨੀਵਰਸਿਟੀ ਵਿਚ ਆ ਚੁੱਕਿਆ ਸੀ, ਮੇਰੇ ਇਕ ਜਾਣ ਪਛਾਣ ਵਾਲੇ ਨੇ ਵੀ ਟੈੱਸਟ ਕਲੀਅਰ ਕੀਤਾ ਸੀ ਅਤੇ ਪੈਸੇ ਦੇਣ ਦੀ ਗੱਲ ਕਰ ਰਿਹਾ ਸੀ, ਉਹ ਸਿਲੈਕਟ ਵੀ ਹੋਇਆ ਅਤੇ ਬਾਅਦ ਵਿਚ ਭ੍ਰਿਸ਼ਟ ਅਧਿਕਾਰੀ ਬਣਿਆ। ਜਦੋਂ ਮੈਂ ਇਹ ਗੱਲ ਰਾਜਪਾਲ ਨਾਲ ਕੀਤੀ ਤਾਂ ਉਸਨੇ ਕੁਝ ਇਸ ਤਰ੍ਹਾਂ ਆਖਿਆ ਕਿ ਮੈਂ ਪਹਿਲਾਂ ਹੀ ਸਰਕਾਰੀ ਨੌਕਰੀ ਵਿਚ ਹਾਂ, ਗੁਜ਼ਾਰਾ ਚੱਲੀ ਜਾਂਦਾ ਹੈ, ਆਪਾਂ ਤਾਂ ਪ੍ਰਬੰਧ ਸੁਧਾਰਨ ਲਈ ਅਫਸਰੀ ਕਰਨੀ ਸੀ ਜੇ ਆਰੰਭ ਹੀ ਪੈਸੇ ਦੇ ਕੇ ਹੋਇਆ ਤਾਂ ਕੀ ਫਾਇਦਾ? ਖੈਰ, ਉਸਨੇ ਸਾਰਾ ਜੀਵਨ ਹੀ ਪੜ੍ਹਨ ਲਿਖਣ ਨੂੰ ਸਮਰਪਤ ਕੀਤਾ ਹੋਇਆ ਹੈ। ਵੈਸੇ ਮੈਂ ਸਮਝਦਾਂ ਕਿ ਚੰਗਾ ਹੀ ਹੋਇਆ ਪ੍ਰਸ਼ਾਸਨ ਉਨ੍ਹਾਂ ਦੇ ਵੱਸ ਦਾ ਕੰਮ ਨਹੀਂ ਸੀ। ਕੁਝ ਦੇਰ ਲਈ ਉਸਨੂੰ ਇੰਚਾਰਜ ਵਜੋਂ ਸਕੂਲ ਪ੍ਰਿੰਸੀਪਲ ਦਾ ਪ੍ਰਬੰਧ ਸੰਭਾਲਣਾ ਪਿਆ ਤਾਂ ਅਨੁਭਵ ਕੋਈ ਬਹੁਤਾ ਵਧੀਆ ਨਹੀਂ ਸੀ। ਅਸਲ ਵਿਚ ਉਹ ਖੁਦ ਇਮਾਨਦਾਰੀ ਅਤੇ ਮਿਹਨਤ ਨਾਲ ਕੰਮ ਕਰਦੇ ਹਨ ਅਤੇ ਦੂਜਿਆਂ ਤੋਂ ਵੀ ਅਜਿਹੀ ਹੀ ਤਵੱਕੋ ਰੱਖਦੇ ਹਨ, ਜਦੋਂ ਕਿ ਦੁਨੀਆ ਰੰਗ ਬਿਰੰਗੀ ਹੈ, ਨਾ ਚੰਗੀ ਹੈ ਨਾ ਮੰਦੀ ਹੈ ਪਰ ਉਹ ਕਿਸੇ ਨਾਲ ਲੜਦੇ ਝਗੜਦੇ ਜਾਂ ਸਾਜ਼ਿਸ਼ਾਂ ਨਹੀਂ ਕਰਦੇ ਸਗੋਂ ਚੁੱਪ ਚੁਪੀਤੇ ਕਿਨਾਰਾ ਕਰ ਲੈਂਦੇ ਹਨ। ਉਨ੍ਹਾਂ ਨੇ ਕਈ ਰਿਸ਼ਤੇਦਾਰੀਆਂ, ਸਹਿਕਰਮੀਆਂ ਅਤੇ ਦੋਸਤਾਂ ਨਾਲ ਇਉਂ ਹੀ ਦੂਰੀ ਬਣਾਈ ਹੈ, ਜੋ ਬੰਦਾ ਉਸਨੂੰ ਪਸੰਦ ਨਹੀਂ ਉਹ ਉਸ ਨੂੰ ਛੱਡ ਦਿੰਦੇ ਹਨ ਅਤੇ ਉਸ ਮਾੜੇ ਨੂੰ ਪਸੰਦ ਕਰਨ ਵਾਲਿਆਂ ਨੂੰ ਵੀ ਛੱਡ ਦਿੰਦੇ ਹਨ।

ਖਾੜਕੂ ਦੌਰ ਸਮੇਂ ਉਨ੍ਹਾਂ ਨੂੰ ਧਮਕੀਆਂ ਵੀ ਮਿਲਦੀਆਂ ਰਹੀਆਂ ਪਰ ਉਹ ਨਾ ਡਰੇ, ਨਾ ਡੋਲੇ, ਵਿਚਾਰ ਵੀ ਨਹੀਂ ਛੱਡੇ ਬਸ ਸਰਗਰਮੀਆਂ ਨਰਮ ਕਰ ਦਿੱਤੀਆਂ ਅਤੇ ਕੁਝ ਹੋਰ ਪੇਸ਼ਬੰਦੀਆਂ ਕਰ ਲਈਆਂ ਸਨ। ਪੰਜਾਬ ਵਿਚ ਜੋਤਸ਼ੀ, ਵਹਿਮਾਂ ਭਰਮਾਂ ਨੂੰ ਫੈਲਾਉਣ ਵਾਲੇ ਖਾਸ ਕਰਕੇ ਪੁੱਛਾਂ ਦੇਣ ਵਾਲੇ ਬਾਬੇ ਤਰਕਸ਼ੀਲ ਸੁਸਾਇਟੀ ਦੇ ਕੰਮਾਂ ਕਾਰਾਂ ਅਤੇ ਵਿਚਾਰਾਂ ਤੋਂ ਬਹੁਤ ਦੁਖੀ ਸਨ। ਅਜਿਹੇ ਹੀ ਇਕ ਸਥਾਨਕ ਪੁੱਛਾਂ ਦੇਣ ਵਾਲੇ ਬਾਬੇ ਨੇ ਆਪਣਾ ਤੇਜ਼ ਤਰਾਰ ਮੁੰਡਾ ਖਾੜਕੂਆਂ ਨਾਲ ਮੇਲ-ਜੋਲ ਰੱਖਣ ਵਾਲੇ ਗਰੁੱਪ ਨਾਲ ਉੱਠਣ ਬੈਠਣ ਲਾ ਦਿੱਤਾ। ਉਨ੍ਹਾਂ ਰਾਹੀਂ ਉਸ ਨੇ ਰਾਜਪਾਲ ਅਤੇ ਇਕ ਦੋ ਹੋਰ ਅਧਿਆਪਕਾਂ ਬਾਰੇ ਇਹ ਕੰਨ ਭਰੇ ਕਿ ਇਹ ਖਾੜਕੂਆਂ ਦੇ ਵਿਰੋਧੀ ਪ੍ਰਚਾਰ ਕਰਦੇ ਹਨ। ਸਿੱਟੇ ਵਜੋਂ ਉਹ ਖਾੜਕੂ ਗਰੁੱਪ ਇਹਨਾਂ ਨੂੰ ਧਮਕੀਆਂ ਦੇਣ ਲੱਗਿਆ ਅਤੇ ਇਕ ਦੋ ਵਾਰ ਤਾਂ ਉਹ ਬੰਦੇ ਮਾੜੀ ਨੀਤ ਨਾਲ ਆਪਣੇ ਟੋਲੇ ਸਮੇਤ ਸਕੂਲ ਵੀ ਆਏ। ਪਰ ਸਕੂਲ ਵਿਚ ਨਾ ਹੋਣ ਜਾਂ ਇਧਰ ਉਧਰ ਹੋ ਜਾਣ ਨਾਲ ਬਚਾਅ ਹੋ ਗਿਆ। ਦਿਲਚਸਪ ਗੱਲ ਹੈ ਕਿ ਉਹ ਮੁੰਡਾ ਜਦ ਕਾਲਿਜ ਪਹੁੰਚਿਆ ਤਾਂ ਉੱਥੇ ਤਰਕਸ਼ੀਲ ਵਿਚਾਰਾਂ ਦੀਆਂ ਪੁਸਤਕਾਂ ਪੜ੍ਹ ਕੇ ਉਸ ਨੂੰ ਆਪਣੇ ਕੀਤੇ 'ਤੇ ਅਫਸੋਸ ਹੋਇਆ ਅਤੇ ਉਹ ਘਰ ਆ ਕੇ ਮਾਫੀ ਵੀ ਮੰਗ ਕੇ ਗਿਆ। ਇਸੇ ਪ੍ਰਕਾਰ ਇਕ ਵਾਰ ਇਹ ਧਮਕੀ ਭਰੀ ਚਿੱਠੀ ਆਈ ਕਿ ਹਰੀਆਂ ਵੇਲਾਂ ਵਾਲਿਆਂ ਦੇ ਡੇਰੇ ਪਹੁੰਚੋ ਨਹੀਂ ਤਾਂ ਸੋਧ ਦਿੱਤੇ ਜਾਉਗੇ, ਮੈਂ ਅਤੇ ਅਸ਼ੋਕ ਕੁਮਾਰ ਕਿਸੇ ਜਾਣੂ ਨੂੰ ਨਾਲ ਲੈ ਕੇ ਹਰੀਆਂ ਵੇਲਾਂ ਵਾਲਿਆਂ ਦੇ ਡੇਰੇ ਗਏ ਤਾਂ ਉਨ੍ਹਾਂ ਕਿਹਾ ਇਹ ਚਿੱਠੀ ਜਾਅਲੀ ਹੈ, ਅਸੀਂ ਇਹੋ ਜਿਹੀਆਂ ਚਿੱਠੀਆਂ ਨਹੀਂ ਲਿਖਦੇ। ਉਹ ਜ਼ਮਾਨਾ ਹੀ ਇਹੋ ਜਿਹਾ ਸੀ।

ਮੇਰੇ ਨਾਲ ਕਦੇ ਨਹੀਂ ਲੜੇ ਪਰ ਇਕ ਵਾਰ ਕਿਸੇ ਗੱਲ ਤੋਂ ਮੇਰੇ ਨਾਲ ਨਾਰਾਜ਼ ਹੋ ਗਏ। ਉਨ੍ਹਾਂ ਪਹਿਲਾਂ ਮਿਲਣਾ ਛੱਡਿਆ, ਜੇ ਮਿਲ ਗਏ ਤਾਂ ਬੁਲਾਉਣਾ ਘੱਟ ਕਰ ਦਿੱਤਾ ਅਤੇ ਅਖੀਰ ਵਿਚ ਆਪਣੇ ਛੋਟੇ ਬੇਟੇ ਦੇ ਵਿਆਹ ਉੱਤੇ ਵੀ ਨਹੀਂ ਸੱਦਿਆ। ਸਾਂਝੇ ਦੋਸਤ ਦੁਖੀ ਹੋ ਕੇ ਪੁੱਛਦੇ ਕੋਈ ਜਾਇਦਾਦ ਦਾ ਝਗੜਾ ਹੈ? ਮੈਂ ਦੱਸਦਾ ਅਜਿਹੀ ਕੋਈ ਗੱਲ ਨਹੀਂ, ਉਹ ਸਾਂਝੀ ਜ਼ਮੀਨ ਦੇ ਠੇਕੇ ਦਾ ਹਿਸਾਬ ਪੂਰੇ ਸਹੀ ਢੰਗ ਨਾਲ ਲਿਖਕੇ, ਬਿਨਾਂ ਮੰਗੇ ਹੀ ਡਾਕ ਰਾਹੀਂ ਚੈੱਕ ਭੇਜ ਦਿੰਦੇ ਹਨ ਜਾਂ ਕਿਸੇ

ਆਏ ਗਏ ਦੇ ਹੱਥ ਨਗਦ ਭੇਜ ਦਿੰਦੇ ਹਨ। ਅਗਲੇ ਨੇ ਪੁੱਛਣਾ ਕਿਸੇ ਸਮੇਂ ਕੋਈ ਵਿਸ਼ੇਸ ਗੱਲ ਹੋਈ ਸੀ, ਕੋਈ ਗੱਲ ਹੋਵੇ ਤਾਂ ਦੱਸੀਏ। ਹੌਲ਼ੀ ਹੌਲ਼ੀ ਉਹ ਫੇਰ ਮਿਲਣ ਲੱਗੇ। ਜ਼ਮੀਨ ਜਾਇਦਾਦ ਘਰ ਬਾਰ ਅਤੇ ਕਾਰੋਬਾਰ ਬਾਰੇ ਅਕਸਰ ਸਲਾਹ ਮਸ਼ਵਰਾ ਕਰਨ ਲੱਗੇ। ਚਰਨਜੀਤ ਕੌਰ ਦੇ ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ ਵਿਚ ਗੁਰੂ ਨਾਨਕ ਦੇਵ ਜੀ ਚੇਅਰ ‘ਤੇ ਨਿਯੁਕਤ ਹੋਣ ਸਮੇਂ ਉਹ ਉੱਥੇ ਉਨ੍ਹਾਂ ਕੋਲ਼ ਪਰਿਵਾਰ ਵਿਚ ਹੀ ਰਹੀ।

ਮੇਰੀ ਭਾਬੀ ਸ਼ਿੰਦਰਪਾਲ ਸੋਹਣੀ ਸੁਨੱਖੀ ਜੇ ਬੇ ਟੀ ਪਾਸ ਸੀ। ਉਸਨੇ ਕੋਈ ਅੱਗੇ ਪੜ੍ਹਨ ਲਈ ਬਹੁਤੀ ਤਮੰਨਾ ਵੀ ਜ਼ਾਹਰ ਨਹੀਂ ਕੀਤੀ ਤੇ ਰਾਜਪਾਲ ਨੇ ਵੀ ਕੋਈ ਬਹੁਤਾ ਤਰੱਦਦ ਨਹੀਂ ਕੀਤਾ, ਦੋਵਾਂ ਦੀ ਸੋਹਣੀ ਨਿਭਦੀ ਹੈ। ਭਾਬੀ ਨੂੰ ਸਰਕਾਰੀ ਅਧਿਆਪਕ ਦੀ ਨੌਕਰੀ ਥੋੜ੍ਹੀ ਦੇਰ ਨਾਲ ਮਿਲੀ ਸੀ। ਉਨ੍ਹਾਂ ਦੇ ਘਰ ਦੋ ਪੁੱਤਰ ਹਨ। ਵੱਡਾ ਪੁੱਤਰ ਅਮਨਦੀਪ ਸਿੰਘ ਸੈਂਟਰਲ ਯੂਨੀਵਰਸਿਟੀ ਬਠਿੰਡਾ ਵਿਚ ਪੰਜਾਬੀ ਦਾ ਪ੍ਰੋਫੈਸਰ ਹੈ ਅਤੇ ਨੂੰਹ ਰਾਣੀ ਸੰਦੀਪ ਕੌਰ ਮੈਥ ਦੀ ਪ੍ਰੋਫੈਸਰ ਹੈ ਤੇ ਪੋਤਰੀ ਆਇਰਾ ਸਕੂਲ ਪੜ੍ਹਦੀ ਹੈ, ਵੀਰ ਅਤੇ ਭਾਬੀ ਅੱਜ ਕੱਲ੍ਹ ਉਨ੍ਹਾਂ ਨਾਲ ਹੀ ਬਠਿੰਡੇ ਹਾਊਸ ਫੈਡ ਕਲੋਨੀ ਵਿਚ ਰਹਿੰਦੇ ਹਨ। ਛੋਟਾ ਸ਼ਰਨਦੀਪ ਸਿੰਘ ਬੀਟੈੱਕ ਕਰ ਕੇ ਮੋਹਾਲੀ ਵਿਚ ਵੈੱਬ ਡਿਜ਼ਾਇਨਿੰਗ ਦੀ ਕੰਪਨੀ ਚਲਾਉਂਦਾ ਹੈ। ਉਸ ਦੀ ਘਰਵਾਲੀ ਹਰਜੀਤ ਕੌਰ ਸਕੂਲ ਟੀਚਰ ਹੈ ਅਤੇ ਉਨ੍ਹਾਂ ਦੇ ਦੋ ਪੁੱਤਰ ਅਰਨਵ ਤੇ ਇਵਾਨ ਹਨ। ਭਰਾ ਭਾਬੀ ਦੋਹਾਂ ਦੀ ਪੈਨਸ਼ਨ ਆਉਂਦੀ ਹੈ, ਠੇਕਾ ਆਉਂਦਾ ਹੈ। ਇਕ ਤਰ੍ਹਾਂ ਨਾਲ ਇਹ ਕਿਹਾ ਜਾ ਸਕਦਾ ਕਿ ਉਹ ਮੱਧ ਵਰਗੀ ਸੁਖੀ ਪਰਿਵਾਰ ਹੈ। ਉਨ੍ਹਾਂ ਨੂੰ ਕੋਈ ਵੱਡੀ ਸਰੀਰਕ ਬਿਮਾਰੀ ਨਹੀਂ ਹੈ, ਆਮ ਸਾਹ ਦੀ ਐਲਰਜੀ ਵਾਲਾ ਨਜ਼ਲਾ ਅਤੇ ਗਠੀਏ ਦੀ ਸ਼ਿਕਾਇਤ ਹੈ। ਇਸ ਲਈ ਉਹ ਸਟੀਅਰਾਇਡ ਲੈਣ ਤੋਂ ਵੀ ਗੁਰੇਜ਼ ਨਹੀਂ ਕਰਦੇ। ਉਨ੍ਹਾਂ ਦਾ ਮੱਤ ਹੈ ਕਿ ਜਿੰਨੀ ਦੇਰ ਜਿਉਣਾ ਹੈ, ਮੜਕ ਨਾਲ ਭਾਵ ਕੁਆਲਿਟੀ ਲਾਈਫ ਜਿਉਣੀ ਚਾਹੀਦੀ ਹੈ। ਹੋਰ ਆਖਦੇ ਹਨ ਅੱਜ ਜਿਹੜੀ ਉਮਰ ਭੋਗ ਰਹੇ ਹਾਂ, ਸਭ ਵਿਗਿਆਨ ਦੀ ਮਿਹਰਬਾਨੀ ਨਾਲ ਹੀ ਭੋਗ ਰਹੇ ਹਾਂ। ਵੈਸੇ ਵੀ ਉਨ੍ਹਾਂ ਨੂੰ ਰੱਬ ਦੀ ਥਾਂ ਵਿਗਿਆਨ ‘ਤੇ ਹੀ ਭਰੋਸਾ ਹੈ।

ਉਹ ਬਹੁਤਾ ਘੁੰਮਣ ਫਿਰਨ ਦੇ ਸ਼ੌਕੀਨ ਨਹੀਂ ਹਨ, ਉਹ ਅਜੇ ਤਕ ਦੇਸੋਂ ਬਾਹਰ ਨਹੀਂ ਗਏ, ਭਾਬੀ ਦਾ ਇਕ ਭਰਾ ਆਸਟਰੇਲੀਆ ਰਹਿੰਦਾ ਹੈ, ਵੀਜ਼ਾ ਵੀ ਲੱਗਿਆ ਸੀ ਪਰ ਗਏ ਨਹੀਂ। ਯੂਰਪ ਜਾਂ ਅਮਰੀਕਾ ਕਨੇਡਾ ਜਾਣ ਦੀ ਕਦੇ ਸਿੱਕ ਨਹੀਂ ਕੀਤੀ, ਦੇਸ਼ ਵਿਚ ਵੀ ਕਿਸੇ ਕਾਨਫਰੰਸ ਦੇ ਬਹਾਨੇ ਭਾਵਾਂ ਘੁੰਮ ਆਉਣ ਪਰ ਉਚੇਚ ਕਰ ਕੇ ਨਹੀਂ ਕਿਤੇ ਜਾਂਦੇ। ਮੈਂ ਸਮਝਦਾਂ ਕਿ ਵਿਦਿਆਰਥੀ ਜੀਵਨ ਸਮੇਂ ਸ਼ਾਇਦ ਬਹੁਤੇ ਸਾਧਨ ਨਹੀਂ ਸਨ, ਫਿਰ ਵੀ ਨੈਨੀਤਾਲ ਦਾ ਟੂਰ ਲਗਾ ਆਏ ਸੀ ਪਰ ਹੁਣ ਭਾਵੇਂ ਸਾਧਨ ਬਹੁਤ ਹਨ ਪਰ ਸ਼ਾਇਦ ਮਨ ਨਹੀਂ ਹੈ, ਜ਼ਿਆਦਾ ਮਨ ਪੜ੍ਹਨ ਲਿਖਣ ਵਿਚ ਹੀ ਹੈ।

ਉਹ ਸਹਿਜਤਾ, ਸ਼ਾਲੀਨਤਾ, ਸ਼ਾਇਸਤਗੀ ਦਾ ਮੁਜੱਸਮਾ ਹੈ, ਉਹ ਮੈਥੋਂ ਵੱਡਾ ਸੀ ਪਰ ਮੈਨੂੰ ਨਹੀਂ ਯਾਦ ਕਿ ਉਸਨੇ ਕਦੇ ਮੈਨੂੰ ਕੁੱਟਿਆ ਹੋਵੇ ਜਾਂ ਝਿੜਕਿਆ ਹੋਵੇ। ਉਹ ਹਮੇਸ਼ਾ ਵੱਡੇ ਹੋਣ ਦੀ ਵਿੱਥ ‘ਤੇ ਵਿਚਰਦਾ ਸੀ। ਉਹੇ ਅੱਜ ਤਕ ਵੀ, ਇਥੋਂ ਤਕ ਕਿ ਦਾਰੂ ਪੀ ਕੇ ਵੀ, ਕਦੇ ਮੇਰਾ ਬਾਈ ਨਹੀਂ ਬਣਿਆ, ਕਦੇ ਘੁੱਟ ਕੇ ਜੱਫੀ ਨਹੀਂ ਪਾਈ, ਬਸ ਹੱਥ ਮਿਲਾਵਾ ਹੀ ਹੁੰਦਾ ਹੈ। ਇਕ ਦੋ ਵਿਆਹਾਂ ਵਿਚ ਮੈਂ ਜ਼ਰੂਰ ਉਸਨੂੰ ਨੱਚਣ ਲਈ ਖਿੱਚਿਆ ਹੈ ਪਰ ਉਹ ਮਸਾਂ ਇਕ ਵਾਰ ਫੋਟੋ ਦੀ ਫਲੈਸ਼ ਜਿੰਨਾ ਚਿਰ ਪਿੜ ਵਿਚ ਰਿਹਾ ਹੋਵੇਗਾ। ਇਕ ਦੋ ਫੋਟੋਆਂ ਵੀ ਮੈਂ ਧੱਕੇ ਨਾਲ ਜੱਫੀ ਪਾ ਕੇ ਖਿਚਵਾਈਆਂ ਹਨ। ਇਹ ਵੀ ਹੈਰਾਨੀ ਵਾਲੀ ਗੱਲ ਹੈ ਕਿ ਸਾਡੇ ਦੋਸਤ ਵੀ ਸਾਂਝੇ ਹਨ। ਬਹੁਤ ਸਾਰੇ ਮੇਰੇ ਦੋਸਤ ਉਸਦੇ ਬਣ ਗਏ ਤੇ ਉਸਦੇ ਬਹੁਤ ਸਾਰੇ ਦੋਸਤ ਮੇਰੇ ਵੀ ਬਣ ਗਏ. ਜਿਵੇਂ ਅੰਮ੍ਰਿਤ ਜੋਸ਼ੀ, ਮੇਘਰਾਜ ਸ਼ਰਮਾ, ਸ਼ੁਭ ਪ੍ਰੇਮ, ਰਣਜੀਤ ਸਿੰਘ, ਅਸ਼ੋਕ ਕੁਮਾਰ, ਰਾਜਿੰਦਰ ਭਦੌੜ, ਅਮਰਜੀਤ

ਗਰੇਵਾਲ, ਸੁਰਜੀਤ, ਖੁਸ਼ਵੰਤ ਬਰਗਾੜੀ, ਸੁਭਾਸ਼ ਪਰਿਹਾਰ, ਸਟਾਲਨਜੀਤ ਸਾਂਝੇ ਹੀ ਹਨ। ਉਹ ਪਹਿਲਾਂ ਮੇਰੇ ਨਾਲ ਬਹੁਤੀਆਂ ਗੱਲਾਂ ਨਹੀਂ ਕਰਦੇ ਸੀ। ਪਰ ਮੇਰੀ ਇੱਛਾ ਨੂੰ ਪੂਰਿਆਂ ਕਰਨ ਲਈ ਹੁੰਗਾਰਾ ਹੀ ਨਹੀਂ ਭਰਦੇ ਸੀ ਸਗੋਂ ਕਈ ਵਾਰ ਉਤਸ਼ਾਹਤ ਵੀ ਕਰਦੇ ਸੀ। ਇਕ ਤਰ੍ਹਾਂ ਨਾਲ ਉਹ ਮੈਨੂੰ ਚੱਕਾਂ ਦਿੰਦੇ ਸੀ, ਸ਼ਾਇਦ ਜੋ ਕੁਝ ਉਹ ਖੁਦ ਨਹੀਂ ਕਰ ਸਕਦੇ ਸੀ ਮੇਰੇ ਰਾਹੀਂ ਕਰਨਾ ਲੋਚਦੇ ਸੀ। ਮੈਨੂੰ ਯਾਦ ਹੈ ਕਿ ਦਸਵੀਂ ਜਾਂ ਪ੍ਰੈਪ ਵੇਲੇ ਮੈਂ ਇਕ ਕਮੀਜ਼ ਸਿਲਵਾਉਣਾ ਸੀ ਦੁਕਾਨਦਾਰ ਨੇ ਕਿਹਾ ਕਿ ਇਹਦੀ ਕੋਈ ਸਿੱਧ ਪੁੱਠ ਨਹੀਂ ਇਕ ਪਾਸੇ ਜੋ ਰੰਗ ਸੀ ਦੂਸਰੇ ਪਾਸੇ ਨਾਲੋਂ ਥੋੜ੍ਹਾ ਗੂੜਾ ਸੀ, ਕੱਪੜਾ ਦੋਹਾਂ ਪਾਸਿਆਂ ਤੋਂ ਸੀਤਾ ਜਾ ਸਕਦਾ ਹੈ। ਦਰਜ਼ੀ ਨੇ ਕੱਪੜਾ ਵੇਖ ਕੇ ਕਿਹਾ ਕਿ ਜੇ ਚਾਹੋ ਤਾਂ ਮੈਂ ਜੇਬਾਂ ਅਤੇ ਕਾਲਰ ਦਾ ਫੈਸ਼ਨ ਕੱਢ ਦਿੰਦਾ ਹਾਂ। ਬਾਪੂ ਜੀ ਦੇ ਕੁਝ ਕਹਿਣ ਤੋਂ ਪਹਿਲਾਂ ਹੀ ਰਾਜਪਾਲ ਨੇ ਕਹਿ ਦਿੱਤਾ ਕਿ ਇਸਦੀ ਉਮਰ ਹੈ, ਇਹ ਪਾ ਲਵੇਗਾ, ਤੂੰ ਡਿਜ਼ਾਈਨ ਬਣਾ ਦੇ। ਉਹ ਆਪ ਸਾਦਗੀ ਨਾਲ ਰਹਿੰਦੇ ਸਨ ਪਰ ਮੈਂ ਬਣਦਾ ਸਰਦਾ ਟਸ਼ਨ ਕਰਦਾ ਸੀ, ਖਾਸ ਕਰਕੇ ਬਾਂਦਰ ਝੱਗੀਆਂ (ਟੀ ਸ਼ਰਟਾਂ) ਅਕਸਰ ਹੀ ਪਾ ਲੈਂਦਾ ਸੀ। ਉਨ੍ਹਾਂ ਨੇ ਕੋਈ ਇਸ਼ਕ ਕੀਤਾ ਹੋਵੇ ਪਤਾ ਨਹੀਂ ਹੈ ਕਿਉਂਕਿ ਉਸ ਨੇ ਮੇਰੇ ਨਾਲ ਕਦੇ ਰਾਜ਼ ਸਾਂਝਾ ਨਹੀਂ ਕੀਤਾ ਤੇ ਨਾ ਹੀ ਮੈਨੂੰ ਪਤਾ ਲੱਗਿਆ ਪਰ ਉਨ੍ਹਾਂ ਨੇ ਮੇਰੇ ਤੇ ਚਰਨਜੀਤ ਦੇ ਵਿਆਹ ਸਮੇਂ ਡਟ ਕੇ ਸਾਥ ਦਿੱਤਾ ਸੀ। ਉਹ ਘਰ ਵਿਚ ਵੈਸੇ ਰਵਾਇਤੀ ਹੀ ਰਹੇ। ਸਮੇਂ ਸਿਰ ਨੌਕਰੀ ਕਰ ਲਈ, ਰਵਾਇਤੀ ਢੰਗ ਨਾਲ ਵਿਆਹ ਕਰਵਾ ਲਿਆ, ਪਿੰਡ ਕੋਠੇ ਸੈਣੀਆਂ ਜੋ ਸ਼ਹਿਰ ਦਾ ਹਿੱਸਾ ਬਣ ਗਿਆ ਸੀ, ਉਸ ਵਿਚ ਕੋਈ ਇਨਕਲਾਬੀ ਸਰਗਰਮੀ ਵੀ ਕਦੇ ਨਹੀਂ ਕੀਤੀ। ਉਨ੍ਹਾਂ ਦੀਆਂ ਸਰਗਰਮੀਆਂ ਕਾਲਿਜ, ਟੀਚਰ ਯੂਨੀਅਨ, ਸਾਹਿਤ ਸਭਾਵਾਂ ਜਾਂ ਹੋਰ ਜਨਤਕ ਜਥੇਬੰਦੀਆਂ ਜਿਵੇਂ ਪਲਸ ਮੰਚ, ਤਰਕਸ਼ੀਲ ਸੁਸਾਇਟੀ ਵਿਚ ਹੀ ਹੁੰਦੀਆਂ ਸਨ। ਇਕ ਸਮਾਂ ਸੀ ਜਦੋਂ ਮੈਂ ਬਾਲਗ ਹੋ ਗਿਆ ਕਾਲਿਜ ਪੜ੍ਹਦਾ, ਪਰਿਵਾਰ ਖੇਤੀ ਅਤੇ ਪਸ਼ੂ ਪਾਲਣ ਵੀ ਕਰਦਾ ਸੀ, ਉਨ੍ਹਾਂ ਦਾ ਪਰਿਵਾਰ ਵੀ ਸੀ ਪਰ ਉਹ ਘਰ ਦੇ ਕਿਸੇ ਕੰਮ ਵਿਚ ਬਹੁਤੀ ਦਖਲਅੰਦਾਜ਼ੀ ਨਹੀਂ ਕਰਦੇ ਸੀ। ਬਹੁਤਾ ਆਪਣੀਆਂ ਸਰਗਰਮੀਆਂ ਕਾਰਨ ਘਰੋਂ ਬਾਹਰ ਹੀ ਰਹਿੰਦੇ ਸੀ, ਉਨ੍ਹਾਂ ਨੇ ਆਪਣੇ ਆਪ ਨੂੰ ਮਿਹਨਤ ਨਾਲ ਬਣਾਇਆ ਹੈ ਜਦੋਂ ਕਿ ਮੈਂ ਉਸਦੀ ਨਕਲ ਕਰਕੇ ਕੀਤਾ ਹੈ।

ਉਨ੍ਹਾਂ ਦੀ ਵਿਚਾਰਧਾਰਕ ਯਾਤਰਾ ਨਰਮ ਖੱਬੇ ਪੱਖੀਆਂ ਤੋਂ ਗਰਮ ਖੱਬੇ ਪੱਖੀਆਂ ਵੱਲ, ਲੋਕਤੰਤਰ ਤੋਂ ਹਥਿਆਰਬੰਦ ਇਨਕਲਾਬ ਵੱਲ ਚੱਲੀ ਅਤੇ ਮੁੜ ਹਿੰਸਕ ਸੰਘਰਸ਼ ਤੋਂ ਜਨਤਕ ਸੰਘਰਸ਼ ਵੱਲ ਰੁਖ ਕਰਦਿਆ ਜਨਤਕ ਸੰਘਰਸ਼ ਦੇ ਨਾਲੋਂ ਨਾਲ ਲੋਕਤੰਤਰ ਤੇ ਸਮੇਲ ਵੱਲ ਰਹੀ ਹੈ। ਅੱਜ ਕੱਲ੍ਹ ਉਹ ਧਰਮ ਨਿਰਪੱਖ, ਲੋਕਤੰਤਰੀ ਵਿਚਾਰਾਂ ਦੀ ਵੱਧ ਹਾਮੀ ਭਰਦੇ ਹਨ, ਨਿਜੀ ਅਤੇ ਸਾਂਝੀ ਜਾਇਦਾਦ ਦੇ ਵਿਚ ਵਿਚਾਲੇ ਦਾ ਕੋਈ ਰਸਤਾ ਤਲਾਸ਼ ਰਹੇ ਹਨ, ਉਨ੍ਹਾਂ ਦੀ ਖੁਦ ਦੀ ਵਿਆਹੁਤਾ ਜ਼ਿੰਦਗੀ ਬੜੀ ਖੁਸ਼ ਅਤੇ ਸ਼ਾਨਦਾਰ ਹੈ ਪਰ ਪਤਾ ਨਹੀਂ ਕਿਉਂ ਉਹ ਵਿਆਹ ਸੰਸਥਾ ਦੇ ਵਿਰੋਧੀ ਹਨ, ਇਸਦੇ ਭਵਿੱਖ ਬਾਰੇ ਕੋਈ ਬਹੁਤੇ ਆਸਵੰਦ ਨਹੀਨ, ਸਗੋਂ ਇਸ ਦਾ ਕੋਈ ਬਦਲ ਸੋਚਦੇ ਹਨ। ਜੀਵ ਵਿਕਾਸ ਉਨ੍ਹਾਂ ਦਾ ਮਨ ਪਸੰਦ ਵਿਸ਼ਾ ਹੈ, ਰੋਬੋਟੈਕਸ ਆਟੋਮੇਸ਼ਨ ਅਤੇ ਆਰਟੀਫਿਸ਼ਅਲ ਇੰਟੈਲੀਜੈਂਸ ਨੂੰ ਜੀ ਆਇਆ ਆਖਦੇ ਹਨ। ਉਹ ਨਵੇਂ ਵਿਚਾਰ ਹੀ ਨਹੀਂ ਅਪਣਾਉਂਦੇ ਸਗੋਂ ਉਨ੍ਹਾਂ ਨੂੰ ਨਵੀਆਂ ਚੀਜ਼ਾਂ ਦਾ ਵੀ ਬਹੁਤ ਸ਼ੌਕ ਹੈ ਜਿਵੇਂ ਨਵਾਂ ਟੁੱਥਪੇਸਟ, ਨਵਾਂ ਸਾਬਣ, ਨਵੀਂ ਲੂਣਦਾਨੀ, ਨਵੀਂ ਚਾਹ, ਨਵੀਂ ਸਬਜ਼ੀ ਅਤੇ ਕੋਈ ਵੀ ਨਵਾਂ ਗੈਜਟਸ ਉਨ੍ਹਾਂ ਨੂੰ ਖਿੱਚ ਪਾਉਂਦਾ ਹੈ। ਉਹਨਾਂ ਨੂੰ ਘਰ, ਕਮਰਾ, ਆਪਣਾ ਟੇਬਲ, ਫੁਲਵਾੜੀ ਕਰੀਨੇ ਨਾਲ ਸਜਾਉਣ ਦਾ ਸ਼ੌਕ ਹੈ। ਉਹ ਸੈਰ ਨਹੀਂ ਕਰਦੇ, ਕਸਰਤ ਵੀ ਨਹੀਂ ਕਰਦੇ, ਘਰ ਦੇ ਕੰਮ, ਬਾਜ਼ਾਰ ਦੇ ਕੰਮ, ਸੁਸਾਇਟੀ ਦੇ ਕੰਮ ਕਰਦਿਆਂ ਭੱਜੇ ਫਿਰਦੇ ਹਨ, ਆਲਸੀ ਨਹੀਂ ਹਨ। ਉਹ ਬੱਚਿਆਂ ਨਾਲ ਬਹੁਤ ਘੱਟ ਖੇਡਦੇ ਹਨ, ਭਾਣਜੇ ਭਾਣਜੀਆਂ ਜਾਂ ਆਪਣੇ ਬੱਚਿਆਂ ਜਾਂ ਭਤੀਜੀਆਂ ਨੂੰ ਬਹੁਤ ਘੱਟ ਖਿਡਾਇਆ ਹੈ ਪਰ ਆਪਣੀ ਪੋਤਰੀ ਦੀ ਹਰ ਗੱਲ ਮੰਨਦੇ

ਹਨ, ਉਸ ਨਾਲ ਅਕਸਰ ਖੇਡੇ ਪੈ ਜਾਂਦੇ ਹਨ।

ਕਾਲਜ ਜਾਣ ਤਕ ਉਨ੍ਹਾਂ ਨੇ ਵਾਲ਼ ਰੱਖੇ ਹੋਏ ਸੀ, ਇਕ ਵਾਰ ਬਿਮਾਰ ਹੋਣ ਤੋਂ ਬਾਅਦ ਕਟਾ ਦਿੱਤੇ ਸਨ। ਇਸ 'ਤੇ ਬਾਪੂ ਜੀ ਗ਼ੁੱਸੇ ਹੋਏ ਸਨ। ਬਾਅਦ ਵਿਚ ਪੱਗ ਤਾਂ ਬੰਨ੍ਹਦੇ ਰਹੇ ਪਰ ਵਾਲ ਕੱਟੇ ਸਨ। ਹੁਣ ਕਈ ਸਾਲਾਂ ਤੋਂ ਪੱਗ ਬੰਨ੍ਹਣੀ ਵੀ ਛੱਡ ਦਿੱਤੀ ਹੈ। ਉਨ੍ਹਾਂ ਦੀ ਪੀੜ੍ਹੀ ਵਿਚ ਰਾਜਪਾਲ ਸਿੰਘ ਬਹੁਤਾ ਆਮ ਨਾਂ ਨਹੀਂ ਸੀ ਪਰ ਫਿਰ ਵੀ ਤਿੰਨ ਰਾਜਪਾਲ ਸਾਹਿਤ ਸਭਿਆਚਾਰ ਅਤੇ ਅਕਾਦਮਿਕ ਖੇਤਰ ਵਿਚ ਹੋਰ ਵੀ ਮਸ਼ਹੂਰ ਸਨ। ਮਹਿੰਦਰਾ ਕਾਲਿਜ ਵਿਚ ਲੰਮਾ ਸਮਾਂ ਆਰਟ ਐਂਡ ਕਲਚਰ ਨਾਲ ਜੁੜੇ ਅੰਗਰੇਜ਼ੀ ਦੇ ਅਧਿਆਪਕ ਰਾਜਪਾਲ ਸਿੰਘ, ਸ਼ਹੀਦ ਭਗਤ ਸਿੰਘ ਕਾਲਿਜ ਵਿਚ ਪੰਜਾਬੀ ਦੇ ਪ੍ਰੋਫੈਸਰ ਰਾਜਪਾਲ ਸਿੰਘ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਹਿੰਦੀ ਦੇ ਰਾਜਪਾਲ ਪਰ ਉਨ੍ਹਾਂ ਦਾ ਭੁਲੇਖਾ ਜ਼ਿਆਦਾਤਰ ਕੋਟਕਪੂਰੇ ਪੜ੍ਹਾਉਂਦੇ ਰਾਜਪਾਲ ਨਾਲ ਪੈਂਦਾ ਕਿਉਂਕਿ ਦੋਨਾਂ ਦਾ ਸ਼ਹਿਰ ਇਕ ਸੀ ਤੇ ਕੁਝ ਉਮਰ ਤੇ ਕਦ ਬੁੱਤ ਵੀ ਇੱਕੋ ਜਿਹਾ ਸੀ। ਪਹਿਲਾਂ ਵੀਰ ਰਾਜਪਾਲ ਵੀ ਪੱਗ ਬੰਨ੍ਹਦੇ ਸਨ ਅਤੇ ਉਨ੍ਹਾਂ ਦੀ ਪੱਗ ਦਾ ਸਟਾਈਲ ਵੀ ਇਕੋ ਜਿਹਾ ਸੀ। ਪੰਜਾਬੀ ਦੇ ਪ੍ਰੋਫੈਸਰ ਰਾਜਪਾਲ ਦੇ ਨਾਂ ਨਾਲ ਲੋਕੀ ਵੀਰ ਰਾਜਪਾਲ ਦੀਆਂ ਕਿਤਾਬਾਂ ਜੋੜ ਦਿੰਦੇ ਅਤੇ ਵੀਰ ਰਾਜਪਾਲ ਨੂੰ ਕਈ ਵਾਰ ਪੁੱਛੀ ਜਾਂਦੇ ਕਿਵੇਂ ਚੱਲਦੀ ਹੈ ਫਿਰ ਕਾਲਿਜ ਦੀ ਪ੍ਰੋਫੈਸਰੀ ? ਖੈਰ ਇਹ ਦਿਲਚਸਪ ਕਿੱਸਾ ਹੈ ਕਿਸੇ ਨੇ ਛੋਟਿਆਂ ਹੁੰਦਿਆਂ ਮੇਰੀ ਬੇਟੀ ਵਿਵੇਕ ਜੋਤ ਨੂੰ ਪੁੱਛਿਆ ਕਿ ਪੰਜਾਬ ਦੇ ਰਾਜਪਾਲ ਕੌਣ ਹਨ? ਉਹ ਕਹਿੰਦੇ ਮੇਰੇ ਤਾਇਆ ਜੀ, ਖੈਰ ਉਨ੍ਹਾਂ ਤੋਂ ਬਾਅਦ ਵਾਲੀ ਪੀੜ੍ਹੀ ਵਿੱਚ ਤਾਂ ਹਾਕੀ ਵਾਲਾ ਰਾਜਪਾਲ, ਪੁਲਿਸ ਅਫਸਰ ਰਾਜਪਾਲ ਅਤੇ ਕਈ ਹੋਰ ਵਿਅਕਤੀ ਹੋਏ ਹਨ। ਵੀਰ ਰਾਜਪਾਲ ਅੰਗਰੇਜ਼ੀ ਵਿਚ ਪਾਲ ਪੀ ਏ ਐੱਲ ਨਹੀਂ ਪੀ ਏ ਯੂ ਐੱਲ ਲਿਖਦੇ ਹਨ।

ਹੁਣ ਕੁਝ ਗੱਲਾਂ ਉਨ੍ਹਾਂ ਦੀਆਂ ਪੁਸਤਕਾਂ ਬਾਰੇ। 'ਪੰਜਾਬ ਦੀ ਇਤਿਹਾਸਿਕ ਗਾਥਾ' ਇਕ ਤਰ੍ਹਾਂ ਨਾਲ ਪੰਜਾਬ ਦੇ ਇਤਿਹਾਸ ਨੂੰ ਮਿਥਿਆਸ ਬਣਨ ਤੋਂ ਬਚਾਉਣ ਦਾ ਯਤਨ ਹੈ। ਉਨ੍ਹਾਂ ਨੇ ਤੱਥਹੀਣ ਸਵੈ ਪ੍ਰਸੰਸਾ ਵਾਲੇ ਬਿਰਤਾਂਤ ਨੂੰ ਠੱਲ੍ਹ ਪਾਈ ਹੈ। 'ਬਦਲਦੇ ਸੰਸਾਰ ਵਿਚ ਮਾਰਕਸਵਾਦ' ਅਧੀਨ ਉਨ੍ਹਾਂ ਮਾਰਕਸਵਾਦੀ ਫਲਸਫੇ ਦਾ ਨਵੀਆਂ ਸਥਿਤੀਆਂ ਵਿਚ ਮੁਲਾਂਕਣ ਕਰਦਿਆਂ ਉਸ ਦੇ ਸਾਰਥਕ ਪੱਖਾਂ ਨੂੰ ਅਪਣਾਉਣ ਅਤੇ ਸਮੇਂ ਨਾਲ ਨਵੀਂ ਤਕਨੀਕ ਨਾਲ ਪੈਦਾ ਹੋਈਆਂ ਨਵੀਆਂ ਚਣੌਤੀਆਂ ਨਾਲ ਨਜਿੱਠਣ ਲਈ ਨਵੇਂ ਰਾਹ ਤਲਾਸ਼ਣ 'ਤੇ ਜ਼ੋਰ ਦਿੱਤਾ ਹੈ। ਇਕ ਤਰ੍ਹਾਂ ਨਾਲ ਮਾਰਕਸਵਾਦ ਨੂੰ ਧਰਮ ਬਣਨ ਤੋਂ ਰੋਕਣ ਦਾ ਯਤਨ ਹੈ। 'ਮਿੱਟੀ ਤੋਂ ਮਨੁੱਖ ਤਕ' ਜੀਵ ਵਿਕਾਸ ਨੂੰ ਆਮ ਮਨੁੱਖ ਦੀ ਸਮਝ ਦਾ ਹਿੱਸਾ ਬਣਾਉਣ ਦੀ ਕੋਸ਼ਿਸ਼ ਹੈ। ਅਸੀਂ ਜਾਣਦੇ ਹਾਂ ਕਿ ਆਮ ਮਨੁੱਖ ਅੱਗੇ ਇਕ ਬਹੁਤ ਵੱਡਾ ਪ੍ਰਸ਼ਨ ਪੈਦਾ ਹੁੰਦਾ ਕਿ ਮਨੁੱਖ ਕਿਵੇਂ ਪੈਦਾ ਹੋਇਆ? ਇਸ ਦਾ ਵਿਗਿਆਨ ਉੱਤਰ ਜੀਵ ਵਿਕਾਸ ਹੈ ਪਰ ਇਸ ਨੂੰ ਸਰਲ ਭਾਸ਼ਾ ਵਿਚ ਸਮਝਾਉਣਾ ਬਹੁਤ ਮੁਸ਼ਕਿਲ ਕਾਰਜ ਹੈ। ਇਸੇ ਲੜੀ ਅਧੀਨ ਉਨ੍ਹਾਂ ਦੀ ਪੁਸਤਕ 'ਆਈਨਸਟਾਈਨ ਦੇ ਸਮਾਜਕ ਸਰੋਕਾਰ' ਹਨ। ਆਇਨਸਟਾਈਨ ਨੂੰ ਥਿਊਰੀ ਆਫ ਰੈਲੇਟਿਵਿਟੀ ਅਤੇ ਐਟਮ ਬੰਬ ਦੇ ਸਿਧਾਂਤ ਨਿਰਮਾਤਾ ਵਜੋਂ ਤਾਂ ਸਾਰੇ ਜਾਣਦੇ ਹਨ ਪਰ ਉਸਦੇ ਸਮਾਜਕ ਫਿਕਰਾਂ ਖਾਸ ਕਰਕੇ ਸ਼ਾਂਤੀ, ਵਿਕਾਸ, ਮਨੁੱਖਤਾ ਦੇ ਭਵਿੱਖ ਬਾਰੇ ਵਿਚਾਰਾਂ ਨੂੰ ਬਹੁਤ ਘੱਟ ਜਾਣਦੇ ਹਨ, ਪੁਸਤਕ ਇਹ ਖੱਪਾ ਪੂਰਾ ਕਰਦੀ ਹੈ। 'ਗੁਲਬੀਨ' ਸਮਾਜਕ ਸੱਭਿਆਚਾਰਕ ਮਸਲਿਆਂ ਨੂੰ ਵਿਗਿਆਨਕ ਨਜ਼ਰੀਏ ਤੋਂ ਪੜ੍ਹਦੀ ਹੈ ਜਦੋਂ ਕਿ 'ਕਿਸਾਨੀ ਸੰਕਟ ਦੀ ਵਿਗਿਆਨਕ ਪਹੁੰਚ' ਇਕ ਤਰ੍ਹਾਂ ਨਾਲ ਕਿਸਾਨੀ ਸੰਕਟ ਦਾ ਵਿਗਿਆਨਕ ਹੱਲ ਪੇਸ਼ ਕਰਦੀ ਹੈ। ਇਸ ਵਿਚ ਵਾਤਾਵਰਨ ਪ੍ਰਦੂਸ਼ਣ ਤੋਂ ਲੈ ਕੇ ਕਈ ਸਮੱਸਿਆਵਾਂ ਲਈਆਂ ਗਈਆਂ ਹਨ। ਉਨ੍ਹਾਂ ਮਾਓ ਜ਼ੇ ਤੁੰਗ ਦੀ ਜੀਵਨੀ ਵੀ ਲਿਖੀ। ਇਸ ਤੋਂ ਇਲਾਵਾ ਐਲਡਸ ਹਕਸਲੇ ਦੇ ਨਾਵਲ 'ਬਰੇਵ ਨਿਊ ਵਰਲਡ' ਨੂੰ ਇਸੇ ਨਾਲ ਨਾਂ ਥੱਲੇ ਅਤੇ ਗੀਤਾ

ਰਾਮਾਸਵਾਮੀ ਦੀ ਸਵੈ ਜੀਵਨੀ ਮੂਲਕ ਰਚਨਾ 'ਲੈਂਡ, ਗੰਨ, ਕਾਸਟ ਐਂਡ ਵੋਮੈਨ' ਦਾ 'ਜ਼ਮੀਨ, ਜਾਤ, ਬੰਦੂਕਾਂ, ਔਰਤ' ਨਾਂ ਥੱਲੇ ਅਨੁਵਾਦ ਕੀਤਾ ਹੈ। ਇਕ ਵਾਰ ਉਨ੍ਹਾਂ ਨੇ ਮਾਓ ਜ਼ੇ ਤੁੰਗ ਦੀ 'ਲਾਲ ਕਿਤਾਬ' ਵਿਚੋਂ ਕੁਝ ਆਰਟੀਕਲ ਵੀ ਪੰਜਾਬੀ ਵਿਚ ਅਨੁਵਾਦਣੇ ਸ਼ੁਰੂ ਕੀਤੇ ਸਨ। ਮੈਨੂੰ ਨਹੀਂ ਪਤਾ ਉਹ ਕਿਤੇ ਛਪੇ ਹਨ ਜਾਂ ਪਾਰਟੀ ਦੇ ਕੰਮ ਲਈ ਹੀ ਸਨ। ਇਕ ਹੋਰ ਪੁਸਤਕ 'ਇਕ ਕਵੀ ਦੀ ਆਤਮ ਕਥਾ' ਯੈਵਗਿਨੀ ਯੇਵਤੁਸ਼ੈਂਕੋ ਦੇ ਅਨੁਵਾਦ ਤੋਂ ਬਗ਼ੈਰ ਉਨਾਂ ਨੇ 'ਤਰਕਸ਼ੀਲ' ਅਤੇ 'ਵਿਗਿਆਨਕ ਵਿਚਾਰ' ਅਤੇ 'ਵਿਚਾਰ ਮੰਚ' ਰਿਸਾਲਿਆਂ ਦੀ ਸੰਪਾਦਨਾ ਵੀ ਕੀਤੀ ਹੈ। ਇਸ ਤੋਂ ਇਲਾਵਾ ਉਨ੍ਹਾਂ ਨੇ ਬਲਬੀਰ ਪਰਵਾਨਾ ਦੀ ਚੋਣਵੀਂ ਕਵਿਤਾ 'ਪਰਤਾਂ 'ਚ ਜਿਉਂਦਾ ਆਦਮੀ' ਵੀ ਸੰਪਾਦਤ ਕੀਤੀ ਹੈ। ਤਰਕਸ਼ੀਲ ਸੁਸਾਇਟੀ ਬਾਰੇ ਜਾਣਕਾਰੀ ਦਿੰਦੀ ਇਕ ਅੰਗਰੇਜ਼ੀ ਪੁਸਤਕ 'ਰੈਸ਼ਨਲਿਜ਼ਮ ਇਨ ਪੰਜਾਬ' ਮੁੱਖ ਤੌਰ 'ਤੇ ਗ਼ੈਰ ਪੰਜਾਬੀ ਲੋਕਾਂ ਨੂੰ ਤਰਕਸ਼ੀਲ ਸੋਸਾਇਟੀ ਅਤੇ ਤਰਕਸ਼ੀਲ ਵਿਚਾਰਾਂ ਬਾਰੇ ਜਾਣਕਾਰੀ ਦਿੰਦੀ ਪੁਸਤਕ ਹੈ। ਆਮ ਬੰਦਿਆਂ ਤੇ ਬੱਚਿਆਂ ਲਈ ਵਿਗਿਆਨ ਨੂੰ ਪ੍ਰਚਲਤ ਕਰਨ ਲਈ ਕੁਦਰਤੀ ਵਰਤਾਰਿਆਂ ਪਿੱਛੇ ਕੰਮ ਕਰਦੇ ਵਿਗਿਆਨਕ ਤੱਥਾਂ ਨੂੰ ਪੇਸ਼ ਕਰਨ ਲਈ 'ਉਡਣੀ ਮੱਛੀ' ਵੀ ਲਿਖੀ ਹੈ। ਇਸ ਤੋਂ ਇਲਾਵਾ ਉਹ ਤਰਕਸ਼ੀਲ ਵਿਗਿਆਨਕ ਡਾਇਰੀਆਂ ਅਤੇ ਕੈਲੰਡਰ ਵੀ ਹਰ ਸਾਲ ਡਿਜ਼ਾਈਨ ਕਰਦੇ ਹਨ।

ਇਕ ਵਾਰ ਉਹਨਾਂ ਨੇ ਦੱਸਿਆ ਸੀ ਕਿ ਕਾਲਿਜ ਪੜ੍ਹਦਿਆਂ ਉਹ ਮੁਫਤ ਵਿਚ ਦਿੱਲੀ ਵੇਖਣ ਦੇ ਚਾਅ ਅਧੀਨ ਖੱਬੇ ਪੱਖੀ ਵਿਦਿਆਰਥੀਆਂ ਦੀ ਰੈਲੀ ਦੇ ਟਰੱਕ ਵਿਚ ਐਸਾ ਚੜ੍ਹਿਆ ਕਿ ਉਨ੍ਹਾਂ ਦੀ ਵਿਚਾਰਧਾਰਾ ਦੇ ਟਰੱਕ ਵਿਚ ਵੀ ਚੜ੍ਹ ਗਿਆ। ਵੈਸੇ ਵੀ 1910 ਤੋਂ ਲੈ ਕੇ 1980 ਤਕ ਕਮਿਊਨਿਸਟ ਵਿਚਾਰਧਾਰਾ ਹੋਸ਼ ਹਵਾਸ਼ ਵਾਲੇ ਪ੍ਰਤਿਭਾਵਾਨ ਵਿਦਿਆਰਥੀਆਂ ਨੂੰ ਆਪਣੇ ਵੱਲ ਖਿੱਚ ਹੀ ਲੈਂਦੀ ਸੀ। ਸਮਾਜ ਵਿਚ ਨਿਆਂ, ਸਮਾਜਕ ਬਰਾਬਰੀ ਤੇ ਇਨਕਲਾਬ ਆਪਣੇ ਵੱਲ ਖਿੱਚਦੇ ਸੀ। ਉਹ ਛੇਤੀ ਹੀ ਨਕਸਲਵਾੜੀ ਲਹਿਰ ਤੋਂ ਪ੍ਰਭਾਵਤ ਪਹਿਲਾਂ ਚਾਰੂ ਮਜੂਮਦਾਰ ਤੇ ਫਿਰ ਨਾਗਾਰੈਡੀ ਦੀ ਵਿਚਾਰਧਾਰਾ ਤੋਂ ਪ੍ਰਭਾਵਤ ਪ੍ਰਿਥੀਪਾਲ ਸਿੰਘ ਰੰਧਾਵਾ ਦੀ ਪੀਐੱਸਯੂ ਵਿਚ ਸ਼ਾਮਿਲ ਹੋ ਗਏ। ਫੇਰ ਬੇਰੁਜ਼ਗਾਰ ਅਧਿਆਪਕ ਯੂਨੀਅਨ ਵਿਚ ਕੰਮ ਕਰਦੇ ਰਹੇ ਤੇ ਰੁਜ਼ਗਾਰ ਮਿਲਣ 'ਤੇ ਟੀਚਰਜ਼ ਯੂਨੀਅਨ ਵਿਚ ਕੰਮ ਕਰਦਿਆਂ ਕੁਝ ਦੇਰ ਪਾਰਟੀ ਲਈ ਕੰਮ ਵੀ ਕੀਤਾ। ਅਖੀਰ ਪਾਰਟੀ ਦਾ ਕੰਮ ਛੱਡ ਕੇ ਤਰਕਸ਼ੀਲ ਲਹਿਰ ਵਿਚ ਸਰਗਰਮ ਹੋ ਗਏ, ਤਰਕਸ਼ੀਲਾਂ ਵਿਚ ਮੁੱਖ ਤੌਰ 'ਤੇ ਮੈਗਜ਼ੀਨ 'ਤਰਕਸ਼ੀਲ' ਦਾ ਸੰਪਾਦਕੀ ਭਾਰ ਸੰਭਾਲ ਲਿਆ, ਚਲੋ ਬਾਕੀ ਭਾਸ਼ਣ ਕਰਨੇ, ਇਕਾਈਆਂ ਬਣਾਉਣਾ ਅਤੇ ਹੋਰ ਜਥੇਬੰਦ ਕੰਮ ਵੀ ਨਾਲੋ ਨਾਲ ਚਲਦੇ ਰਹੇ। ਅੱਜ ਕੱਲ ਰਿਟਾਇਰ ਹੋ ਕੇ ਜ਼ਿਆਦਾਤਰ ਸਮਾਂ ਤਰਕਸ਼ੀਲ ਵਿਗਿਆਨਕ ਸੋਚਣੀ ਦੇ ਪਸਾਰ ਵਿਚ ਜੁਟੇ ਹੋਏ ਹਨ। ਮੈਗਜ਼ੀਨ ਸੰਪਾਦਨ ਤੋਂ ਇਲਾਵਾ ਲਗਾਤਾਰ ਪੁਸਤਕਾਂ ਲਿਖਦੇ ਰਹਿੰਦੇ ਹਨ ਅਤੇ ਲੇਖ ਅਖਬਾਰਾਂ ਰਸਾਲਿਆਂ ਵਿਚ ਛਪਾਉਂਦੇ ਰਹਿੰਦੇ ਹਨ। ਇਸ ਸਭ ਕੁਝ ਤੋਂ ਇਲਾਵਾ ਲੈਕਚਰ ਵੀ ਕਰਦੇ ਹਨ। ਉਹ ਦੇਸ਼ ਵਿਚ ਹਿੰਦੂਤਵ ਦੇ ਵਧ ਰਹੇ ਪ੍ਰਭਾਵ ਤੋਂ ਚਿੰਤਤ ਹਨ। ਉਹਨਾਂ ਦਾ ਦ੍ਰਿੜ ਮੱਤ ਹੈ ਕਿ ਇਸ ਦਾ ਟਾਕਰਾ ਕਰਨ ਲਈ ਵਿਚਾਰਧਾਰਕ ਤੌਰ 'ਤੇ ਪੁਸਤਕਾਂ ਦੀ ਸਿਰਜਣਾ ਕਰਨ ਦੀ ਲੋੜ ਹੈ ਅਤੇ ਨਵੇਂ ਲੋਕਾਂ ਨੂੰ ਜੋੜਨ ਲਈ ਬੱਚਿਆਂ ਤੇ ਨੌਜਵਾਨਾਂ ਵਿਚ ਜਥੇਬੰਦਕ ਕੰਮ ਕਰਨ ਦੀ ਜ਼ਰੂਰਤ ਹੈ। ਵੈਸੇ ਉਹ ਹਰ ਕਿਸਮ ਦੀ ਕੱਟੜਤਾ ਤੋਂ ਮੁਕਤ ਹਨ। ਉਹ ਤਰਕਸ਼ੀਲ ਅਤੇ ਮਾਰਕਸਵਾਦ ਦੋਹਾਂ ਨੂੰ ਧਰਮ ਹੋਣ ਤੋਂ ਬਚਾਉਣ ਲਈ ਤੇ ਨਵੀਂ ਵਿਗਿਆਨਕ ਤਕਨੀਕੀ ਖੋਜ ਨਾਲ ਵਰ ਮੇਚਣ ਲਈ ਪੰਜਾਬੀ ਸਮਾਜ ਨੂੰ ਲਗਾਤਾਰ ਚੇਤਨ ਕਰਦੇ ਰਹਿੰਦੇ ਹਨ। ਸ਼ਾਲਾ! ਉਹ ਚੇਤਨ ਕਰਨ ਦਾ ਕਾਰਜ ਲਗਾਤਾਰ ਦਹਾਕਿਆਂ ਬੱਧੀ ਕਰਦੇ ਰਹਿਣ।000

***(3051, ਅਰਬਨ ਅਸਟੇਟ, ਫੇਜ਼ 2, ਪਟਿਆਲਾ***
***ਫੋਨ: +91-98150-50617)***

# ਹੋਮਿਓਪੈਥੀ: ਵਾਰਤਾ: ਬਲਦੇਵ ਚੱਕ ਸਕੰਦਰ

ਇਹ ਓਸ ਵੇਲੇ ਦੀ ਗੱਲ ਹੈ ਜਦ ਹੋਮਿਓਪੈਥਿਕ ਦਵਾਈ ਤੇ ਡਾਕਟਰੀ ਸਲਾਹ ਬੜੀ ਸਸਤੀ ਹੁੰਦੀ ਸੀ। ਦੋ ਰੁਪਏ ਦੀ ਪਰਚੀ ਕਟਾਓ ਤੇ ਦੋ ਰੁਪਏ ਦੀਆਂ ਤਿੰਨ ਚਾਰ ਸ਼ੀਸ਼ੀਆਂ ਤੁਹਾਨੂੰ ਅਗਲੇ ਦੋ ਹਫ਼ਤੇ ਆਹਰੇ ਲਾਉਣ ਲਈ ਕਾਫੀ ਹੁੰਦੀਆਂ ਸਨ। ਇੰਝ ਹੀ ਇਕ ਦਿਨ ਸਾਡੀ ਭਾਗਵਾਨ ਹੱਥ 'ਚ ਕਿੰਨੀਆਂ ਸਾਰੀਆਂ ਸ਼ੀਸ਼ੀਆਂ ਫੜੀ ਘਰ ਵੜੀ ਤੇ ਮੰਜੇ 'ਤੇ ਬਹਿੰਦਿਆਂ ਹੀ ਪਟਾਰਾ ਖੋਲ੍ਹ ਲਿਆ। ਨੀਲੇ, ਪੀਲ਼ੇ, ਲਾਲ, ਹਰੇ ਰੰਗਾਂ ਦੇ ਢੱਕਣਾਂ ਵਾਲੀਆਂ ਪਲਾਸਟਿਕ ਦੀਆਂ ਵੱਡੀਆਂ ਛੋਟੀਆਂ ਸ਼ੀਸ਼ੀਆਂ ਦਾ ਢੇਰ ਵੇਖ ਵੇਖ ਮੈਂ ਹੈਰਾਨ ਹੋ ਰਿਹਾ ਸੀ ਕਿ ਇਹ ਇਹਨਾਂ ਨੂੰ ਕਿਹੜੀ ਤਰਤੀਬ ਨਾਲ ਖਾਊ, ਪਰ ਇਹ ਪੁੱਛਣ ਦਾ ਹਾਲੇ ਹੀਆ ਕਰਨਾ ਵਾਜਬ ਨਾ ਸਮਝਿਆ।

ਪਰ ਜਦ ਉਹਨੇ ਇਕ ਸ਼ੀਸ਼ੀ ਵਿਚੋਂ ਚਾਰ ਚਿੱਟੀਆਂ ਗੋਲ਼ੀਆਂ ਮੂੰਹ 'ਚ ਰੱਖੀਆਂ ਤਾਂ ਮੈਥੋਂ ਰਿਹਾ ਨਾ ਗਿਆ ਤੇ ਆਪਣਾ ਫਿਕਰ ਜ਼ਾਹਰ ਕਰਨ ਲਈ ਪੁੱਛ ਲਿਆ , "ਦਵਾਈ ਕਿੱਦਾਂ ਹੈ"।

ਮੈਂ ਇਹ ਗੱਲ ਇਸ ਲਈ ਪੁੱਛੀ ਸੀ ਕਿਉਂਕਿ ਮੇਰਾ ਦਵਾਈਆਂ ਨਾਲ ਵਾਸਤਾ ਹਮੇਸ਼ਾ ਮਾੜਾ ਹੀ ਰਿਹਾ ਹੈ। ਬਚਪਨ ਵਿਚ ਮੈਨੂੰ ਅੱਧਾ ਕੁ ਚੱਮਚ ਖੰਘ ਦੀ ਦਵਾਈ ਪਿਆਉਣ ਵਾਸਤੇ ਪਹਿਲਾਂ ਮਾਂ ਨੇ ਬਾਕੀ ਭੈਣ ਭਰਾਵਾਂ ਨੂੰ ਮੇਰੀਆਂ ਬਾਹਾਂ, ਲੱਤਾਂ ਤੇ ਸਿਰ ਫੜਨ ਦੀ ਜ਼ੁੰਮੇਵਾਰੀ ਦੇਣੀ, ਫਿਰ ਨਾਲ ਨਾਲ ਮੈਨੂੰ ਵੀ ਭਰਮਾਈ ਜਾਣਾ।

'ਕੁਝ ਨਹੀਂ ਹੁੰਦਾ, ਕੁਝ ਨਹੀਂ ਹੁੰਦਾ, ਹਾ ਜਿਹੜੀ ਖੰਊਂ ਖੰਊਂ ਕਰਦਾ ਫਿਰਦਾਂ, ਇਹ ਠੀਕ ਹੋਜੂ' ਇੰਝ ਆਮ ਜਹੀਆਂ ਗੱਲਾਂ ਕਰਦੀ ਨੇ ਜਿਹੜਾ ਵੀ ਟੱਬਰ ਦਾ ਜੀਅ ਬਾਹਰਲੇ ਬੂਹੇ ਨੇੜੇ ਹੋਣਾ ਉਹਨੂੰ 'ਵਾਜ ਮਾਰਕੇ ਗੇਟ ਭੇੜਣ ਲਈ ਅਦੇਸ਼ ਦੇ ਦੇਣੇ, ਨਾਲੇ ਕਹਿਣਾ ਐਵੇਂ ਕੋਈ ਕੁੱਤਾ ਬਿੱਲਾ ਅੰਦਰ ਆਜੂ। ਉਹਨੂੰ ਪਤਾ ਸੀ ਐਸੇ ਮੌਕੇ 'ਤੇ ਮੈਂ, ਕੌਡੀ ਵਾਲਿਆਂ ਵਾਂਗੂੰ, ਘਚਾਨੀਆਂ ਦੇ ਕੇ ਸਭ ਨੂੰ ਪਛਾੜ ਕੇ ਗੇਟੋਂ ਬਾਹਰ ਹੋਣ ਦੀ ਕਾਬਲੀਅਤ ਰੱਖਦਾ ਹੁੰਦਾ ਸਾਂ। ਇਹ ਕੌੜੀ ਕਸੈਲ਼ੀ ਭੈੜੀ ਦਵਾਈ ਨੂੰ ਪੀਣਾ ਤਾਂ ਕੀ ਸੁੰਘਣਾ ਹੀ ਮੇਰੇ ਲਈ ਮੁਹਾਲ ਹੁੰਦਾ ਸੀ। ਜਦ ਉਹਦੇ ਸਾਰੇ ਫੰਦੇ ਤਿਆਰ ਹੋ ਜਾਣੇ ਤਾਂ ਉਸ ਪਿਆਰ ਨਾਲ ਪੁਚਕਾਰਨਾ, ਤੇ ਮੈਂ ਡੁਸਕਣਾ।

ਫਿਰ ਜਦ ਜਲਾਦਾਂ ਨੇ ਮੈਨੂੰ ਧੂਣਾ, ਲਟਾਉਣਾ, ਮੈਂ ਚਾਂਗਰਾਂ ਮਾਰਨੀਆਂ ਲੱਤਾਂ ਛੱੜੀਆਂ ਮਾਰਨੀਆਂ, ਕਈਆਂ ਦੇ ਨੱਕ ਮੂੰਹ ਨੀਲੇ ਹੋਣੇ। ਆਂਢ ਗਵਾਂਢ ਦੀਆਂ ਜਨਾਨੀਆਂ ਨੇ ਕੋਠਿਆਂ ਬਨੇਰਿਆਂ ਤੋਂ ਸਾਡੇ ਵਿਹੜੇ ਦਾ ਹਵਾਈ ਸਰਵੇਖਣ ਕਰਦਿਆਂ ਮੇਰੀ ਮਾਂ ਨੂੰ ਮੱਠਾ ਮੱਠਾ ਝਿੜਕਣਾ, "ਨੀ ਛੱਡ ਪਰ੍ਹਾਂ, ਕੀ ਐਂਵੇਂ ਨਿਆਣੇ ਦੀਆਂ ਲੇਰਾਂ ਕੱਢਾਉਣ ਡਹੀ ਏਂ, ਮੇਰਾ ਤਾਂ ਕਲੇਜਾ ਕੰਬਦਾ ਇਹਦੀ ਡਾਡ ਸੁਣ ਕੇ। "

ਏਨੇ ਚਿਰ ਵਿਚ ਉਹ ਕਲਹਿਣੀ ਦਵਾਈ ਮੇਰੇ ਸੰਘੋਂ ਥੱਲੇ ਉੱਤਰ ਚੁੱਕੀ ਹੁੰਦੀ ਤੇ ਮਾਂ ਦਾ ਦੂਸਰਾ ਰੂਪ ਉਜਾਗਰ ਹੋ ਰਿਹਾ ਹੁੰਦਾ,

"ਲੈ, ਏਨੀ ਤੇ ਗੱਲ ਸੀ, ਮੈਂ ਹੁਣੇ ਆਪਣੇ ਪੁੱਤ ਲਈ ਦੁੱਧ ਲਿਆਉਂਦੀ ਆਂ ਖੰਡ ਪਾ ਕੇ "।

ਮੈਂ ਪੰਜ ਸੱਤ ਮਿੰਟ ਉੱਥੇ ਹੀ ਸਿਰ ਲੱਤਾਂ ਵਿਚ ਦੇਈ ਬੈਠੇ ਨੇ, ਆਪਣੀ ਲਾਚਾਰਗੀ ਦਾ ਹੌਲ਼ੀ ਹੌਲ਼ੀ ਰੀਂ ਰੀਂ ਕਰਕੇ ਸੋਗ ਮਨਾਉਣਾ, ਅੱਖਾਂ ਨੱਕ ਪੂੰਝਣੇ, ਲਾਗੋਂ ਲੰਘਦੇ ਭੈਣ ਭਰਾਵਾਂ ਵੱਲ ਦੰਦੀਆਂ ਕਰੀਚਣੀਆਂ ਤੇ ਉਹਨਾਂ ਦੰਦੀਆਂ ਕੱਢਣੀਆਂ। ਮਾਂ ਨੇ ਕੱੜ੍ਹੇ ਦੁੱਧ ਦਾ ਗਰਮ ਗਲਾਸ ਆਪਣੀ ਚੁੰਨੀ 'ਚ ਲਪੇਟ ਕੇ ਮੈਨੂੰ ਦੇ ਜਾਣਾ ਤੇ ਉਹਦੇ ਖ਼ਤਮ ਹੁੰਦਿਆ ਤਕ ਇਸ ਹੁਣੇ ਹੁਣੇ ਹੋਈ ਬੇਇੱਜ਼ਤੀ ਦਾ ਅਹਿਸਾਸ ਖ਼ਤਰੇ ਦੇ ਨਿਸ਼ਾਨ ਤੋਂ ਹੇਠਾਂ ਵਹਿ ਤੁਰਨਾਂ। ਭਾਵੇਂ ਅੱਜ ਕਲ ਖੰਘ ਦੀਆਂ ਪੀਣ ਵਾਲੀਆਂ

ਦਵਾਈਆਂ ਮਿੱਠੀਆਂ ਆਉਣ ਲੱਗ ਪਈਆਂ ਨੇ ਪਰ ਮੈਨੂੰ ਮੇਰੇ 'ਤੇ ਹੋਏ ਉਹ ਅੱਤਿਆਚਾਰ ਕਦੀ ਨਹੀਂ ਭੁੱਲਦੇ।

ਬਸ ਏਸੇ ਤਜਰਬੇ ਦੀ ਬਿਨਾਅ 'ਤੇ ਮੈਂ ਅੱਜ ਘਰਵਾਲੀ ਤੋਂ ਇਹ ਪੁੱਛ ਬੈਠਾ ਸਾਂ, "ਇਹ ਦਵਾਈ ਕਿੱਦਾਂ ਹੈ।" ਉਹਨੇ ਬੜੀਆਂ ਸਵਾਲੀਆ ਨਜਰਾਂ ਨਾਲ ਮੈਨੂੰ ਤੱਕਿਆ ਤੇ ਕਿਹਾ, "ਦਵਾਈ ਤੇ ਦੁਵਾਈ ਹੈ, ਇਹਦਾ ਕੀ ਹੋਣਾ"। ਮੈਂ ਕਿਹਾ, "ਭਾਗਵਾਨੇ, ਮੇਰਾ ਮਤਲਬ, ਮਿੱਠੀ ਆ ਜਾਂ ਕੌੜੀ ਆ।"

ਉਸ ਮੂੰਹ ਜਿਹਾ ਮੀਟਕੇ ਕੁਝ ਕਿਹਾ ਜਿਹੜਾ ਮੈਨੂੰ ਲੱਗਾ ਭਈ ਕਹਿੰਦੀ ਆ, "ਮਿੱਟੀ ਆ"।

ਮੈਂ ਤਾਂ ਹੋਮਿਓਪੈਥਿਕ ਦਵਾਈਆਂ 'ਤੇ ਉੱਕਾ ਹੀ ਵਿਸ਼ਵਾਸ ਨਹੀਂ ਕਰਦਾ। ਪਹਿਲਾਂ ਤਾਂ ਸੌ ਸਵਾਲ ਪੁੱਛਦੇ, ਘਰ 'ਚ ਹੋਰ ਕੌਣ ਕੌਣ ਹੈ, ਰੋਟੀ ਕਿੰਨੇ ਵਜੇ ਖਾਂਦੇ, ਸੁਫਨੇ ਕਿਹੇ ਜਹੇ ਆਉਂਦੇ, ਬਿਮਾਰੀ ਦਾ ਤਾਂ ਐਵੇਂ ਝਾਕਾ ਜਿਹਾ ਪਵਾਉਂਦੇ। ਫਿਰ ਇਕ ਘਸੇ ਜਹੇ ਕਾਰਡ 'ਤੇ ਕੁਝ ਗੁੱਝੀ ਜਹੀ ਭਾਸ਼ਾ ਲਿਖਕੇ ਆਪਣੇ ਕਾਰਿੰਦੇ ਨੂੰ ਫੜਾ ਦਿੰਦੇ। ਦਵਾਈ ਕਿੱਦਾਂ ਖਾਣੀ, ਉਹੀ ਦੱਸੂਗਾ; ਪੈਸੇ ਕਿੰਨੇ ਦੇਣੇ, ਉਹੀ ਦੱਸੂਗਾ; ਫਿਰ ਕਦੋਂ ਆਈਏ, ਉਹੀ ਦੱਸੂਗਾ। ਤੁਸੀਂ ਛਿੱਥੇ ਜਹੇ ਹੋ ਕੇ ਉੱਠ ਪੈਂਦੇ ਹੋ ਤੇ ਉਹ ਅਗਲੇ ਗਾਹਕ ਤੋਂ ਉਹਦੇ ਸੁਫਨੇ ਸੁਣਨ ਲੱਗ ਪੈਂਦਾ ਹੈ। ਉਹ ਇਹ ਤਾਂ ਦੱਸਦੇ ਨਹੀਂ ਕਿ ਤੁਹਾਨੂੰ ਦਵਾਈ ਕਿਹੜੀ ਦਿੱਤੀ ਹੈ, ਪਰ ਪੰਡ ਪੁੜੀਆਂ ਤੇ ਸ਼ੀਸ਼ੀਆਂ ਦੀ ਫੜਾ ਦੇਂਦੇ ਨੇ। ਕਿਹੜੀ ਕਦੋਂ ਖਾਣੀ, ਇਹ ਯਾਦ ਕਰਦੇ ਕਰਦੇ ਤੁਸੀਂ ਬਾਜ਼ਾਰ 'ਚ ਏਦਾਂ ਤੁਰ ਰਹੇ ਹੁੰਦੇ ਹੋ ਜਿਵੇਂ ਨਿਆਣਾ ਸਕੂਲ ਜਾਂਦਿਆਂ ਸਬਕ ਨੂੰ ਰੱਟਾ ਮਾਰ ਰਿਹਾ ਹੋਵੇ। ਪਤਾ ਹੀ ਨਹੀਂ ਲੱਗਦਾ ਏਨੀ ਟ੍ਰੈਫਿਕ ਤੇ ਗੰਦੀਆਂ ਨਾਲੀਆਂ ਪਾਰ ਕਰਦੇ ਤੁਸੀਂ ਕਦੋਂ ਘਰ ਪਹੁੰਚ ਜਾਂਦੇ ਹੋ। ਹਾਂ ਇਸ ਸਾਰੇ ਘਟਨਾਕ੍ਰਮ ਦਾ ਇਕ ਸੁਖਦਾਈ ਪਹਿਲੂ ਇਹੀ ਰਹਿੰਦਾ ਹੈ ਕਿ ਦਵਾਈ ਅਸਰਦਾਇਕ ਹੋਵੇ ਨਾ ਹੋਵੇ, ਐਲੋਪੈਥਿਕ ਦੀ ਨਿਸਬਤ ਕਾਫੀ ਸਸਤੀ ਹੁੰਦੀ ਹੈ। ਪਰ ਅੱਜ ਕਲ ਤਾਂ ਇਹ ਦਾਹਵਾ ਵੀ ਝੂਠਾ ਹੀ ਬਣ ਚੱਲਿਆ ਹੈ। ਉਹ ਦੋਂਹ ਰੁਪਏ ਵਾਲੀ ਦਵਾਈ ਹੁਣ ਚਾਰ ਸੌ...ਪੰਜ ਸੌ ਤੋਂ ਘੱਟ ਨਹੀਂ ਆਉਂਦੀ।

ਜੇ ਕਦੀ ਪੁੱਛੋ ਕਿ ਡਾਕਟਰ ਸਾਹਿਬ ਦਵਾਈ ਲੈਂਦਿਆਂ ਪੰਜ ਦਿਨ ਹੋਗੇ ਪਰ ਤਬੀਅਤ ਤਾਂ ਪਹਿਲਾਂ ਨਾਲੋਂ ਵੀ ਖ਼ਰਾਬ ਹੋਈ ਜਾਂਦੀ ਹੈ। ਥੋੜ੍ਹਾ ਰੁਕਣ ਗੇ, ਥੋੜ੍ਹਾ ਮੁਸ਼ਕਰਾਉਣ ਗੇ, ਫਿਰ ਕਹਿਣ ਗੇ, "ਸਰਦਾਰ ਜੀ, ਇਹਦਾ ਮਤਲਬ ਦਵਾਈ ਅਸਰ ਕਰ ਰਹੀ ਹੈ, ਇਹ ਦਵਾਈ ਰੋਗ ਨੂੰ ਪਹਿਲਾਂ ਵਧਾਉਂਦੀ ਹੈ, ਫਿਰ ਜੜਾਂ ਤੋਂ ਮੁਕਾਉਂਦੀ ਹੈ। ਜੇ ਚਾਹੁੰਦੇ ਹੋ ਕਿ ਜ਼ਿੰਦਗੀ ਭਰ ਲਈ ਇਸ ਬਿਮਾਰੀ ਤੋਂ ਨਿਜਾਤ ਮਿਲੇ ਤਾਂ ਇਸ ਵਾਰ ਲੰਮਾ ਸਮਾਂ ਤਕਰੀਬਨ ਪੰਜ ਛੇ ਮਹੀਨੇ ਜ਼ਰੂਰ ਖਾਉ। ਹੁਣ ਇਸ ਤਰਕ ਦਾ ਮੈਨੂੰ ਕਦੀ ਕੋਈ ਜਵਾਬ ਨਹੀਂ ਔੜਿਆ। ਦਵਾਈਆਂ ਖਾਣ ਦੀਆਂ ਉੱਤੋਂ ਹਜ਼ਾਰਾਂ ਪਾਬੰਦੀਆਂ ਨੇ। ਖਾਲੀ ਪੇਟ ਖਾਣੀ, ਭਰੇ ਢਿੱਡ ਖਾਣੀ, ਕਾਫ਼ੀ ਨਹੀਂ ਪੀਣੀ, ਪਿਆਜ਼ ਨਹੀਂ ਖਾਣਾ। ਜਣੀਕੇ ਤੁਹਾਡੀ ਰੂਟੀਨ ਦਾ ਪੂਰਾ ਸੱਤਿਆਨਾਸ ਕਰ ਕੇ, ਤੁਹਾਡੀ ਬੀਵੀ ਨੂੰ ਇਹ ਕਹਿ ਕੇ, "ਭੈਣ ਜੀ, ਇਹਨਾਂ ਦੀ ਦਵਾਈ ਦਾ ਧਿਆਨ ਰੱਖਣਾ ਤੁਹਾਡੀ ਜੁੰਮੇਵਾਰੀ ਹੈ," ਪਿੱਛੇ ਲਾ ਦੇਂਦੇ ਨੇ। ਇਸ ਤਰ੍ਹਾਂ ਉਹਨਾਂ ਦੀ ਹਦਾਇਤ ਨੂੰ ਨਿਹਾਇਤ ਸੰਜੀਦਗੀ ਨਾਲ ਲੈਂਦੇ ਹੋਏ ਮੇਰੇ ਘਰ ਵਿਚ ਮੇਰੀ ਮਰਜ਼ੀ ਬਰਖ਼ਿਲਾਫ ਇਕ ਹੋਮਿਓਪੈਥ ਪੈਦਾ ਹੋ ਜਾਂਦਾ ਹੈ ਜਿਸ ਦੀ ਤਾਕੀਦ ਨੂੰ ਨਜ਼ਰ ਅੰਦਾਜ਼ ਕਰਨਾ ਇਕ ਸੰਗੀਨ ਜੁਰਮ ਹੁੰਦਾ ਹੈ। ਮੈਂ ਇਹਨਾਂ ਮਰਹਲਿਆਂ ਵਿਚੋਂ ਕਈ ਵਾਰ ਗੁਜ਼ਰਿਆਂ ਹਾਂ। ਮੈਂ ਕਈ ਵਾਰ ਘਰਵਾਲੀ ਤੋਂ ਬਲ੍ਹਾਦਾ ਲੁਕ ਲੁਕਾ ਕੇ ਐਲੋਪੈਥਿਕ ਡਾਕਟਰਾਂ ਦੀ ਸਲਾਹ 'ਤੇ ਦਵਾਈ ਲੈ ਕੇ ਠੀਕ ਵੀ ਹੋਇਆ ਹਾਂ। ਪਰ ਉਸ ਕਰਮਾਂਵਾਲੀ ਨੇ ਬਿਨਾਂ ਨਾਗਾ ਮੈਥੋਂ ਹੋਮਿਓਪੈਥੀ ਦੇ ਪੂਰੇ ਪੂਰੇ ਕੋਰਸ ਕਰਾਏ ਨੇ, ਚਾਹੇ ਮੈਂ ਲੱਖ ਵਾਰ ਇਸ ਨਾਮੁਰਾਦ ਇਲਾਜ ਵਿਚ ਆਪਣਾ ਅਵਿਸ਼ਵਾਸ ਜ਼ਾਹਰ ਕਰਦ ਰਿਹਾ ਹਾਂ। ਉਹ ਹੋਮਿਓਪੈਥੀ ਦਾ ਪੂਰਣ ਪੱਖ ਪੂਰਦੀ ਹੈ ਤੇ ਮੈਂ ਵਿਰੋਧ ਕਰਦਾ ਹਾਂ।

ਮੇਰੇ ਬਚਪਨ ਦੇ ਤੇ ਉਸ ਤੋਂ ਬਾਅਦ ਦੇ ਤਜਰਬੇ ਇਹੀ ਨਤੀਜਾ ਕੱਢਦੇ ਨੇ ਕਿ ਦਵਾਈ ਦਾ

ਮੂਲ ਗੁਣ ਉਹਦਾ ਕੌੜਾ ਜਾਂ ਮਿੱਠਾ ਹੋਣਾ ਹੀ ਹੈ। ਬਾਕੀ ਸਭ ਗੁਣਾਂ ਨਾਲ ਬੰਦਾ ਕੁਝ ਨਾ ਕੁਝ ਰਜ਼ਾਮੰਦੀ ਬਣਾ ਲੈਂਦਾ ਹੈ ਪਰ ਕੌੜੀ ਸ਼ੈਅ ਭਾਵੇਂ ਕਿੰਨੀ ਵੀ ਮੁਫੀਦ ਕਿਉਂ ਨਾ ਹੋਵੇ , ਥੂ ਥੂ ਹੀ ਕਰਵਾਉਂਦੀ ਹੈ।

ਜਿਨ੍ਹਾਂ ਨੇ ਕਦੀ ਕੁਨੀਨ ਦੀਆਂ ਗੋਲ਼ੀਆਂ ਖਾਧੀਆਂ, ਉਹਨਾਂ ਨੂੰ ਇਸ ਦਾ ਜ਼ਾਇਕਾ ਅੱਜ ਤਕ ਨਹੀਂ ਭੁੱਲਿਆ ਹੋਣਾ। ਮੈਂ ਫੌਜ ਦੀ ਨੌਕਰੀ ਦੇ ਸ਼ੁਰੂਆਤੀ ਸਾਲਾਂ ਵਿਚ ਆਸਾਮ ਵਿਚ ਸੀ, ਉੱਥੇ ਮੀਂਹ ਬਹੁਤ ਪੈਂਦਾ ਸੀ। ਜ਼ਿਆਦਾ ਜੰਗਲ ਹੋਣ ਕਰਕੇ ਮੱਛਰਾਂ ਦਾ ਬਹੁਤ ਪਰਕੋਪ ਹੁੰਦਾ ਸੀ ਤੇ ਕਈ ਫੌਜੀ ਮਲੇਰੀਆ ਦੇ ਸ਼ਿਕਾਰ ਹੋ ਜਾਂਦੇ। ਇੱਥੋਂ ਦਾ ਦਿਮਾਗ਼ੀ ਮਲੇਰੀਆ ਬਹੁਤ ਘਾਤਕ ਰੋਗ ਹੁੰਦਾ ਸੀ ਜੋ ਜ਼ਿਆਦਾਤਰ ਜਾਨਲੇਵਾ ਸਾਬਤ ਹੁੰਦਾ। ਅਸੀਂ ਫੌਜੀਆਂ ਦੇ ਬਚਾਅ ਲਈ ਉਹਨਾਂ ਨੂੰ ਕੁਨੀਨ ਦੀਆਂ ਗੋਲ਼ੀਆਂ ਦੇਣੀਆਂ ਪਰ ਕੌੜੀਆਂ ਹੋਣ ਕਰਕੇ ਉਹਨਾਂ ਸੁੱਟ ਦੇਣੀਆਂ। ਮਲੇਰੀਏ ਦੇ ਕੇਸਾਂ ਨੇ ਵੱਧਦੇ ਰਹਿਣਾ। ਫਿਰ ਅਸੀਂ ਯੂਨਿਟ ਵਿਚ ਕੁਨੀਨ ਪਰੇਡ ਸ਼ੁਰੂ ਕਰਵਾਈ। ਕੰਪਨੀ ਦੇ ਜਵਾਨਾਂ ਨੂੰ, ਆਪਣਾ ਆਪਣਾ ਗਲਾਸ ਲੈ ਕੇ, ਇਕ ਲਾਈਨ 'ਚ ਖੜ੍ਹੇ ਕਰ ਲੈਣਾਂ। ਕੁਨੀਨ ਦੀਆਂ ਗੋਲ਼ੀਆਂ ਦਾ ਡੱਬਾ ਇਕ ਹੱਥ ਤੇ ਦੂਜੇ ਹੱਥ 'ਚ ਪਾਣੀ ਦਾ ਜੱਗ ਲੈ ਕੇ ਹਰ ਇਕ ਅੱਗੇ ਖਲੋ ਜਾਣਾ; ਪਹਿਲਾਂ ਉਹਦਾ ਗਲਾਸ ਪਾਣੀ ਨਾਲ ਭਰਨਾ, ਫਿਰ ਉਸ ਨੂੰ ਮੂੰਹ ਟੱਡਣ ਲਈ ਆਖਣਾ ਤੇ ਗੋਲ਼ੀ ਆਪ ਉਹਦੇ ਮੂੰਹ ਵਿਚ ਪਾਉਣੀ। ਫਿਰ ਕੁਝ ਰੁਕ ਕੇ ਇਹ ਯਕੀਨ ਕਰਨਾ ਕਿ ਗੋਲ਼ੀ ਅੰਦਰ ਲੰਘਾ ਲਈ ਹੈ। ਕਦੀ ਕਦੀ ਕੋਈ ਜਵਾਨ ਹਾਲੇ ਵੀ ਕੁਨੀਨ ਦੇਣ ਵਾਲੇ ਦੀਆਂ ਅੱਖਾਂ 'ਚ ਘੱਟਾ ਪਾਉਣ ਦੀ ਕੋਸ਼ਿਸ਼ ਜ਼ਰੂਰ ਕਰਦਾ ਪਰ ਫੜਿਆ ਜਾਂਦਾ ਤੇ ਸਿਹਤ ਨਿਯਮਾਂ ਦੀ ਉਲੰਘਣਾ ਦੇ ਦੋਸ਼ ਹੇਠ ਸੱਤ ਦਿਨ ਦੀ ਪਿੱਠੂ ਪਰੇਡ ਲਵਾ ਬਹਿੰਦਾ। ਕੁਨੀਨ ਪਰੇਡ ਦੀ ਰਿਪੋਰਟ ਛੋਟੇ ਅਧਿਕਾਰੀਆਂ ਤੋਂ ਕੰਮਾਡਿੰਗ ਅਫਸਰ ਤਕ ਜਾਣੀ। ਏਨੇ੍ਯੱਭਾਂ ਨਾਲ ਇਹ ਪਰੇਡ ਚਲਾਉਣ ਦਾ ਅਸਰ ਇਹ ਹੋਇਆ ਕਿ ਮਲੇਰੀਏ ਦੇ ਕੇਸ ਘਟ ਗਏ। ਪਰ ਇਸ ਤੋ ਬਾਅਦ ਮੈਂ ਇਹ ਵੀ ਮੰਨਣ ਲੱਗ ਪਿਆ ਕਿ ਵਾਹ ਲੱਗਦੇ ਬੰਦਾ ਕੌੜੀ ਦਵਾਈ ਨਹੀਂ ਖਾਂਦਾ, ਫਿਰ ਭਾਵੇਂ ਉਹਦੀ ਜਾਨ ਵੀ ਕਿਉਂ ਨਾ ਦਾਅ 'ਤੇ ਲੱਗੀ ਹੋਵੇ।

ਹਾਂ ਸੱਚ ਮੈਂ ਦੱਸ ਰਿਹਾ ਸੀ ਕਿ ਉਦਣ ਜਦੋਂ ਮੇਰੀ ਜੀਵਨ ਸਾਥਣ ਹੋਮਿਓਪੈਥੀ ਦਵਾਈਆਂ ਦੀਆਂ ਪੁੜੀਆਂ ਤੇ ਸ਼ੀਸ਼ੀਆਂ ਦਾ ਝੋਲ਼ਾ ਭਰੀ ਘਰ ਪਰਤੀ ਤੇ ਉਹ ਪਹਿਲੀ ਡੋਜ਼ ਖਾ ਰਹੀ ਸੀ ਤਾਂ ਮੈਂ ਮਹਿਜ਼ ਆਪਣੇ ਕੌੜੇ ਤਜਰਬਾਤ ਦੀ ਬਿਨਾਅ 'ਤੇ ਇਹ ਪੁੱਛਿਆ ਸੀ, "ਦਵਾਈ ਕਿੱਦਾਂ ਹੈ, ਕੌੜੀ ਹੈ ਜਾਂ ਮਿੱਠੀ"।

ਜਦ ਉਸ ਕਿਹਾ ਜਾਂ ਸ਼ਾਇਦ ਮੈਂ ਇਹ ਸੁਣਿਆ, "ਮਿੱਟੀ ਹੈ" ਤਾਂ ਬਦਕਿਸਮਤੀ ਨਾਲ ਮੈਨੂੰ ਸ਼ਰਾਰਤ ਸੁੱਝੀ ਤੇ ਮੈਂ ਕਹਿ ਬੈਠਾ, "ਦੋਂਹ ਰੁੱਪਈਆਂ 'ਚ ਮਿੱਟੀ ਹੀ ਆਉਣੀ, ਹੋਰ ਕੀ ਆਉਣਾ"। ਪਵਾੜਾ ਪੈਣਾ ਹੀ ਸੀ, ਸੋ ਪੈ ਗਿਆ। ਸੋ ਓਸੇ ਦਿਨ ਤੋਂ ਸਾਡੇ ਘਰ ਵਿਚ ਹੋਮਿਓਪੈਥੀ ਦੇ 'ਫਾਰ ਐਂਡ ਅਗੇਨਸਟ' ਦੀ ਗੋਸ਼ਟੀ ਦਾ ਆਗਾਜ਼ ਹੋਇਆ ਹੈ ਜੋ ਅੱਜ ਤਕ ਜਾਰੀ ਹੈ।

ਅਸੀਂ ਹੁਣ ਇਸ ਅੰਤਹੀਣ ਡਿਬੇਟ ਨੂੰ ਸਾਰੀ ਉਮਰ ਬਰਕਰਾਰ ਰੱਖਣ ਦਾ ਫੈਸਲਾ ਕਰ ਲਿਆ ਹੈ ਤਾਂ ਕਿ ਇਹ ਸਾਡੀ ਜ਼ਿਹਨੀ ਵਰਜਿਸ਼ ਤੇ ਸ਼ੁਗਲ ਦਾ ਸੋਮਾ ਬਣੀ ਰਹੇ। 000

***(ਫੋਨ: +91-84276-40440)***

# ਬਾਬਾ ਫਰੀਦ ਤੋਂ ਪਹਿਲਾਂ ਪੰਜਾਬੀ ਅਦਬ ਦੇ ਮੁਹਾੜ
## ਸਈਅਦ ਭੁੱਟਾ

ਪੰਜਾਬੀ ਅਦਬ ਦੀਆਂ ਬਾਹਲ਼ੀਆ ਕਿਤਾਬਾਂ ਵਿਚ ਇਹ ਗੱਲ ਦਹੁਰਾਈ ਵੈਂਦੀ ਏ ਕਿ ਬਾਬਾ ਫਰੀਦ ਉਲਦੀਨ ਮਸਊਦ ਗੰਜ ਸ਼ਕਰ (1188-1280) ਪੰਜਾਬੀ ਦੇ ਪਹਿਲੇ ਸ਼ਾਇਰ ਹਨ। ਇਹ ਗੱਲ ਏਸ ਹੱਦ ਤੀਕਰ ਤਾਂ ਠੀਕ ਹੀ ਹੈ ਕਿ ਬਾਬਾ ਫਰੀਦ ਤੋਂ ਪਹਿਲਾਂ ਦੇ ਸ਼ਾਇਰਾਂ ਦੀ ਚੋਖੀ ਸ਼ਾਇਰੀ ਨਹੀਂ ਲੱਭ ਸਕੀ। ਪਰ ਉਹਨਾਂ ਤੋਂ ਅਗਦੂੰ ਪੰਜਾਬੀ ਸ਼ਾਇਰੀ ਦੀਆਂ ਮੁਹਾੜ-ਬੰਨ੍ਹ ਲਹਿਰਾਂ ਨਾਥ ਪੰਥ ਤੇ ਇਸਮਾਈਲੀ ਲਹਿਰ ਵਿਖਾਲ਼ੀ ਵੈਂਦੀਆਂ ਹਨ, ਜਿਨ੍ਹਾਂ ਦੇ ਪੰਜਾਬੀ ਅਦਬ ਉੱਤੇ ਗੂੜ੍ਹੇ ਪਰਛਾਵੇਂ ਵੇਖੇ ਜਾ ਸਕਦੇ ਹਨ। ਪੰਜਾਬ ਦੇ ਮਾਨਯੋਗ ਖੋਜੀ ਬਾਬਾ ਗੁਰੂ ਨਾਨਕ (1469-1539) ਜਦੋਂ ਬਰੇ ਆਜ਼ਮ (ਮਹਾਂਦੀਪ) ਦੀਆਂ ਅੱਡ ਅੱਡ ਜੂਹਾਂ ਦਾ ਸਫਰ ਕੀਤਾ ਤਾਂ ਉਹਨਾਂ ਸਮਕਾਲੀ ਸੂਝਵਾਨਾਂ ਨਾਲ ਵਿਚਾਰ-ਵਟਾਂਦਰਾ ਕੀਤਾ। ਉਹਨਾਂ ਨੂੰ ਜਿਹੜੀ ਗੱਲ ਵਾਰਾ ਨਹੀਂ ਖਾਂਵਦੀ ਉਹਦੀ ਨਿੰਦਿਆ ਕੀਤੀ ਤੇ ਮਨ ਭਾਵਨੀ ਦੀ ਚਰਚਾ। ਜੇ ਉਹਨਾਂ ਦੇ ਰੂਹਾਨੀ ਆਗੂਆਂ ਸ਼ਾਇਰੀ ਕੀਤੀ ਹਾ ਤਾਂ ਉਹ ਚੇਲਿਆਂ ਤੇ ਮੁਰੀਦਾ ਕੋਲ਼ੋਂ ਲਿਖ ਲਈ। ਬਾਬਾ ਫਰੀਦ ਦੀ ਸ਼ਾਇਰੀ ਵੀ ਉਹਨਾਂ ਦੇ ਯਾਰਵੇਂ ਗੱਦੀ ਨਸ਼ੀਨ ਸ਼ੇਖ ਇਬਰਾਹੀਮ ਕੋਲ਼ੋਂ ਲਈ, ਜਿਹੜੀ ਹੁਣ 'ਆਦਿ ਗ੍ਰੰਥ' ਵਿਚ ਸ਼ਾਮਲ ਹੈ।

ਦਾਹਵੀਂ ਸਦੀ ਤੋਂ ਪੰਦਰਵੀਂ ਸਦੀ ਤੀਕਰ ਨਾਥ ਸਿੱਧ ਜੋਗੀਆਂ ਦੀ ਫਿਕਰ (ਚਿੰਤਨ) ਦੀ ਹਿੰਦੁਸਤਾਨ ਤੇ ਖਾਸ ਤੌਰ 'ਤੇ ਪੰਜਾਬ ਵਿਚ ਉਚੇਚਤਾ ਰਹੀ ਹੈ। ਬਾਬਾ ਗੁਰੂ ਨਾਨਕ ਹੋਰੀਂ ਬਾਲਪੁਣੇ ਤੋਂ ਈ ਨਾਥ ਜੋਗੀਆਂ ਨੂੰ ਜਾਣਦੇ ਹਾਨ, ਕਿਉਂਜੁ ਉਹ ਤਲਵੰਡੀ (ਨਨਕਾਣਾ ਸਾਹਿਬ) ਲਾਗੇ ਡੇਰੇ ਲਾਉਂਦੇ ਸਨ। ਜਦੋਂ ਬਾਬਾ ਗੁਰੂ ਨਾਨਕ ਹੋਰਾਂ ਸੂਝਵਾਨਾਂ ਨਾਲ ਮੁਕਾਲਮਾ (ਗੋਸ਼ਟ) ਕੀਤਾ ਤਾਂ ਨਾਥ ਪੰਥੀਆਂ ਨਾਲ ਵੀ ਮੁਲਾਕਾਤ ਜ਼ਰੂਰੀ ਹਾਈ। ਉਹਨਾਂ ਦੀ ਜੀਵਨੀ ਬਾਰੇ 'ਪੁਰਾਤਨ ਜਨਮ ਸਾਖੀ' ਵਿਚ 'ਪਹਿਲੀ ਉਦਾਸੀ', 'ਦੂਜੀ ਉਦਾਸੀ' ਤੇ 'ਪੰਜਵੀਂ ਉਦਾਸੀ' ਸਮੇਂ ਮੁਕਾਲਮਾ ਮਿਲਦਾ ਹੈ। ਗੁਰੂ ਨਾਨਕ ਹੋਰਾਂ ਦੀ ਸ਼ਾਇਰੀ ਵਿਚ ਮਛੰਦਰ ਨਾਥ ਤੇ ਗੋਰਖ ਨਾਥ ਦੇ ਨਾਂ ਸਹਿਜ ਸੁਭਾਅ ਵੇਖੇ ਜਾ ਸਕਦੇ ਹਨ। ਜ਼ਾਹਰ ਹੈ ਕਿ ਮਛੰਦਰ ਨਾਥ ਤੇ ਗੋਰਖ ਨਾਥ ਉਹਨਾਂ ਤੋਂ ਕਈ ਸਦੀਆਂ ਪਹਿਲਾਂ ਦੇ ਸੂਝਵਾਨ ਹੈਨ। ਸਿੱਖ ਸੂਝਵਾਨ ਇਹਨੂੰ ਉਹਨਾਂ ਦੀ ਫਿਕਰ ਨੂੰ ਮੁਖ਼ਾਤਬ ਕਰਨਾ ਆਖਦੇ ਹਨ। ਉਹਨਾਂ ਨਾਥਾਂ ਦੀ ਤਪੱਸਿਆ, ਗ੍ਰਹਿਸਤੀ ਜੀਵਨ ਦਾ ਤਰਕ (ਤਿਆਗ) ਤੇ ਸਵਾਣੀ ਤੋਂ ਦੂਰੀ ਦੀ ਨਿੰਦਿਆ ਕੀਤੀ ਹੈ। ਉਹ ਦੁਨੀਆਂ ਛੱਡਣ ਦੇ ਵਿਰੋਧੀ ਹਨ। ਖੌਰੇ ਏਸੇ ਪਾਰੋਂ ਨਾਥਾਂ ਦੀ ਸ਼ਾਇਰੀ ਬਾਬੇ ਨਾਨਕ ਦੀ ਚੋਣ ਦਾ ਹਿੱਸਾ ਨਹੀਂ ਬਣ ਸਕੀ।

ਇਸਮਾਈਲੀ ਪੀਰਾਂ ਵਿਚੋਂ ਸਈਅਦ ਨੂਰ ਉਲਦੀਨ ਸਤਿਗੁਰ (-1079), ਪੀਰ ਸ਼ਮਸ ਮੁਲਤਾਨੀ (1180-1267) ਤੇ ਪੀਰ ਸਦਰ ਉਲਦੀਨ (1290-1409) ਯਾਰਵੀਂ ਸਦੀ ਤੋਂ ਚੌਧਵੀਂ ਸਦੀ ਤੀਕਰ ਉੱਚ ਮੁਲਤਾਨ, ਸਿੰਧ ਤੇ ਗੁਜਰਾਤ ਵਿਚ ਪਰਚਾਰ ਕਰ ਰਹੇ ਸਨ ਤੇ ਤ੍ਰੈਹੇਂ ਸ਼ਾਇਰ ਵੀ ਸਨ। ਪੀਰ ਸ਼ਮਸ ਤੇ ਗੁਰੂ ਨਾਨਕ ਵਿਚਕਾਰ ਇਕ ਮੁਕਾਲਮੇ ਦੀ ਦੱਸ ਵੀ ਪੈਂਦੀ ਹੈ। ਪ੍ਰੋ. ਮੋਹਨ ਸਿੰਘ ਨੇ ਬਾਬੇ ਨਾਨਕ ਦੀ ਮਨਜ਼ੂਮ (ਕਾਵਿ) ਜੀਵਨੀ ਵਿਚ ਇਹ ਵਾਕਿਆ ਇੰਝ ਲਿਖਿਆ ਹੈ:

*ਜਿਹੜੇ ਵੇਲ਼ੇ ਗੁਰੂ ਜੀ ਪੁੱਜੇ ਵਿਚ ਮੁਲਤਾਨ*
*ਉਸ ਥਾਂ ਸ਼ਮਸ ਤਬਰੇਜ਼ ਵੀ ਡੇਰਾ ਕੀਤਾ ਆਣ*
*ਖਬਰ ਉਨ੍ਹਾਂ ਦੇ ਆਣ ਦੀ ਪਹੁੰਚੀ ਲੋਕਾਂ ਤਕ*
*ਦੁੱਧ ਕਟੋਰਾ ਭੇਜਿਆ ਪੀਰਾਂ ਨੱਕੋ ਨੱਕ*

*ਭਾਵ ਅੱਗੇ ਹੀ ਸ਼ਹਿਰ ਇਹ ਭਰਿਆ ਪੀਰਾਂ ਨਾਲ*
*ਬਾਬੇ ਨਾਨਕ ਸਮਝ ਕੇ ਕੋਮਲ ਇਹ ਸਵਾਲ*

ਮੋਹਨ ਸਿੰਘ ਨੇ ਪੀਰ ਸ਼ਮਸ ਨੂੰ ਤਬਰੇਜ਼ ਲਿਖਿਆ ਹੈ, ਜਿਹੜਾ ਕਿ ਭੁਲੇਖੇ ਭਰਿਆ ਹੈ। ਪੰਜਾਬੀ ਸ਼ਾਇਰ ਸ਼ਾਹ ਸ਼ਮਸ ਸਬਜ਼ਦਾਰੀ ਤੇ ਮੌਲਾਨਾ ਰੂਮ ਦੇ ਮੁਰਸ਼ਿਦ ਸ਼ਾਹ ਸ਼ਮਸ ਤਬਰੇਜ਼ ਦੋ ਵੱਖ ਵੱਖ ਹਸਤੀਆਂ ਸਨ। ਮੁਲਤਾਨ ਵਿਚ ਸ਼ਾਹ ਸ਼ਮਸ ਸਬਜ਼ਦਾਰੀ ਦਾ ਰੋਜ਼ਾ ਹੈ। ਸ਼ਾਹ ਸ਼ਮਸ ਸਬਜ਼ਦਾਰੀ ਤੇਰ੍ਹਵੀਂ ਸਦੀ ਈਸਵੀ ਵਿਚ ਸ਼ਾਇਰੀ ਕਰ ਰਹੇ ਹਾਇਨ ਜਦੋਂ ਕਿ ਬਾਬੇ ਨਾਨਕ ਹੋਰਾਂ ਦਾ ਸਮਾਂ ਪੰਦਰਵੀਂ ਸੋਲ੍ਹਵੀਂ ਸਦੀ ਦਾ ਹੈ। ਸਿੱਖਾਂ ਦੀਆਂ ਮਜ਼ਹਬੀ ਰੀਤਾਂ ਮੂਜਬ ਇਹਨੂੰ ਰੂਹਾਨੀ ਮੁਕਾਲਮਾ ਵੀ ਮੰਨ ਲਈਏ ਤਾਂ ਵੀ ਇਹ ਗੱਲ ਨਜ਼ਰ ਪੈਂਦੀ ਹੈ ਕਿ ਬਾਬੇ ਨਾਨਕ ਹੋਰੀਂ ਇਸਮਾਈਲੀ ਰੀਤ ਤੋਂ ਜਾਣੂੰ ਹਨ। ਉਹਨਾਂ ਇਸਮਾਈਲੀ ਸ਼ਾਇਰਾਂ ਨੂੰ 'ਆਦਿ ਗ੍ਰੰਥ' ਵਿਚ ਸ਼ਾਮਲ ਨਹੀਂ ਕੀਤਾ।

ਜਦੀਦ ਪੰਜਾਬੀ ਅਦਬ ਦੇ ਖੋਜੀਆਂ ਵਿਚੋਂ ਡਾ. ਮੋਹਨ ਸਿੰਘ ਦੀਵਾਨਾ 'ਪੰਜਾਬੀ ਅਦਬ ਦੀ ਮੁਖਤਸਰ ਤਾਰੀਖ' ਵਿਚ ਨਾਥ ਪੰਥੀ ਸ਼ਾਇਰਾਂ ਗੋਰਖ ਨਾਥ, ਚਰਪਟ ਨਾਥ ਤੇ ਚੌਰੰਗੀ ਨਾਥ ਦੀ ਜਾਣ ਪਛਾਣ ਦੇ ਨਾਲ ਸ਼ਬਦ ਸਲੋਕਾਂ ਦੇ ਨਮੂਨੇ ਦਿੱਤੇ ਹੈਨ। ਉਹਨਾਂ ਦੇ ਮਗਰੋਂ ਆਵਣ ਵਾਲੇ ਚੜ੍ਹਦੇ ਪੰਜਾਬ ਦੇ ਖੋਜੀਆਂ ਵੀ ਨਾਥਾਂ ਬਾਰੇ ਆਪਣੇ ਵਿਚਾਰ ਦਿੱਤੇ ਹਨ ਪਰ ਇਸਮਾਈਲੀ ਪੀਰਾਂ ਦੇ 'ਗਨਾਨ' ਉਹਨਾਂ ਅਦਬੀ ਤਾਰੀਖਾਂ ਵਿਚ ਵਿਖਾਲ਼ੀ ਨਹੀਂ ਦਿੰਦੇ। ਅਬਦੁਲ ਗ਼ਫ਼ੂਰ ਕੁਰੈਸ਼ੀ ਹੋਰਾਂ ਸ਼ਾਹ ਸ਼ਮਸ ਸਬਜ਼ਦਾਰੀ ਨੂੰ 'ਪੰਜਾਬੀ ਅਦਬ ਦੀ ਕਹਾਣੀ' ਵਿਚ ਸ਼ਾਮਲ ਕੀਤਾ ਹੈ, ਦੂਏ ਇਸਮਾਈਲੀ ਸ਼ਾਇਰਾਂ ਦੇ ਮੁਤਲਕ ਕੋਈ ਜਾਣਕਾਰੀ ਨਹੀਂ ਮਿਲਦੀ।

-2-

ਜੋਗ, ਜੀਹਦਾ ਸੰਸਕ੍ਰਿਤ ਵਿਚ ਉਚਾਰਣ ਯੋਗ ਹੈ, ਦੇ ਮਾਅਨੇ ਜੁੜਨ, ਮਿਲਣ ਦੇ ਹਨ। ਹਿੰਦੂ ਫਲਸਫੇ ਵਿਚ ਮਿਥਿਆਸੀ ਸਮੇਂ ਤੋਂ ਅੱਜ ਤੀਕਰ ਮੌਜ਼ੂਆਂ (ਵਿਸ਼ਿਆਂ) ਦੀ ਰੰਗਾ ਰੰਗੀ ਪਈ ਵੈਂਦੀ ਹੈ। ਇਹਦੇ ਵਿਚ ਅੰਦਰਮੁਖੀ ਤੇ ਬਾਹਰਮੁਖੀ ਦੋਵੇਂ ਰੰਗ ਵਿਖਾਲ਼ੀ ਦੇਂਦੇ ਹਨ। ਜੋਗ ਧੁਰ ਅੰਦਰ ਦੇ ਵਿਸ਼ਿਆਂ ਨੂੰ ਨਿਤਾਰਦੀ ਹੈ। ਇਹਦੇ ਬਾਰੇ ਉਪਨਿਸ਼ਦਾਂ ਤੇ ਗੀਤਾ ਵਿਚ ਇਸ਼ਾਰੇ ਮਿਲਦੇ ਹਨ, ਪਰ ਇਹਨਾਂ ਇਸਲਾਹਾਂ ਨੂੰ ਫਲਸਫੀਆਨਾ ਮਾਅਨੇ ਪਤੰਜਲੀ ਨੇ ਦਿੱਤੇ। ਉਪਨਿਸ਼ਦਾਂ ਤੋਂ ਅੱਡ ਇਹ ਸੂਝ ਬੁੱਧ ਕੋਲ਼ ਵੀ ਲੱਭਦੀ ਹੈ। ਹਿੰਦੂ ਮਿਥਿਆਸ ਮੂਜਬ ਜੋਗ ਦਾ ਪੰਥ ਸ਼ਿਵ ਜਾਂ ਮਹਾਂਦੇਵ ਤੋਂ ਬਣਿਆ ਹੈ। ਜੋ ਆਪੂੰ ਵੀ ਏਸ ਪੈਂਡੇ ਪਿਆ ਹਾ। 'ਸ਼੍ਰੀ ਸ਼ਿਵ ਮਹਾਂਪੁਰਾਣ' ਦੇ ਤਰੇਤਾ ਖੰਡ ਵਿਚ ਲਿਖਿਆ ਹੈ:

> *"ਬ੍ਰਹਮਾ ਜੀ ਬੋਲੇ. 'ਹੇ ਨਾਰਦ! ਹਿਮਾਚਲ ਕੀ ਬਾਤ ਸੁਨ ਕਰ ਸਭ ਪੁਰੋਤੋਂ ਨੇ ਇਸ ਪ੍ਰਕਾਰ ਕਹਾ- ਹੇ ਰਾਜਨ! ਹਮੇਂ ਸਰਬ ਪ੍ਰਥਮ ਇਸ ਯੋਗੀ ਕੇ ਪਾਸ ਪਹੁੰਚ ਕਰ ਇਸ ਕੀ ਪਰੀਕਸ਼ਾ ਲੇ ਲੇਨੀ ਚਾਹੀਏ।"*

ਸ਼ਿਵ ਜੀ ਭੋਲ਼ੇ ਸੁਭਾਅ ਦੇ ਦੇਵਤੇ ਹੈਨ। ਉਹ ਆਪਣੇ ਪੁਜਾਰੀਆਂ 'ਤੇ ਝਬਦੀ ਮਿਹਰਬਾਨ ਥੀਂਦੇ ਹਨ। ਏਸ ਕਾਨ (ਲਈ) ਉਹਨਾਂ ਨੂੰ ਭੋਲ਼ਾ ਨਾਥ ਵੀ ਆਖਿਆ ਜਾਂਦਾ ਹੈ। ਦਾਹਵੀਂ ਸਦੀ ਈਸਵੀ ਵਿਚ ਨਾਥ ਪੰਥੀਆਂ ਏਸ ਸੂਝ ਨੂੰ ਲਹਿਰ ਦਾ ਰੂਪ ਦਿੱਤਾ। ਤਵਾਰੀਖੀ ਪੱਖੋਂ ਤਾਂ ਨਾਥ ਪੰਥ ਦੇ ਮੋਢੀ ਮਛੰਦਰ ਨਾਥ ਈ ਹਨ। ਇਹ ਪੰਥ ਉਹਨਾਂ ਦੇ ਚੇਲੇ ਗੋਰਖ ਨਾਥ ਪਾਰੋਂ ਸਿਖਰਾਂ ਤੀਕਰ ਪੁੱਜਿਆ। ਗੋਰਖ ਨਾਥ ਦੀ ਜੀਵਨੀ ਤੇ ਪੰਥ ਬਾਰੇ ਕਈ ਕਰਾਮਾਤਾਂ ਤੇ ਕਹਾਣੀਆਂ ਮਿਲਦੀਆ ਹਨ। ਤੇ ਏਸ ਮਲਬੇ ਦੇ ਹੇਠੋਂ ਉਹਨਾਂ ਦੀ ਅਸਲੀ ਸ਼ਖਸੀਅਤ ਨੂੰ ਕੱਢਣਾ ਸੁਖਾਲ਼ੀ ਗੱਲ ਵੀ ਨਹੀਂ। ਬਰੇ ਆਜ਼ਮ (ਮਹਾਂਦੀਪ) ਵਿਚ ਨੌਂ ਨਾਥ ਤੇ ਚੁਰਾਸੀ ਸਿੱਧ ਮਸ਼ਹੂਰ ਹਨ। ਲੋਕਾਈ ਤਾਂ ਇਹਨਾਂ ਨੂੰ ਇਕੋ ਈ ਸਮਝਦੀ ਹੈ। 'ਇਨਸਾਈਕਲੋਪੀਡੀਆ ਔਫ ਇੰਡੀਅਨ ਲਿਟਰੇਚਰ' ਮੂਜਬ ਇਹ ਦੋਵੇਂ ਵੱਖਰੀਆਂ ਲਹਿਰਾਂ ਹਨ:

> *"ਸਿੱਧ ਰਵਾਇਤੀ ਤੌਰ 'ਤੇ ਨਾਸਤਕ (ਅਣ ਆਤਮਾਵਾਦੀ) ਹਾਨ ਤੇ ਵੇਦਾਂ ਬਾਰੇ*

*ਉਹਨਾਂ ਦਾ ਮੁਖਾਲਫਾਨਾ ਰਵੱਈਆ ਹਾ। ਜਦੋਂਕਿ ਨਾਥ ਆਸਤਕ (ਆਤਮਾਵਾਦੀ) ਹਾਨ। ਦੋਵੇਂ ਸਮਕਾਲੀ ਹਾਨ ਤੇ ਉਹਨਾਂ ਦੇ ਵਿਚ ਤਾਂਤਰਿਕ ਦੇ ਅਨਾਸਰ ਸਾਂਝੇ ਹਾਨ। ਵੱਤ ਵੀ ਸ਼ਿਵ ਤੇ ਸ਼ਕਤੀ ਬਾਰੇ ਉਹਨਾਂ ਦੇ ਤਸੱਵਰਾਤ ਉਲਟੇ ਹਾਨ, ਜਿਹੜੇ ਉਹਨਾਂ ਨੂੰ ਇਕ ਦੂਏ ਤੋਂ ਵੱਖਰਿਆਂ ਕਰਦੇ। ਨਾਥ ਸਖਤੀ ਨਾਲ ਛੜੇਪਨ ਦੇ ਕਾਇਲ ਹਾਨ ਪਰ ਸਿੱਧ ਇਹਦੇ ਕਾਇਲ ਨਾ ਹਾਨ। ਉਹ ਆਪਣੀ ਗਵਾਹੀ ਕਾਨ ਆਮ ਤੌਰ 'ਤੇ ਮਕਬੂਲ ਸਹੀਫਿਆਂ (ਗ੍ਰੰਥਾਂ) ਦੀਆਂ ਟੂਕਾਂ ਪੇਸ਼ ਨਹੀਂ ਕਰਦੇ। ਉਹ ਅਜਿਹਾ ਸਹੀਫਾ (ਨੁਸਖਾ) ਦੱਸਦੇ ਜਿਹੜਾ ਸਭ ਵਾਸਤੇ ਸਾਂਝਾ ਤੇ ਕਾਬਿਲ ਕਬੂਲ ਹੋਵੇ।"*

ਗੋਰਖ ਨਾਥ ਦਾ ਪੰਥ ਦੱਖਣੀ ਏਸ਼ੀਆ ਵਿਚ ਬੇਹੱਦ ਸਰਾਹਿਆ ਗਿਆ। ਉਹਨਾਂ ਦੇ ਚੇਲੇ ਇਹਨਾਂ ਦੇਸਾਂ ਦੀ ਹਰ ਗੁੱਠ ਤੀਕਰ ਅੱਪੜੇ ਤੇ ਉਹਨਾਂ ਆਪਣੇ ਨਾਵਾਂ ਨਾਲ ਵੀ ਪੰਥ ਸ਼ੁਰੂ ਕਰ ਦਿੱਤੇ। ਪਰ ਲੋਕਾਈ ਉਹਨਾਂ ਨੂੰ ਗੋਰਖਨਾਥੀ, ਜੋਗੀ ਤੇ ਕੰਨ ਪਾਟੇ ਦੇ ਨਾਵਾਂ ਨਾਲ ਈ ਸੱਦਦੇ ਹਨ। ਬਰਿਗਜ਼ ਦੇ ਲਫਜ਼ਾਂ ਵਿਚ

*"ਗੋਰਖ ਨਾਥ ਦੇ ਪੈਰੋਕਾਰ ਜੋਗੀ, ਗੋਰਖ ਨਾਥੀ ਤੇ ਦਰਸਨੀ ਦੇ ਨਾਵਾਂ ਨਾਲ ਮਸ਼ਹੂਰ ਹਨ ਪਰ ਵੱਡੀ ਵੱਖਰਾਵਣ ਵਾਲੀ ਗੱਲ ਕੰਨ ਫਟੇ ਹਨ। ਇਹਨਾਂ ਦੇ ਵਿਚੋਂ ਪਹਿਲਾ ਨਾਂ 'ਹੱਠ ਯੋਗ' ਉਹਨਾਂ ਨੂੰ ਰਵਾਇਤੀ ਮਸ਼ਕ ਪਾਰੋਂ ਦਿੱਤਾ ਗਿਆ। ਦੂਜਾ ਨਾਂ ਉਹਨਾਂ ਦੇ ਮਸ਼ਹੂਰ ਬਾਨੀ ਪਾਰੋਂ ਦਿੱਤਾ ਜਾਂਦਾ ਹੈ। ਤੀਜਾ ਨਿਖੇੜਵਾਂ ਗੁਣ ਮੁੰਦਰਾਂ ਪਾਵਣ ਦਾ ਹੈ। ਚੌਥਾ ਤੇ ਅੰਤਲਾ ਗੁਣ ਕੰਨਾਂ ਦੀਆਂ ਪੁਮਲੀਆਂ ਵਿਚ ਸੁਰਾਖ ਕਰ ਕੇ ਉਹਦੇ ਵਿਚ ਵਾਲ਼ੀਆਂ ਪਾਈਆਂ ਜਾਂਦੀਆਂ ਹਨ।"*

ਗੋਰਖ ਨਾਥ ਦੀ ਜਨਮ ਭੂਮੀ, ਜੀਵਨੀ ਤੇ ਲਿਖਤਾਂ ਬਾਰੇ ਵੀ ਕਈ ਭੁਲੇਖੇ ਪਏ ਹੋਏ ਹਨ। ਉਹਦੇ ਸਮੇਂ ਬਾਰੇ ਨੌਵੀਂ ਤੋਂ ਚੋਧਵੀਂ ਸਦੀ ਈਸਵੀ ਤੀਕਰ ਹਵਾਲੇ ਵੇਖੇ ਜਾ ਸਕਦੇ ਹਨ। ਕੁਝਨਾਂ ਤਾਂ ਇਹਨਾਂ ਅੜਾਉਣੀਆਂ ਤੋਂ ਅੱਕ ਕੇ ਨਾਥ ਨੂੰ ਸ਼ਿਵ ਦਾ ਕੋਈ ਰੂਪ ਆਖ ਦਿੱਤਾ ਹੈ। ਅੱਜੋਕੇ ਹਿੰਦੀ ਸੂਝਵਾਨਾਂ ਸੰਸਕ੍ਰਿਤ ਦੇ ਗ੍ਰੰਥਾਂ ਤੇ ਤਾਰੀਖੀ ਹਵਾਲਿਆਂ ਨਾਲ ਮਛੰਦਰ ਨਾਥ ਦਾ ਸਮਾਂ ਦਾਹਵੀਂ ਸਦੀ ਮਿਥਿਆ ਹੈ। ਡਾਕਟਰ ਦੇਵਿੰਦਰ ਸਿੰਘ ਨੇ ਹਜ਼ਾਰੀ ਪ੍ਰਸਾਦ ਦਿਵੇਦੀ ਦੇ ਹਵਾਲੇ ਨਾਲ ਲਿਖਿਆ ਹੈ:

*"ਮਿਨਚਾ ਸਿੱਧ ਨੂੰ ਤਿੱਬਤੀ ਪਰੰਪਰਾ ਅਨੁਸਾਰ ਮਛੰਦਰ ਨਾਥ ਦਾ ਪਿਤਾ ਮੰਨਿਆ ਗਿਆ ਹੈ, ਜੋ ਰਾਜਾ ਦੇਵ ਪਾਲ (809-49) ਦਾ ਸਮਕਾਲੀ ਸੀ। ਅਤੇ ਏਸ ਤਰ੍ਹਾਂ ਵੀ ਮਛੰਦਰ ਨਾਥ ਦਸਵੀਂ ਸਦੀ ਦੇ ਪਹਿਲੇ ਅੱਧ ਜਾਂ ਅੰਤਲੇ ਭਾਗ ਵਿਚ ਹੋਇਆ ਮੰਨਿਆ ਜਾ ਸਕਦਾ ਹੈ।"*

ਇੰਝ ਕਈ ਹੋਰ ਤਾਰੀਖੀ ਹਵਾਲਿਆਂ ਨਾਲ ਮਛੰਦਰ ਨਾਥ ਦਾ ਸਮਾਂ ਦਾਹਵੀਂ ਸਦੀ ਮੰਨਿਆ ਗਿਆ ਹੈ। ਗੋਰਖ ਨਾਥ ਉਹਦਾ ਚੇਲਾ ਹਾ। ਜ਼ਾਹਰ ਹੈ ਕਿ ਦੋਵਾਂ ਦਾ ਸਮਾਂ ਇਕੋ ਈ ਹੋ ਸਕਦਾ ਹੈ। ਹਜ਼ਾਰੀ ਪ੍ਰਸਾਦ ਦਿਵੇਦੀ, ਸ਼ੰਭੂ ਨਾਥ ਪਾਂਡੇ, ਪਰਸ਼ੋਤਮ ਪਰਸ਼ਾਦ ਵੀ ਏਸੇ ਸਿੱਟੇ 'ਤੇ ਅੱਪੜੇ ਹਨ ਕਿ ਗੋਰਖ ਨਾਥ ਦਾ ਸਮਾਂ ਦਾਹਵੀਂ ਸਦੀ ਦਾ ਹੈ।

ਗੋਰਖ ਨਾਥ ਬਰੇ ਆਜ਼ਮ ਦੀ ਸਕਾਫਤੀ ਤਾਰੀਖ ਵਿਚ ਲੀਜੈਂਡ ਦੀ ਹੈਸੀਆ ਰੱਖਦੇ ਹਨ। ਉਹਨਾਂ ਦੀਆਂ ਦੇਸ ਵਿਚ ਕਿੰਨੀਆਂ ਈ ਯਾਦਗਾਰਾਂ ਹਨ ਤੇ ਕਿੰਨੇ ਈ ਪਿੰਡਾਂ ਦਾ ਨਾਂ ਉਹਨਾਂ ਦੇ ਨਾਂ ਪਾਰੋਂ ਵੱਜਿਆ। ਉਹਨਾਂ ਦੀ ਜੰਮਣ ਥਾਂ ਬਾਰੇ ਵੀ ਕਈ ਰਵਾਇਤਾਂ ਮਿਲਦੀਆਂ ਹਨ। ਪਰ ਚੋਖੇ ਖੋਜੀ ਇਸ ਗੱਲ ਬਾਰੇ ਇਕਮੁੱਠ ਹਨ ਕਿ ਉਹਨਾਂ ਦਾ ਬਹੁਤਾ ਵੇਲ਼ਾ ਪੰਜਾਬ ਵਿਚ ਬੀਤਿਆ। ਡਾਕਟਰ ਮੋਹਨ ਸਿੰਘ ਦੀਵਾਨਾ ਹੋਰਾਂ ਦੇ ਆਖਣ ਮੂਜਬ ਤਾਂ ਉਹ ਗੋਰਖਪੁਰ, ਤਹਿਸੀਲ ਗੁੱਜਰਖਾਨ, ਜ਼ਿਲ੍ਹਾ ਰਾਵਲਪਿੰਡੀ ਵਿਚ ਜੰਮੇ। ਕੁਝ ਖੋਜੀਆਂ ਤਾਂ ਉਹਨਾਂ ਦੇ ਹੇਠਲੇ ਸ਼ਿਅਰ ਤੋਂ ਇਹ ਸਿੱਟਾ ਵੀ ਕੱਢ ਲਿਆ ਹੈ ਕਿ ਉਹ ਜ਼ਾਤ ਦੇ ਸੁਨਿਆਰੇ ਸਨ।

*ਸੋਨਾ ਲਵੇਂ ਰਸ ਸੋਨਾ ਲਵੇਂ, ਮੇਰੀ ਜਾਤਿ ਸੁਨਿਆਰੀ ਰੇ*

ਗੋਰਖ ਨਾਥ ਦੇ ਵੱਡਕਿਆਂ ਦਾ ਪੇਸ਼ਾ ਕੀ ਹਾ, ਏਸ ਗੱਲ ਨਾਲ ਉਹਨਾਂ ਦੀ ਵਿਚਾਰਧਾਰਾ ਉੱਤੇ ਕੋਈ ਖਾਸ ਅਸਰ ਨਹੀਂ ਪੈਂਦਾ। ਪਰ ਇਕ ਗੱਲ ਪੱਕੀ ਠੱਕੀ ਹੈ ਕਿ ਉਹ ਲੋਕਾਈ ਦੇ ਸਾਹਵਾਂ ਨਾਲ ਸਾਹ ਲੈਂਦੇ ਹਾਇਨ।

ਉਹਨਾਂ ਦੀ ਜੀਵਨੀ ਵਾਂਗੂੰ ਉਹਨਾਂ ਦੀਆਂ ਲਿਖਤਾਂ ਬਾਰੇ ਵੀ ਕਈ ਭੁਲੇਖੇ ਪੈ ਗਏ ਹਨ, ਜਿਵੇਂ ਉਹ ਸੰਸਕ੍ਰਿਤ ਦੀਆਂ ਦਰਜਨਾਂ ਕਿਤਾਬਾਂ ਦੇ ਲਿਖਾਰੀ ਹੈਨ। ਪਰ ਦੇਸੀ ਬੋਲੀ ਵਿਚ ਉਹਨਾਂ ਦੀ ਬਾਣੀ ਬਰੇ ਆਜ਼ਮ ਦੀਆਂ ਤਾਰੀਖਾਂ ਵਿਚ ਵੇਖੀ ਜਾ ਸਕਦੀ ਹੈ। ਆਪਣੇ ਗੁਰੂ ਮਛੰਦਰ ਨਾਥ ਨਾਲੋਂ ਬਾਹਲ਼ੀ ਮਾਨਤਾ ਖੱਟਣ ਦਾ ਕਾਰਨ ਈ ਇਹ ਹਾ ਕਿ ਉਹਨਾਂ ਦੇਸੀ ਬੋਲੀ ਨੂੰ ਆਪਣੇ ਵਿਚਾਰਾਂ ਦੇ ਪਰਚਾਰ ਕਾਨ ਚੁਣਿਆ। ਅੱਜੋਕੇ ਹਿੰਦੀ ਸੂਝਵਾਨਾਂ ਵਿਚੋਂ ਪਤੰਭਰ ਦੱਤ ਬੜਥਵਾਲ ਨੇ 'ਗੋਰਖ ਬਾਣੀ' ਤੇ ਹਜ਼ਾਰੀ ਪ੍ਰਸਾਦ ਦਿਵੇਦੀ ਨੇ 'ਨਾਥ ਸਾਧੂਉਂ ਕੀ ਬਾਣੀਆਂ' ਕਿਤਾਬਾਂ ਤਿਆਰ ਕੀਤੀਆਂ ਹਨ। ਉਹਨਾਂ ਗੋਰਖ ਨਾਥ ਸਣੇ ਪੰਜਾਬ ਦੇ ਕਈ ਨਾਥ ਸ਼ਾਇਰਾਂ ਨੂੰ ਹਿੰਦੀ ਦਾ ਸ਼ਾਇਰ ਮੰਨਿਆ ਹੈ। ਪਰ ਨਾਲ ਈ ਏਸ ਸ਼ੁਭੇ (ਸ਼ੰਕਾ) ਵਿਚ ਵੀ ਹਨ ਕਿ ਇਹਨਾਂ ਦੇ ਕੋਲ਼ ਦੂਈਆਂ ਬੋਲੀਆਂ ਦੀ ਲਫਜ਼ਾਲੀ ਵੀ ਮਿਲਦੀ ਹੈ। ਅਸਲ ਵਿਚ ਨਾਥ ਪੰਥ ਦਾ ਭੰਡਾਰ ਬਹੁੰ ਖਿਲਾਰਵਾਂ ਹੈ। ਨਾਥਾਂ ਬਰੇ ਆਜ਼ਮ ਦੇ ਹੋਰ ਸੂਬਿਆਂ ਵਿਚ ਵੀ ਪੰਥ ਕਾਇਮ ਕੀਤੇ। ਇਹਨਾਂ ਪੰਥੀਆਂ ਦੀ ਦੇਸੀ ਬੋਲੀਆਂ ਵਿਚ ਸ਼ਾਇਰੀ ਵੀ ਲੱਭਦੀ ਹੈ। ਕੀ ਪੰਜਾਬ ਦੇ ਕਵੀ ਦੂਈਆਂ ਬੋਲੀਆਂ ਵਿਚ ਪਰਚਾਰ ਕਰਦੇ ਹਾਇਨ? ਏਸ ਪੱਖੋਂ ਕੁਝ ਗੱਲਾਂ ਵੱਤ ਵਿਚਾਰਨ ਵਾਲੀਆਂ ਹਨ।

ਗੋਰਖ ਨਾਥ ਨੂੰ ਈ ਨਾਥ ਪੰਥ ਦਾ ਅਸਲ ਮੋਢੀ ਮੰਨਿਆ ਵੈਂਦਾ ਹੈ, ਜਿਹਨਾਂ ਦੇ ਪਾਰੋਂ ਨਾਥ ਪੰਥ ਦੀ ਸੂਝ ਖਿੱਲਰੀ। ਉਹਨਾਂ ਦੇ ਬਾਰੇ ਪੰਜਾਬੀ, ਨਿਪਾਲੀ, ਰਾਜਸਥਾਨੀ, ਸਿੰਧੀ, ਹਿੰਦੀ, ਮਲਿਆਲਮ ਤੇ ਬੰਗਾਲੀ ਵਿਚ ਕਈ ਕਹਾਣੀਆਂ ਮਿਲਦੀਆਂ ਹਨ। ਗੋਰਖ ਨਾਥ ਦੇ ਚੇਲੇ ਪਰਚਾਰ ਕਾਨ ਆਪਣੇ ਗੁਰੂ ਦੀ ਸ਼ਾਇਰੀ ਵੀ ਲੋਕਾਈ ਨੂੰ ਸੁਣਾਂਵਦੇ ਹੋਸਨ। ਇੰਝ ਲੋਕ ਮਾਨਤਾ ਖੱਟਣ ਪਾਰੋਂ ਹੋਲ਼ੀ ਹੋਲ਼ੀ ਦੂਜੀਆਂ ਬੋਲੀਆਂ ਦੇ ਸ਼ਬਦ ਵੀ ਉਹਨਾਂ ਦੇ ਸ਼ਿਅਰਾਂ ਵਿਚ ਪ੍ਰਚੱਲਤ ਹੋ ਗਏ।

ਨਾਥ ਪੰਥ ਦੀ ਸਿਖਰ ਦਾ ਸਮਾਂ ਦਾਹਵੀਂ ਤੋਂ ਪੰਦਰਵੀਂ ਸਦੀ ਈਸਵੀ ਦਾ ਹੈ। ਖਾਸ ਕਰ ਕੇ ਪੰਜਾਬ ਤੇ ਰਾਜਸਥਾਨ ਨਾਥਾਂ ਦੇ ਮਰਕਜ਼ ਮੰਨੇ ਵੈਂਦੇ ਹਨ। ਏਸ ਸਮੇਂ ਨਾਥ ਪੰਥ ਨੂੰ ਤਿੰਨ ਵੱਡੀਆਂ ਫਿਕਰੀ ਲਹਿਰਾਂ ਦਾ ਮੁਕਾਬਲਾ ਕਰਨਾ ਪਿਆ। ਮੁਸਲਮਾਨ ਸੂਫੀਆਂ ਵਿਚੋਂ ਚਿਸ਼ਤੀ, ਸੁਹਰਵਰਦੀ ਤੇ ਇਸਮਾਈਲੀ ਵੀ ਇਹਨਾਂ ਜੂਹਾਂ ਵਿਚ ਅੱਪੜ ਗਏ ਹਾਨ। ਚਿਸ਼ਤੀ ਬਜ਼ੁਰਗਾਂ ਪੰਜਾਬ, ਰਾਜਸਥਾਨ ਤੇ ਦਿੱਲੀ ਨੂੰ ਆਪਣਾ ਮਰਕਜ਼ ਬਣਾਇਆ। ਸੁਹਰਵਰਦੀਆਂ ਪੰਜਾਬ, ਸਿੰਧ ਤੇ ਗੁਜਰਾਤ ਵਿਚ ਦਰਗਾਹਵਾਂ ਕਾਇਮ ਕੀਤੀਆਂ। ਇਸਮਾਈਲੀ ਪੀਰਾਂ ਦਾ ਜ਼ੋਰ ਵੀ ਪੰਜਾਬ, ਸਿੰਧ ਤੇ ਗੁਜਰਾਤ ਵਿਚ ਹਾ। ਪੰਦਰਵੀਂ ਸੋਲ਼੍ਹਵੀਂ ਸਦੀ ਵਿਚ ਬਾਬਾ ਨਾਨਕ ਹੋਰਾਂ ਵੀ ਆਪਣਾ ਮੱਤ ਪੰਜਾਬ ਵਿਚ ਈ ਉਸਾਰਿਆ। ਬਰੇ ਆਜ਼ਮ ਦੇ ਅੰਦਰੋਂ ਉਠਣ ਵਾਲੀ ਭਗਤੀ ਲਹਿਰ ਵੱਲ ਵੀ ਲੋਕਾਈ ਦਾ ਚੰਗਾ ਭਲਾ ਝੁਕਾਅ ਹਾ। ਇਹ ਸੱਭੇ ਨਾਥ ਪੰਥ ਦੇ ਵਿਰੋਧੀ ਹਾਇਨ। ਮੁਹੰਮਦ ਹਸਨ ਦੇ ਵਿਚਾਰ ਮੂਜਬ:

> *"ਸੂਫੀਉਂ ਕੋ ਜਿਨ ਲੋਗੋਂ ਸੇ ਅਵਾਮ ਕੀ ਮਕਬੂਲੀਅਤ ਹਾਸਲ ਕਰਨੇ ਕੇ ਲੀਏ ਮੁਕਾਬਲਾ ਕਰਨਾ ਹੋਤਾ ਥਾ, ਵੋਹ ਯਹੀ ਯੋਗੀ ਫਕੀਰ ਔਰ ਨਾਥ ਪੰਥੀ ਥੇ। ਉਨ ਸੇ ਬਹਿਸ ਮੁਬਾਹਸੇ ਭੀ ਹੋਤੇ ਥੇ। ਕਰਾਮਾਤ ਮੇਂ ਭੀ ਏਕ ਦੂਸਰੇ ਕਾ ਮੁਕਾਬਲਾ ਹੋਤਾ ਥਾ।"*

ਤੇਰ੍ਹਵੀਂ ਸਦੀ ਦੇ ਪੰਜਾਬੀ ਸ਼ਾਇਰ ਬਾਬਾ ਫਰੀਦ ਕੋਲ਼ ਨਾਥਾਂ ਦੇ ਨਾਵਾਂ ਦਾ ਵੇਰਵਾ ਤਾਂ ਨਹੀਂ ਲੱਭਦਾ, ਪਰ ਮੌਨ ਮਨਾਵਣ ਤੇ ਜੰਗਲ ਭਵਣ ਵਾਲੇ ਸੱਚੀ ਰਾਹੋਂ ਥਿੜਕੇ ਨਾਥ ਈ ਹੋ ਸਕਦੇ ਹਨ। ਜਿਹਨਾਂ ਦਾ ਮੁਕਾਬਲਾ ਉਹਨਾਂ ਦੇ ਦਾਦਾ ਮੁਰਸ਼ਿਦ ਹਜ਼ਰਤ ਖਵਾਜਾ ਮੁਈਅਨ ਉਲਦੀਨ ਚਿਸ਼ਤੀ ਅਜਮੇਰੀ ਹੋਰਾਂ ਨੂੰ ਪੈਰ ਪੈਰ 'ਤੇ ਕਰਨਾ ਪਿਆ। ਬਾਬਾ ਫਰੀਦ ਦੀ ਆਪਣੀ ਜੀਵਨੀ ਵਿਚੋਂ ਵੀ ਜੋਗੀਆਂ ਨਾਲ ਟਾਕਰੇ ਦੀ ਦੱਸ ਪੈਂਦੀ ਹੈ।

*ਮਨਾਂ ਮਨ ਮੁਨਾਈਆਂ, ਸਿਰ ਮੁੰਨੇ ਕਿਆ ਹੋ*
*ਕੇਤੀ ਭੇਡਾਂ ਮੁੰਨੀਆਂ, ਸੁਰਗ ਨਾ ਲੱਧੀ ਕੋ*

*ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ*
*ਵਸੀ ਰਬੁ ਹਿਆਲੀਐ ਬਾਹਰ ਕਿਆ ਢੂਢੇਹਿ*

ਬਾਬਾ ਫਰੀਦ ਹੋਰਾਂ ਨਾਥਾਂ ਦੀਆਂ ਆਦਤਾਂ ਬਾਰੇ ਜਿਹੜੇ ਮਹੀਨ ਇਸ਼ਾਰੇ ਕੀਤੇ ਹਨ, ਵਾਰਿਸ ਸ਼ਾਹ ਹੋਰਾਂ ਉਹਨੂੰ ਵੇਰਵੇ ਨਾਲ ਬਿਆਨ ਕੀਤਾ ਹੈ:

*ਕੰਨੀਂ ਮੁੰਦਰਾਂ ਸਿਹਲੀਆਂ ਸੁੰਦਰਾਂ ਨੇ,*
*ਦਾੜ੍ਹੀ ਪਟੇ ਸਿਰ ਭਵਾਂ ਮੁਨਾ ਵੜਿਆ*

*ਕੰਦਮੂਲ ਉਜਾੜ ਵਿਚ ਖਾਇ ਕੇ ਤੇ ਬਨਵਾਸ ਲੈ ਕੇ ਮੌਜਾਂ ਮਾਣਨੇ ਹਾਂ*
*ਨਗਰ ਵਿਚ ਨਾ ਆਤਮਾ ਪਰਚਦਾ ਏ, ਉਦਯਾਨ ਬਹਿ ਕੇ ਤੰਬੂ ਤਾਣਨੇ ਹਾਂ 25*

ਗੁਰੂ ਨਾਨਕ ਹੋਰਾਂ ਦੇ ਜੋਗੀਆਂ ਵਿਰੁੱਧ ਵਿਚਾਰਾਂ ਦਾ ਅਸੀਂ ਵੇਰਵਾ ਦੇ ਚੁੱਕੇ ਹਾਂ। ਭਗਤਾਂ ਦੀ ਵਿਚਾਰਧਾਰਾ ਵੀ ਅੱਡਰੀ ਹਾਈ। ਭਗਤ ਕਬੀਰ ਹੋਰੀਂ ਅਚਾਰੀਆ ਰਾਮਾ ਨੰਦ ਦੇ ਚੇਲੇ ਹਾਇਨ। ਉਹਨਾਂ ਆਪੂੰ ਏਸ ਪੈਂਡੇ ਪੈ ਡਿੱਠਾ ਹਾ। ਏਹੋ ਕਾਰਨ ਹੈ ਕਿ ਉਹ ਨਾਥ ਪੰਥ ਨੂੰ ਟਿੱਚਰਾਂ ਕਰਦੇ ਹਨ!

*"ਜਬ ਵੋਹ ਯੋਗੀ ਯਾ ਅਵਧੂਤ ਕੋ ਮੁਖਾਤਬ ਕਰਤੇ ਹੈਂ ਤਭੀ ਉਨ ਕਾ ਅੱਖੜਪਨ ਪੂਰੇ ਜ਼ੋਰ ਪਰ ਹੋਤਾ ਹੈ। ਵੋਹ ਯੋਗ ਕੇ ਸਾਮਨੇ ਪਹੇਲੀਆਂ ਬੁਝਾਤੇ ਰਹਿਤੇ ਹੈਂ, 'ਮਨ' ਔਰ 'ਸਹਿਜ' ਕੀ ਮਾਹੀਅਤ ਪੂਛਤੇ ਰਹਿਤੇ ਹੈਂ। 'ਦਵੈਤ' ਔਰ 'ਅਦਵੈਤ' ਕੇ ਸਵਾਲਾਤ ਉਠਾਤੇ ਹੈਂ ਔਰ ਅਵਧੂਤ ਕੀ ਲਾਇਲਮੀ ਪਰ ਸ਼ਰਾਰਤ ਆਮੇਜ਼ ਖੰਦਾਜ਼ਨੀ ਕਰਤੇ ਹੈਂ।"*

ਬਰੇ ਅਜ਼ੀਮ ਵਿਚ ਉਭਰਨ ਵਾਲੀਆਂ ਇਹ ਤਿੰਨੋਂ ਵੱਡੀਆਂ ਤਗੜੀਆਂ ਲਹਿਰਾਂ ਹਾਇਨ। ਅਜਿਹੇ ਹਾਲਾਤ ਵਿਚ ਸੂਝਵਾਨਾਂ ਨੂੰ ਨਾਥਾਂ ਨਾਲ ਕੀ ਹਮਦਰਦੀ ਹੋ ਸਕਦੀ ਹਾ। ਜਿਨ੍ਹਾਂ ਦੇ ਮੁਰਸ਼ਦ ਤੇ ਗੁਰੂ ਏਸ ਸੂਝ ਦੀ ਨਿੰਦਿਆ ਕਰ ਰਹੇ ਹੋਵਣ ਤਾਂ ਵੱਤ ਚੇਲਿਆਂ ਕਾਨ ਤਾਂ ਆਪੇ ਈ ਇਹ ਗੋਰਖ ਧੰਦਾ ਹੋਵਣਾ ਹਾ।

ਪੰਜਾਬ ਵਿਚ ਟਿੱਲਾ ਜੋਗੀਆਂ (ਜ਼ਿਲ੍ਹਾ ਜਿਹਲਮ) ਤੇ ਕੜਾਨੇ ਦੀਆਂ ਪਹਾੜੀਆਂ (ਜ਼ਿਲ੍ਹਾ ਸਰਗੋਧਾ) ਜੋਗੀਆਂ ਦੇ ਮਰਕਜ਼ ਰਹੇ ਹਨ। ਪਰ ਆਜ਼ਾਦੀ ਮਗਰੋਂ ਸਾਡੇ ਸੂਝਵਾਨ ਇਹਨਾਂ ਦੀਆਂ ਲਿੱਪੀਆਂ ਤੋਂ ਦੂਰ ਹੋਂਦੇ ਪਏ ਹਨ। ਅਜਿਹੀ ਸੂਰਤ ਵਿਚ ਕਿਸੇ ਖਰੜੇ ਨੂੰ ਮੂਖ ਰੱਖ ਕੇ ਕੋਈ ਨਵੇਂ ਸਿੱਟੇ ਕੱਢਣੇ ਔਖੇਰੀ ਗੱਲ ਜਾਪਦੀ ਹੈ। ਹੋ ਸਕਦਾ ਹੈ ਕਿ ਰਾਜਸਥਾਨੀ ਮੱਠਾਂ 'ਚੋਂ ਕੋਈ ਅਜਿਹਾ ਖਰੜਾ ਲੱਭ ਜਾਵੇ ਤਾਂ ਨਵੀਂ ਵਿਚਾਰਧਾਰਾ ਦੀਆਂ ਰਾਹਵਾਂ ਖੁਲ੍ਹ ਸਕਦੀਆਂ ਹਨ। ਅਜੇ ਤੀਕਰ ਨਾਥਾਂ ਦੀ ਸ਼ਾਇਰੀ ਬਾਰੇ ਜਿਹੜੇ ਮੁੱਢਲੇ ਖਰੜੇ ਮੰਨੇ ਵੈਂਦੇ ਹਨ ਉਹਨਾਂ ਦੀ ਲਿਖਤ ਦਾ ਸਮਾਂ ਵੀ ਸਤਾਰਵੀਂ ਅਠਾਰਵੀਂ ਸਦੀ ਦਾ ਹੈ। ਹਿੰਦੀ ਪਾਰਖੂਆਂ ਦਾ ਮੁਹਾੜ ਤਾਂ ਏਸ ਪਾਸੇ ਹੀ ਹੈ ਕਿ ਪੰਜਾਬ ਦੇ ਨਾਥ ਹਿੰਦੀ ਸ਼ਾਇਰੀ ਪਏ ਕਰੇਂਦੇ ਹਨ ਕਿਉਂਜੁ ਉੱਤੇ ਦਿੱਤੇ ਤਿੰਨੇ ਖਰੜੇ ਦੇਵਨਾਗਰੀ ਵਿਚ ਹਨ। ਪੰਜਾਬੀ ਨੂੰ ਫਾਰਸੀ, ਗੁਰਮੁਖੀ, ਦੇਵਨਾਗਰੀ, ਸਿੰਧੀ ਤੇ ਰੋਮਨ ਲਿੱਪੀਆਂ ਵਿਚ ਲਿਖਣ ਦਾ ਰਿਵਾਜ ਰਿਹਾ ਹੈ। ਕੀ ਇਹ ਕਿਤਾਬਾਂ ਦੂਈਆਂ ਬੋਲੀਆਂ ਦੀਆ ਹੋ ਜਾਸਣ? ਅੱਜ ਵੀ ਸਿੰਧੀ ਲਿੱਪੀ ਵਿਚ ਲਿਖੀਆਂ ਪੰਜਾਬੀ ਦੀਆਂ ਸੈਂਕੜੇ ਕਿਤਾਬਾਂ ਲੱਭਦੀਆਂ ਹਨ। ਕੀ ਉਹ ਸਿੰਧੀ ਦੀਆਂ ਹੋ ਜਾਸਣ? ਅੰਗਰੇਜ਼ੀ ਰਾਜ ਸਮੇਂ ਦੇਵਨਾਗਰੀ ਤੇ ਰੋਮਨ ਲਿੱਪੀਆਂ ਵਿਚ ਕਈ ਪੰਜਾਬੀ ਕਿਤਾਬਾਂ ਛਪੀਆਂ। ਕੀ ਅਸੀਂ ਇਹਨਾਂ ਨੂੰ ਦੂਈਆਂ ਬੋਲੀਆਂ ਸਿਰ ਮੜ੍ਹ ਵੈਸਾਂ ਨੇ?

ਗੋਰਖ ਨਾਥ ਦੀ ਜੰਮਣ ਥਾਂ ਪੰਜਾਬ ਹੈ ਤੇ ਨਾਥ ਪੰਥ ਦਾ ਮਰਕਜ਼ ਟਿੱਲਾ ਜੋਗੀਆਂ। ਏਸ ਸਮੇਂ ਮੁਸਲਮਾਨ ਸੂਫੀ, ਭਗਤ ਤੇ ਨਾਥ ਆਪਣੇ ਪਰਚਾਰ ਕਾਨ ਸੈਰ ਸਪਾਟਾ ਕਰੇਂਦੇ ਹਾਇਨ। ਗੋਰਖ ਨਾਥ

ਅਫ਼ਗਾਨਸਤਾਨ, ਬਲੋਚਸਤਾਨ, ਨਿਪਾਲ, ਆਸਾਮ, ਬੰਗਾਲ, ਉੜੀਸਾ, ਮਧ ਹਿੰਦ, ਕਰਨਾਟਕ, ਮਹਾਰਾਸ਼ਟਰ ਤੇ ਸਿੰਧ ਵਿਚ ਆਪਣੇ ਪੰਥ ਕਾਇਮ ਕੀਤੇ ਹਾਇਨ ਤੇ ਓਥੇ ਉਹਨਾਂ ਦੇ ਨਾਵਾਂ ਦੀਆਂ ਯਾਦਗਾਰਾਂ ਅੱਜ ਵੀ ਏਸ ਗੱਲ ਦਾ ਹੁੰਗਾਰਾ ਭਰੇਂਦੀਆਂ ਹਨ। ਸਮਾਜੀ ਲਸਾਨੀਅਤ (ਭਾਸ਼ਾ ਵਿਗਿਆਨ) ਦਾ ਮੰਨਿਆ ਪਰਮੰਨਿਆ ਸੱਚ ਹੈ ਕਿ ਸੁਣਨਹਾਰਾਂ ਦੇ ਮੁਤਾਬਕ ਬੋਲੀ ਵਟੀਜਦੀ ਹੈ। ਬੋਲੀ ਤਾਂ ਸੁਣਨਹਾਰ ਦੇ ਮਰਤਬੇ ਨਾਲ ਵੀ ਬਦਲਦੀ ਹੈ। ਮੌਜ਼ੂ ਦੀ ਚੋਣ ਨਾਲ ਵੀ ਸ਼ਬਦਾਂ ਦਾ ਵਰਤਾਰਾ ਬਦਲ ਵੈਂਦਾ ਹੈ। ਜਦੋਂ ਪੰਜਾਬ ਦੇ ਨਾਥ ਦੂਜੀਆਂ ਜੂਹਾਂ ਵਿਚ ਗੱਲ ਕਰੇਂਦੇ ਤਾਂ ਬੋਲੀ ਤਾਂ ਕਿਸੇ ਹੱਦ ਤੀਕਰ ਵਟੀਜਦੀ ਹੀ ਹੋਸੀ। ਇਹ ਕਿਵੇਂ ਹੋ ਸਕਦਾ ਹੈ ਕਿ ਗੋਰਖ ਨਾਥ ਪੰਜਾਬ ਦੀ ਸਕਾਫਤ (ਸਭਿਆਚਾਰ) ਉੱਤੇ ਏਨਾ ਗੂੜ੍ਹਾ ਪਰਛਾਵਾਂ ਪਰਾਈਆਂ ਬੋਲੀਆਂ ਨਾਲ ਘੱਤ ਗਏ ਹੋਵਣ।

ਅਸਾਡੇ ਮੋਹਰੇ 'ਗੋਰਖ ਬਾਣੀ' ਦਾ ਜਿਹੜਾ ਪਾਠ ਹੈ, ਇਹ ਪਿਤੰਬਰ ਨਾਥ ਬੜਥਵਾਲ ਦਾ ਸੋਧਿਆ ਹੋਇਆ ਹੈ। ਦੇਵਨਾਗਰੀ ਤੋਂ ਗੁਰਮੁਖੀ ਲਿੱਪੀ ਉਤਾਰਾ ਕ੍ਰਿਸ਼ਨ ਮਧੋਕ ਤੇ ਸ਼ਕਤੀ ਪ੍ਰਕਾਸ਼ ਨੇ ਕੀਤਾ ਹੈ। ਗੋਰਖ ਨਾਥ ਤੋਂ ਪਹਿਲਾਂ ਸਿੰਧ ਤੇ ਪੰਜਾਬ ਦੇ ਕੁਝ ਹਿੱਸਿਆਂ ਉੱਤੇ ਅਰਬਾਂ ਦੀ ਹਕੂਮਤ ਕਾਇਮ ਹੋ ਚੁੱਕੀ ਹਾਈ। ਤੁਰਕਾਂ ਨੇ ਹਿੰਦੂ ਰਾਜਿਆਂ ਉੱਤੇ ਹੱਲੇ ਸ਼ੁਰੂ ਕਰ ਦਿੱਤੇ ਹਾਇਨ। ਗੋਰਖ ਨਾਥ ਦੇ ਸ਼ਿਅਰਾਂ ਤੋਂ ਨਜ਼ਰ ਆਉਂਦਾ ਹੈ ਕਿ ਹਿੰਦੂ ਤੇ ਮੁਸਲਮਾਨ ਸੱਚ ਤੋਂ ਵਾਂਝੇ ਸਨ। ਉਹ ਕਾਜ਼ੀ, ਬ੍ਰਾਹਮਣ ਦੀ ਜ਼ਾਹਰਦਾਰੀ ਦੀ ਨਿੰਦਿਆ ਕਰਦਾ ਹੈ ਕਿ ਮਸੀਤ ਤੇ ਮੰਦਰ ਵਿਚ ਹਕੀਕਤ ਨਹੀਂ ਲੱਭ ਸਕਦੀ। ਉਹ ਜੋਗ ਵੱਲ ਵੰਗਾਰਦੇ ਹਨ।

*ਵੇਦੇ ਨਾ ਸ਼ਾਸਤਰੇ , ਕੁਤਬੇ ਨਾ ਕੁਰਾਨੇ*
*ਪੁਸਤਕੇ ਨਾ ਬੰਧਿਆ ਜਾਈ*

*ਮੁਹੰਮਦ ਮੁਹੰਮਦ ਨਾ ਕਰ ਕਾਜ਼ੀ , ਮੁਹੰਮਦ ਕਾ ਵਿਖਮ ਬਿਚਾਰ*
*ਮੁਹੰਮਦ ਹਾਥ ਕਰਦ ਹੈ ਹੋਤੀ, ਲੋਹੇ ਘੜੀ ਨਾ ਸਾਰ*

*ਹਿੰਦੂ ਧਿਆਵੇ ਦੇਹੁਰਾ, ਮੁਸਲਮਾਨ ਮਸੀਤ*
*ਜੋਗੀ ਧਿਆਵੇ ਪਰਮ ਪਦ, ਜਹਾਂ ਦੇਹੁਰਾ ਨਾ ਮਸੀਤ*
*ਉਤਪਤੀ ਹਿੰਦੂ ਜਰਨਾ ਜੋਗੀ ਆਕਲ ਪਰ ਮੁਸਲਮਾਨੇ*
*ਤੇ ਰਾਹ ਚੁਣਿਉ ਹੋ ਕਾਜ਼ੀ ਮੁੱਲਾਂ, ਬ੍ਰਹਮਾ ਬਿਸਨ ਮਹਾਦੇ ਮਾਨੇ 32*

ਅਖੀਰਲੇ ਸ਼ਿਅਰ ਤੋਂ ਏਸ ਗੱਲ ਦਾ ਨਿਤਾਰਾ ਹੋ ਵੈਂਦਾ ਹੈ ਕਿ ਵਾਦੀ ਸਿੰਧ ਅੰਦਰ ਇਸਲਾਮ ਦੇ ਪਰਚਾਰ ਅੱਗੋਂ ਨਾਥ ਹੀ ਆ ਖਲੋਤੇ ਹਾਇਨ। ਉਹ ਵੇਖਦੇ ਪਏ ਹਾਇਨ ਕਿ ਇਸਲਾਮ ਦਾ ਜ਼ੋਰ ਨਿੱਤ ਦਿਹਾੜੀ ਵਧਦਾ ਆਂਵਦਾ ਹੈ। ਅਜਿਹੇ ਹਾਲਾਤ ਵਿਚ ਅਰਬਾਂ ਦੇ ਅਸਰ ਤੋਂ ਬਾਹਰਲੇ ਇਲਾਕੇ ਜਿਹਲਮ ਤੇ ਸਰਗੋਧਾ ਦੀਆਂ ਪਹਾੜੀਆਂ ਉੱਤੇ ਜਾ ਬਹਿਣਾ ਕੋਈ ਗ਼ੈਰ ਸਿਆਸੀ ਫੈਸਲਾ ਨਾਹੀਂ। ਮੁਸਲਮਾਨਾਂ ਵਿਚ ਮੇਲ ਵੰਡ ਤਾਂ ਆ ਹੀ ਗਈ ਹਾ, ਪਰ ਸੂਫੀਆਂ ਦੀਆਂ ਜੀਵਨੀਆਂ ਅਜਿਹੇ ਦੁਫੇੜਾਂ ਤੋਂ ਉੱਚੀਆਂ ਹਾਇਨ। ਏਸੇ ਚੈਲਿੰਜ ਹੀ ਤਾਂ ਗੋਰਖ ਨਾਥ ਤੋਂ ਇਹ ਅਖਵਾਇਆ ਕਿ ਭਾਵੇਂ ਮੈਂ ਜਮਾਂਦਰੂ ਹਿੰਦੂ ਹਾਂ ਪਰ ਜੋਗ ਰਾਹੀਂ ਈ ਜੋਗੀ ਬਣਿਆ ਹਾਂ। ਇਹ ਮੁਸਲਮਾਨਾਂ ਦੇ ਪੀਰ ਬੜੇ ਆਕਲ ਹਨ। ਓੜਕ ਉਹ ਕਾਜ਼ੀ ਤੇ ਮੁੱਲਾਂ ਨੂੰ ਵੀ ਬ੍ਰਹਮਾ, ਵਿਸ਼ਨੂੰ ਤੇ ਮਹਾਂਦੇਵ ਨੂੰ ਮੰਨਣ ਦੀ ਦਾਅਵਤ ਦੇਂਦਾ ਹੈ।

ਗੋਰਖ ਬਾਣੀ ਦੇ ਸੋਮੇਂ ਤਾਂ ਸਤਾਰਵੀਂ ਅਠਾਰਵੀਂ ਸਦੀ ਦੇ ਖਰੜੇ ਈ ਹਨ। ਇੰਝ ਇਹ ਸ਼ਾਇਰੀ ਸੱਤ ਸੌ ਵਰ੍ਹਿਆਂ ਤੀਕਰ ਇਕ ਪੀੜ੍ਹੀ ਤੋਂ ਦੂਈ ਪੀੜ੍ਹੀ ਤਾਈਂ ਪੁੱਜਦੀ ਰਹੀ। ਦੇਵਨਾਗਰੀ ਦੇ ਕਾਤਬਾਂ ਨੂੰ ਇਹ ਸ਼ਾਇਰੀ ਸੁਣਾਵਣ ਵਾਲੇ ਕਿੱਥੋਂ ਦੇ ਵਾਸੀ ਹਾਇਨ ਤੇ ਕਾਤਬ ਆਪੂੰ ਕਿੰਨਾ ਕੁ ਨਿਰਵਾਰ ਕਰਨ ਜੋਗੇ ਹਾਇਨ, ਇਹਨਾਂ ਵਾਧਿਆਂ ਘਾਟਿਆਂ ਦੀ ਦੱਸ ਪਾਵਣ ਵਾਲਾ ਸੋਮਾ ਹਾਲ ਦੀ ਘੜੀ ਤਾਈਂ ਕਿਧਰੇ ਨਜ਼ਰ ਨਹੀਂ ਵੈਂਦਾ। ਬਹਰ ਹਾਲ ਜੋ ਕੁਝ ਬਚਿਆ ਖੁਚਿਆ ਹੈ, ਓਸ ਤੋਂ ਵੀ

ਪੰਜਾਬੀ ਸ਼ਾਇਰੀ ਦੇ ਮਿਜ਼ਾਜ ਦਾ ਤਾਂ ਸਹਿਜ ਸੁਭਾਅ ਅੰਦਾਜ਼ਾ ਹੋ ਜਾਂਵਦਾ ਹੈ:

*ਹੱਸੇ ਖੇਲ੍ਹੇ ਨਾ ਕਰੇ ਮਨ ਭੰਗ*
*ਤੇ ਨਿਹਚਲ ਸਦਾ ਨਾਥ ਕੇ ਸੰਗ*

*ਮਰੋ ਵੇ ਜੋਗੀ ਮਰੋ, ਮਰਨ ਹੈ ਮੀਠਾ*
*ਤਿਸ ਮਰਨੀ ਮਰੋ, ਜਿਸ ਮਰਨੀ ਗੋਰਖ ਮਰ ਵੈਠਾ*

*ਗੋਰਖ ਕਹੇ ਸੁਣੋ ਰੇ ਅਵਧੋ, ਜੱਗ ਮੇਂ ਐਸਾ ਰਹਿਣਾ*
*ਆਂਖੀਂ ਵੇਖਿਆ ਕਾਨੀਂ ਸੁਣਿਆ, ਮੁਖ ਥੀਂ ਕੁਛ ਨਾ ਕਹਿਣਾ*

*ਰਾਤ ਗਈ ਅੱਧ ਰਾਤ ਗਈ, ਬਾਲਕ ਏਕ ਪੁਕਾਰੇ*
*ਹੈ ਕੋਈ ਨਗਰ ਮੇਂ ਸੂਰਾ, ਬਾਲਕ ਕਾ ਦੁੱਖ ਨਿਬਾਰੇ 37*

ਚੌਰੰਗੀ ਨਾਥ ਯਾਂ ਪੂਰਨ ਭਗਤ ਸਿਆਲਕੋਟ ਦੇ ਰਾਜੇ ਸਲਵਾਨ ਦਾ ਪੁੱਤਰ ਹਾ। ਉਹਦੀ ਮਤਰੇਈ ਮਾਂ ਉਹਦੇ ਹੱਥ ਪੈਰ ਵਢਵਾ ਕੇ ਖੂਹ ਵਿਚ ਸੁੱਟਵਾ ਛੱਡਿਆ ਜਿੱਥੋਂ ਉਹਨੂੰ ਮਛੰਦਰ ਨਾਥ ਨੇ ਕੱਢਿਆ। ਪੂਰਨ ਭਗਤ ਦੀ ਦਾਸਤਾਨ ਪੰਜਾਬੀ ਦੇ ਕਈ ਸ਼ਾਇਰਾਂ ਲਿਖੀ ਹੈ। ਉਹਦਾ ਭਰਾ ਰਾਜਾ ਰਸਾਲੂ ਵੀ ਲੀਜੈਂਡ ਦੀ ਹੈਸੀਅਤ ਰੱਖਦਾ ਹੈ। ਡਾਕਟਰ ਮੋਹਨ ਸਿੰਘ ਦੀਵਾਨਾ ਦੇ ਵਿਚਾਰ ਮੂਜਬ ਉਹਨੇ ਸ਼ਬਦ ਤੇ ਸ਼ਲੋਕ ਲਿਖੇ। ਚੌਰੰਗੀ ਨਾਥ ਆਪਣੇ ਬਾਰੇ ਇੰਝ ਦੱਸ ਪਾਂਵਦਾ ਹੈ।

*ਮਛੰਦਰ ਨਾਥ ਗੁਰੂ ਮਹਾਰਾ, ਗੋਰਖ ਨਾਥ ਭਾਈ*
*ਦੂਰੀ ਵਿਚਾਰੀ ਚੌਰੰਗੀ ਆਣ ਮਨਾ ਨਾ ਹੋਰੀ*

ਚਰਪਟ ਨਾਥ ਦੀ ਜੀਵਨੀ ਬਾਰੇ ਬਾਹਲ਼ੀ ਜਾਣਕਾਰੀ ਨਹੀਂ ਲੱਭਦੀ। ਉਹ ਗੋਰਖ ਨਾਥ ਦੇ ਚੇਲੇ ਬਾਲ ਨਾਥ ਦਾ ਚੇਲਾ ਹਾ। ਗੋਰਖ ਨਾਥ ਮਗਰੋਂ ਬਾਲ ਨਾਥ ਦਾ ਨਾਂ ਵੀ ਵੱਜਿਆ। ਦਰਪਟ ਨਾਥ ਦੇ ਕੁਝ ਸ਼ਿਅਰ ਤਾਂ ਅੱਜ ਵੀ ਅਖਾਣਾਂ ਵਾਂਗੂੰ ਵਰਤੀਂਦੇ।

*ਅੰਦਰ ਗੰਦਾ ਬਾਹਰ ਗੰਦਾ, ਤੂੰ ਕਿਉਂ ਭੁੱਲਿਉਂ ਚਰਪਟ ਅੰਧਾ*

ਇੰਝੇ ਵਾਂਗੂੰ ਹਾਜੀ ਬਾਬਾ ਰਤਨ ਦੇ ਨਾਂ ਨਾਲ ਵੀ ਕੁਝ ਸ਼ਿਅਰ ਮਨਸੂਬ ਕੀੇਤੇ ਜਾਂਦੇ ਹਨ। ਪਰ ਉਹਨਾਂ ਦੇ ਸਮੇਂ ਤੇ ਸ਼ਾਇਰੀ ਬਾਰੇ ਕੋਈ ਪੱਕੀ ਪੀਡੀ ਖੋਜ ਨਹੀਂ ਮਿਲਦੀ। ਭਾਵੇਂ ਪੰਜਾਬ ਦੇ ਨਾਥਾਂ ਬਾਰੇ ਖੋਜ ਦਾ ਢੁਕਵਾਂ ਕੰਮ ਨਹੀਂ ਹੋਇਆ ਪਰ ਏਸ ਹਕੀਕਤ ਤੋਂ ਮੁਨਕਰ ਨਹੀਂ ਹੋ ਵੈਂਦਾ ਕਿ ਪੰਜਾਬੀ ਜੀਵਨ ਉੱਤੇ ਨਾਥ ਜੋਗੀਆਂ ਦੇ ਪਰਛਾਵੇਂ ਬਹੁੰ ਗੂੜ੍ਹੇ ਹਨ।

-3-

ਬਾਬਾ ਫਰੀਦ ਤੋਂ ਪਹਿਲਾਂ ਦੂਈ ਵੱਡੀ ਲਹਿਰ ਇਸਮਾਈਲੀ ਪੀਰਾਂ ਦੀ ਹਾ। ਇਸਮਾਈਲੀ ਸ਼ੀਆ ਫਿਰਕੇ ਦੀ ਈ ਇਕ ਲੜੀ ਹੈ। ਅਸਨਾ ਅਸ਼ਰੀਆ ਤੇ ਇਸਮਾਈਲੀ ਇਮਾਮਤ ਬਾਰੇ ਇਮਾਮ ਜਾਫਰ ਸਾਦਿਕ ਉਲੀਆ ਇਸਲਾਮ ਤੀਕਰ ਤਾਂ ਇਕਮੁੱਠ ਹਨ ਪਰ ਇਸਮਾਈਲੀ ਉਸਦੇ ਪੁੱਤਰ ਕਾਜ਼ਮ ਉਲੀਆ ਇਸਲਾਮ ਦੀ ਥਾਵੇਂ ਇਸਮਾਈਲ ਬਿਨ ਜਾਫਰ ਸਾਦਿਕ ਨੂੰ ਇਮਾਮ ਮੰਨਦੇ ਹਨ। ਕਰਾਮਤ ਤੇ ਮਲਾਹਦਾ ਇਸਮਾਈਲੀਆਂ ਦੀਆਂ ਈ ਦੋ ਲੜੀਆਂ ਹਨ। ਭਾਵੇਂ ਕਰਾਮਤੀ ਲਹਿਰ ਪਹਿਲਾਂ ਪਹਿਲ ਇਸਮਾਈਲੀਆਂ ਤੋਂ ਵੱਖਰੀ ਹਾ ਪਰ ਓੜਕ ਉਹ ਵੀ ਇਸਮਾਈਲੀਆਂ ਵਿਚ ਈ ਗੁੰਮ ਹੋ ਗਏ। ਬਰੇ ਆਜ਼ਮ ਵਿਚ ਇਸਮਾਈਲੀ ਨਜ਼ਾਰੀਆ, ਬਾਤਨੀ, ਫਿਦਾਈ, ਹਸਾਸ਼ੀਨ, ਮਸ਼ਰਕੀ ਇਸਮਾਈਲੀ ਤੇ ਖੋਜਾ ਦੇ ਨਾਵਾਂ ਨਾਲ ਮਸ਼ਹੂਰ ਹਨ।

ਇਸਮਾਈਲੀ ਫਿਰਕੇ ਦੇ ਇਹ ਪਰਚਾਰਕ ਬਰੇ ਆਜ਼ਮ ਵਿਚ ਇਸਮਾਈਲੀ ਪੀਰਾਂ ਦੇ ਨਾਂ ਨਾਲ ਮਸ਼ਹੂਰ ਹਨ। ਇਹਨਾਂ ਦਾ ਪਰਚਾਰ ਖੇਤਰ ਪੰਜਾਬ, ਸਿੰਧ ਤੇ ਗੁਜਰਾਤ ਹਾ। ਇਹਨਾਂ ਦੀ ਕਾਮਯਾਬੀ ਦਾ ਇਕ ਰਾਜ਼ ਇਹ ਵੀ ਹਾ ਕਿ ਇਹਨਾਂ ਦੇਸੀ ਬੋਲੀਆਂ ਸਿੱਖੀਆਂ ਤੇ ਉਹਨਾਂ ਦੇ ਰਾਹੀਂ ਆਪਣੀ

ਵਿਚਾਰਧਾਰਾ ਨੂੰ ਪਰਚਾਰਿਆ। ਇਰਾਨ ਤੋਂ ਘੱਲੇ ਗਏ ਮੁੱਢਲੇ ਨਜ਼ਾਰੀ ਪਰਚਾਰਕਾਂ ਵਿਚੋਂ ਪੀਰ ਨੂਰ ਉਲਦੀਨ ਸਤਿਗੁਰ ਹੋਰਾਂ ਦਾ ਨਾਂ ਸਿਰ ਕੱਢਵਾਂ ਹੇ ਜਿਹਨਾਂ ਦੀ ਦੇਸੀ ਬੋਲੀਆਂ ਵਿਚ ਰਚਨਾਵਲੀ ਮਿਲਦੀ ਹੈ। ਨੂਰ ਉਲਦੀਨ ਸਤਿਗੁਰ 'ਸਤਿ ਪੰਥ ਦਾ ਮੋਢੀ ਵੀ ਹੈ। ਉਹ 1079 ਵਿਚ ਬਰੇ ਆਜ਼ਮ ਆਏ ਤੇ ਉਹਨਾਂ ਦੇ ਮਜ਼ਾਰ ਦੇ ਕੁਤਬੇ ਮੂਜਬ ਉਹਨਾਂ ਦੀ ਤਾਰੀਖ ਵਫਾਤ 1094 ਹੈ।

> *"ਸਤਿਗੁਰ ਨੂਰ ਇਰਾਨ ਤੋਂ ਇੰਡੀਆ ਆਵਣ ਵਾਲੇ ਪਹਿਲੇ ਪੀਰ ਯਾ ਗੁਰੂ ਹਨ, ਜਿਹੜੇ ਨਜ਼ਾਰੀ ਤਾਲੀਮਾਤ (ਸਿੱਖਿਆਵਾਂ) ਦੀ ਤਬਲੀਗ ਵਾਸਤੇ ਆਏ। ਇੰਡੀਆ ਵਿਚ ਨਜ਼ਾਰੀ ਤਾਲੀਮਾਤ 'ਸਤਿ ਪੰਥ' ਅਖਵਾਣ ਲੱਗੀਆਂ- ਸਤਿ ਪੰਥ ਮਜ਼ਲਬ ਸੱਚਾ ਰਸਤਾ। ਰਵਾਇਤਾਂ ਮੂਜਬ ਸਤਿਗੁਰ ਨੂਰ ਪਤਨ ਗੁਜਰਾਤ ਵਿਚ ਜ਼ਿਆਦਾ ਸਰਗਰਮ ਰਹੇ। ਉਹਨਾਂ ਦਾ ਮਜ਼ਾਰ ਸੂਰਤ ਦੇ ਨੇੜੇ ਨਸਵਾਰੀ ਦੇ ਮੁਕਾਮ ਉੱਤੇ ਹੈ। ਉਹਨਾਂ ਦੇ ਮਜ਼ਾਰ ਦੇ ਕੁਤਬੇ ਉੱਤੇ ਵੱਡੇ ਅਚੰਭੇ ਦੀ ਗੱਲ ਹੈ ਕਿ 478-1094 ਦੀ ਤਾਰੀਖ ਦਰਜ ਹੈ।"*

ਇਸਮਾਈਲੀ ਪੀਰਾਂ ਦੀ ਸ਼ਾਇਰੀ ਨੂੰ ਗਨਾਨ ਆਖਿਆ ਵੈਂਦਾ ਹੈ, ਜਿਨ੍ਹਾਂ ਨੂੰ ਇਸਮਾਈਲੀਆਂ ਮਜ਼ਹਬੀ ਤਕੱਦਸ ਦਾ ਬਾਣਾ ਪੁਆਇਆ ਹੋਇਆ ਹੈ। ਗਨਾਨਾਂ ਵਿਚ ਕਈ ਅਦਬੀ ਰੂਪ ਵਰਤੇ ਗਏ ਹਨ। ਪਾਕਿਸਤਾਨੀ ਅਦਬ ਦੇ ਖੋਜੀਆਂ ਨੂੰ ਇਹ ਮਣਖ (ਅਫਸੋਸ) ਰਹਿੰਦਾ ਹੈ ਕਿ ਇਸਮਾਈਲੀਆਂ ਦੇ ਗਨਾਨ ਪਾਕਿਸਤਾਨ ਦਾ ਵੱਡਮੁੱਲਾ ਵਿਰਸਾ ਹਨ। ਪਰ ਉਹ ਆਪਣੇ ਫਿਰਕੇ ਤੋਂ ਅੱਡ ਦੂਇਆਂ ਨੂੰ ਖੋਜ ਦੀ ਇਜਾਜ਼ਤ ਨਹੀਂ ਦੇਂਦੇ। ਦੂਈ ਵਜ੍ਹਾ ਲਿੱਪੀ ਵੀ ਹੋ ਸਕਦੀ ਹੈ। ਗਨਾਨ ਜਿਸ ਲਿੱਪੀ ਵਿਚ ਮਹਿਫੂਜ਼ ਕੀਤੇ ਗਏ ਹਨ, ਉਹਨੂੰ ਖੋਜਕੀ ਯਾ ਲੋਹਾਨਕਾ ਆਖਿਆ ਵੈਂਦਾ ਹੈ। ਖੋਜਾ ਖਵਾਜਾ ਦਾ ਵਿਗੜਿਆ ਰੂਪ ਦੱਸਿਆ ਜਾਂਦਾ ਹੈ। ਫਰੀਦ ਦਫਤਰੀ ਦੇ ਆਖਣ ਮੂਜਬ ਪੀਰ ਸਦਰ ਉਲਦੀਨ ਨੇ ਲੋਹਾਨਾ ਕਬੀਲੇ ਨੂੰ ਖਵਾਜਾ ਦਾ ਖਿਤਾਬ ਦਿੱਤਾ ਹਾ। ਏਸ ਕਬੀਲੇ ਦੇ ਲੋਕ ਵਪਾਰੀ ਹਾਇਨ ਤੇ ਉਹ ਲੈਣ ਦੇਣ ਲਈ ਏਹੋ ਲਿੱਪੀ ਵਰਤੀਂਦੇ ਹਾਇਨ। ਉਹਨਾਂ ਦੇ ਮਾਨਤਾਵਾਂ ਦਾ ਇਹ ਵਿਚਾਰ ਹੈ ਕਿ ਇਹ ਲਿੱਪੀ ਪੀਰ ਸਦਰ ਉਲਦੀਨ ਹੋਰਾਂ ਈਜਾਦ ਕੀਤੀ। ਗੁਰਮੁਖੀ ਬਾਰੇ ਆਖਿਆ ਵੈਂਦਾ ਹੈ ਕਿ ਇਹਦੇ ਮੋਢੀ ਗੁਰੂ ਅੰਗਦ ਹਨ। ਅਸਲ ਵਿਚ ਇਹ ਦੋਵੇਂ ਲਿੱਪੀਆਂ ਵਪਾਰੀਆਂ ਵਿਚ ਪ੍ਰਚੱਲਤ ਹਾਨ। ਇਹਨਾਂ ਦੋਹਾਂ ਮਜ਼ਹਬੀ ਆਗੂਆਂ ਸੰਸਕ੍ਰਿਤ ਦੀ ਥਾਂ 'ਤੇ ਲੋਕਾਈ ਦੀ ਲਿੱਪੀ ਵਰਤ ਲਈ। ਅੱਗੇ ਜਾ ਕੇ ਏਸ ਫੈਸਲੇ ਉਹਨਾਂ ਦੇ ਮਜ਼ਹਬੀ ਵਖਰੇਵੇਂ ਨੂੰ ਹੋਰ ਪੱਕਿਆਂ ਕੀਤਾ।

> *"ਇਸਮਾਈਲੀ ਰਵਾਇਤ ਦੇ ਮੁਤਾਬਕ ਪੰਦਰਵੀਂ ਸਦੀ ਦੇ ਤਬਲੀਗ ਪਰਚਾਰਕ ਪੀਰ ਸਦਰ ਉਲਦੀਨ ਜਿਨ੍ਹਾਂ ਇਸਮਾਈਲੀ ਇਸਲਾਮ ਕਬੂਲ ਕਰਨ ਵਾਲੇ ਹਿੰਦੁਸਤਾਨੀਆਂ ਨੂੰ ਇਹ ਲਕਬ ਦਿੱਤਾ, ਉਹ ਖੋਜਕੀ ਲਿੱਪੀ ਦੀ ਈਜਾਦ ਕਰਨ ਦਾ ਵੀ ਜ਼ਿੰਮਾਵਾਰ ਹਾ।"*

ਖੋਜਕੀ ਲਿੱਪੀ ਇਸਮਾਈਲੀਆਂ ਦੀ ਪਛਾਣ ਬਣ ਗਈ ਹੈ ਤੇ ਦੂਏ ਸੂਝਵਾਨ ਇਹਨਾਂ ਅੱਖਰਾਂ ਤੋਂ ਅਣਜਾਣ ਹਨ। ਇੰਝ ਇਸਮਾਈਲੀਆਂ ਤਾਈਂ ਪਹੁੰਚ ਹੋਰ ਔਖੀ ਥੀ ਗਈ ਹੈ। ਹੁਣ ਸ਼ੁਅਬਾ 'ਇਮਾਮੀ ਇਸਲਾਮੀ ਤਰੀਕਾ ਐਂਡ ਰਿਲੀਜਿਅਸ ਐਜੂਕੇਸ਼ਨ ਬੋਰਡ ਬਰਾਏ ਪਾਕਿਸਤਾਨ (ਕਰਾਚੀ)' ਦੇ ਮਿਲਵਰਤਣ ਨਾਲ ਫਾਰਸੀ ਲਿੱਪੀ ਵਿਚ 'ਗਨਾਨ ਸ਼ਰੀਫ' (ਹਿੱਸਾ ਪਹਿਲਾ, ਦੂਆ, ਤਰੀਜਾ, ਚੌਥਾ) ਉਰਦੂ ਤਰਜਮੇ ਨਾਲ ਛਪਿਆ ਹੈ। ਇਹ ਵਾਦੀਏ ਸਿੰਧ ਦੀ ਅਦਬੀ ਰੀਤ ਦਾ ਵੱਡਮੁੱਲਾ ਸਰਮਾਇਆ ਹੈ। 'ਗਨਾਨ ਸ਼ਰੀਫ' ਬਾਰੇ ਅਜੇ ਬਹੁਤ ਸਾਰੀਆਂ ਗੱਲਾਂ ਖੋਜ ਲੋੜੀਂਦੀਆਂ ਹਨ। ਇਹਦੇ ਵਿਚ ਯਾਰਵੀਂ ਸਦੀ ਈਸਵੀ ਦੇ ਸ਼ਾਇਰ ਪੀਰ ਨੂਰ ਉਲਦੀਨ ਸਤਿਗੁਰ ਮਗਰੋਂ ਆਵਣ ਵਾਲੇ ਸਤਾਰਾਂ ਸ਼ਾਇਰਾਂ ਦਾ ਕਲਾਮ ਸ਼ਾਮਲ ਹੈ। ਪਰ ਸ਼ਾਇਰਾਂ ਦੀ ਪੈਦਾਇਸ਼, ਵਫਾਤ ਦੀਆਂ ਤਾਰੀਖਾਂ ਬਾਰੇ ਕੋਈ ਇਸ਼ਾਰਾ ਨਹੀਂ ਮਿਲਦਾ। ਏਸ ਸ਼ਾਇਰੀ ਦੇ ਸੋਮੇ ਕੀ ਹਨ, ਏਸ ਬਾਰੇ ਵੀ ਕੋਈ ਦੱਸ ਨਹੀਂ ਪੈਂਦੀ।

ਬਾਬਾ ਫਰੀਦ ਤੋਂ ਪਹਿਲਾਂ ਦੀ ਇਸਮਾਈਲੀ ਸ਼ਾਇਰੀ ਰੀਤ ਵਿਚ ਨੂਰ ਉਲਦੀਨ ਸਤਿਗੁਰ ਦਾ ਨਾਂ ਹੀ ਆਂਵਦਾ ਹੈ। ਸਿੰਧੀ ਅਦਬ ਦੀਆਂ ਤਾਰੀਖਾਂ ਤੇ ਤਜ਼ਕਰਿਆਂ ਵਿਚ ਉਹਨਾਂ ਨੂੰ ਸਿੰਧੀ ਦਾ ਪਹਿਲਾ ਸ਼ਾਇਰ ਮਿਥਿਆ ਗਿਆ ਹੈ। 'ਗਨਾਨ ਸ਼ਰੀਫ' ਵਿਚ ਸ਼ਾਮਲ ਸ਼ਿਅਰਾਂ ਤੋਂ ਸਹਿਜ ਸੁਭਾਅ ਅੰਦਾਜ਼ਾ ਹੋਂਦਾ ਹੈ ਕਿ ਇਹ ਪੰਜਾਬੀ ਸੁਭਾਅ ਦੇ ਬਹੁਤ ਨੇੜੇ ਹਨ:

*ਕਲਮਾ ਕਹੋ ਰੇ ਮੋਮਨੋ, ਤਮੇਂ ਮਤ ਜਾਉ ਰੇ ਭੂਲ*
*ਰਾਹ ਅਲੀ ਨਬੀ ਜੀ ਕੀ ਸਾਚ ਹੈ, ਇਹ ਹੋਵੋ ਇਹ ਹੋਵੇਗੇ ਸਦਾ ਕਬੂਲ*

*ਏ ਜੀ ਬਿਨ ਕਲਮੇ ਬੰਦਗੀ ਕਰੇ, ਤੋ ਬੰਦਗੀ ਸੂਨੀ ਸਾਰ*
*ਤੇ ਜੀਮ ਨਿੱਤ ਉਠ ਰਾਹ ਚੱਲਣਾ, ਆਖਰ ਉੱਜੜ ਵਾਸ*

*ਏ ਜੀ ਨਬੀ ਕੂੰ ਧਿਆਏ, ਤਮੇਂ ਸੁਨੋ ਮੋਮਨ ਬਾਤ*
*ਕਲਮਾ ਕਹੋ ਦਿਲ ਸਾਚ ਸੂੰ, ਨਹੀਂ ਤੋ ਆਖਰ ਕਾਲੀ ਰਾਤ*

*ਏ ਜੀ ਧਨ ਤੇ ਦੇਸ਼ ਨਬੀ ਕਾ ਅਨੇ ਜੀਹਨੇ ਨਜਰੇ ਸੂੰ ਵਿੱਠਾ*
*ਜਿਸ ਸਫਦ ਮੇਂ ਨਬੀ ਜੀ ਬੈਠਾ, ਤੇ ਸਭ ਬਹਿਸ਼ਤ ਮੇਂ ਜਾਏ ਭਾਈ*

*ਏ ਜੀ ਜਿਸ ਮੁਖੇ ਕਲਮਾ ਨਹੀਂ ਕਿਹਾ ਨਬੀ ਕਾ ਅਨੇ ਤਿਸ ਮੁਖ ਲੀਤੀ ਆਗ*
*ਕਲਮੇ ਸੂੰ ਜੋ ਬਹਿਸ਼ਤੀ ਹੋਈਏ, ਤੋ ਫਲ ਪਾਵੇ ਦਰੂਦ ਦਾ ਸ਼ਫਾਇਤ*

ਉਤਲੀਆਂ ਮਿਸਾਲਾਂ ਤੋਂ ਪਤਾ ਚੱਲਦਾ ਹੈ ਕਿ ਇਹ ਸ਼ਾਇਰੀ ਜਿਵੇਂ ਸਦੀਆਂ ਤੋਂ ਸੀਨਾ ਬਸੀਨਾ ਚੱਲ ਰਹੀ ਹਾ ਤੇ ਉਹਨਾਂ ਦੇ ਮਜ਼ਹਬੀ ਆਗੂ ਜਿਵੇਂ ਪੜ੍ਹਦੇ ਹਾਇਨ, ਓਵੇਂ ਹੀ ਮਹਿਫੂਜ਼ ਕਰ ਲਈ ਗਈ ਹੈ। ਇਹਨਾਂ ਗਨਾਨਾਂ ਨੂੰ ਅਦਬੀ ਫਨ ਪਾਰੇ ਦੇ ਤੌਰ 'ਤੇ ਮਰਤਬ ਨਹੀਂ ਕੀਤਾ ਗਿਆ। ਬਾਹਲੇ ਸ਼ਿਅਰਾਂ ਵਿਚ ਏ ਜੀ ਚਾਲ ਤੋਂ ਬਾਹਰ ਹੈ। ਹਰਫ ਜਾਰ ਦਾ ਵੀ ਬੇਤੁਕਾ ਵਰਤਾਰਾ ਕੀਤਾ ਗਿਆ ਹੈ। ਸਤਿਗੁਰ ਨੂਰ ਮਗਰੋਂ ਕਈ ਇਸਮਾਈਲੀਆਂ ਨੇ ਪੰਜਾਬੀ ਸ਼ਾਇਰੀ ਕੀਤੀ ਹੈ।

-4-

ਹੁਣ ਤੀਕਰ ਦੀ ਖੋਜ ਮੂਜਬ ਪੰਜਾਬੀ ਅਦਬ ਦਾ ਪਹਿਲਾ ਦੌਰ ਨਾਥ ਜੋਗੀਆਂ ਦਾ ਹੈ। ਨਾਥ ਜੋਗੀਆਂ ਦੇ ਸਾਡੇ ਵਸੇਬ ਉੱਤੇ ਗੂੜ੍ਹੇ ਪਰਛਾਵੇਂ ਹਨ। ਪੰਜਾਬੀ ਦੀਆਂ ਕਲਾਸਕੀ ਦਾਸਤਾਨਾਂ 'ਹੀਰ ਰਾਂਝਾ' ਤੇ 'ਪੂਰਨ ਭਗਤ' ਦੇ ਹੀਰੋ ਜੋਗ ਲੈਂਦੇ ਹਨ। ਇਹਨਾਂ ਦਾਸਤਾਨਾਂ ਨੂੰ ਸੈਂਕੜਿਆਂ ਸ਼ਾਇਰਾਂ ਨਜ਼ਮ ਕੀਤਾ ਹੈ। ਇੰਝ ਜੋਗ ਮੱਤ ਬਾਰੇ ਅਦਬੀ ਲਿਖਤਾਂ ਵੀ ਮਾਲੂਮਾਤ ਦਾ ਭਰਿਆ ਭੰਡਾਰ ਹਨ। ਇਹਨਾਂ ਸ਼ਾਇਰਾਂ ਵਿਚੋਂ ਉਚੇਚਾ ਵਾਰਿਸ ਸ਼ਾਹ ਹੈ, ਜੀਹਨੇ ਨਾਥ ਪੰਥ ਬਾਰੇ ਨਿੱਠ ਕੇ ਚਰਚਾ ਕੀਤੀ ਹੈ। ਏਸ ਤੋਂ ਇਹ ਗੱਲ ਵੀ ਨਜ਼ਰ ਆਉਂਦੀ ਹੈ ਕਿ ਅਠਾਰਵੀਂ ਸਦੀ ਈਸਵੀ ਦੇ ਪੰਜਾਬ ਵਿਚ ਜੋਗੀ ਪਿੰਡਾਂ ਵਿਚ ਕਿੰਨੇ ਮਕਬੂਲ ਹਾਇਨ। ਮੁਸਲਮਾਨ ਸੂਫੀਆਂ ਤੇ ਫਕੀਰਾਂ ਵਿਚੋਂ ਕੁਝ ਗੇਰੂਏ ਰੰਗ ਦੇ ਕਪੜੇ ਪਾਂਵਦੇ ਹਨ। ਮੁਸਲਮਾਨਾਂ ਵਿਚ ਜੋਗੀਆਂ ਦੀ ਇਕ ਢਾਣੀ ਵਸਦੀ ਹੈ ਜਿਹੜੀ ਭੀਖ ਮੰਗਦੀ ਹੈ ਤੇ ਕਿਸਮਤ ਦਾ ਹਾਲ ਦਸੇਂਦੀ ਹੈ। ਕੁਝ ਦਰਬਾਰਾਂ ਦੇ ਮਲੰਗਾਂ ਦੀ ਤਾਂ ਰਹਿਣੀ ਬਹਿਣੀ ਹੈ ਈ ਜੋਗੀਆਂ ਵਰਗੀ।

ਨਾਥ ਜੋਗੀਆਂ ਦਾ ਦੱਖਣੀ ਏਸ਼ੀਆ ਵਿਚ ਤੋਰਾ ਫੇਰਾ ਰਹਿੰਦਾ ਹਾ। ਏਸ ਪਾਰੋਂ ਉਹਨਾਂ ਦੀ ਬੋਲੀ ਵਿਚ ਦੂਜਿਆਂ ਸੂਬਿਆਂ ਦੀ ਸ਼ਬਦਾਵਲੀ ਵੀ ਆ ਗਈ। ਜਿਵੇਂ ਬਾਬਾ ਗੁਰੂ ਨਾਨਕ ਮਗਰੋਂ ਆਵਣ ਵਾਲੇ ਗੁਰੂ ਸਾਹਿਬਾਨ ਦੀ ਸ਼ਾਇਰੀ ਉੱਤੇ ਵੀ ਭਾਸ਼ਾ ਦਾ ਰੰਗ ਵਿਖਾਲ਼ੀ ਦੇਂਦਾ ਹੈ, ਜਦੋਂ ਕਿ ਪੰਜਾਬੀ ਦੇ ਕਲਾਸਕੀ ਸ਼ਾਇਰ ਲਹਿੰਦੀ ਨੂੰ ਅਦਬੀ ਬੋਲੀ ਦੇ ਤੌਰ 'ਤੇ ਵਰਤ ਰਹੇ ਹਾਇਨ। ਜ਼ਾਹਰ ਹੈ ਕਿ ਇਹ ਸਭ ਸੁਣਵਈਏ ਬਦਲਨ ਪਾਰੋਂ ਹੋਇਆ। ਇਸਮਾਈਲੀ ਪੀਰਾਂ ਵੇਦਾਂਤ ਤੇ ਜੋਗ ਮੱਤ

ਦੀਆਂ ਇਸਲਾਹਾਂ ਨੂੰ ਈ ਨਹੀਂ ਕਬੂਲਿਆ, ਸਗੋਂ ਨਾਥ ਪੰਥੀਆਂ ਦੇ ਮੁਹਾਵਰੇ ਵਿਚ ਵੀ ਰੰਗੇ ਗਏ ਸਨ। ਕਈ ਇਸਮਾਈਲੀ ਪੀਰਾਂ ਆਪਣੇ ਨਾਂ ਵੀ ਨਾਥਾਂ ਦੇ ਨਾਂ ਉੱਤੇ ਰੱਖ ਲਏ। ਏਸ ਗੱਲ ਦੇ ਵੇਰਵੇ ਲਈ ਪੀਰ ਸਦਰ ਉਲਦੀਨ ਦੀ ਲਿਖਤ 'ਦਸ ਅਵਤਾਰ' ਵੇਖੀ ਜਾ ਸਕਦੀ ਹੈ।

ਨਾਥਾਂ ਨੇ ਜਿਨ੍ਹਾਂ ਅਦਬੀ ਰੂਪਾ ਨੂੰ ਰਿਵਾਜ ਦਿੱਤਾ ਮਗਰੋਂ ਆਵਣ ਵਾਲੇ ਸ਼ਾਇਰ ਵੀ ਉਸੇ ਰਾਹੇ ਟੁਰੇ, ਜਿਵੇਂ ਦੋਹਾ, ਪਦ, ਸ਼ਬਦ ਵਗ਼ੈਰਾ। ਪੰਜਾਬੀ ਦੇ ਪਹਿਲੇ ਸ਼ਾਇਰ ਗੋਰਖ ਨਾਥ ਹਨ ਜਿਨ੍ਹਾਂ ਦੀ ਬਾਣੀ ਵਿਚ ਰਾਗਾਂ ਦਾ ਵੇਰਵਾ ਦਿੱਤਾ ਗਿਆ। ਉਹਨਾਂ ਮਗਰੋਂ 'ਆਦਿ ਗ੍ਰੰਥ' ਦੀ ਸ਼ਾਇਰੀ (ਬਾਣੀ) ਲਈ ਰਾਗ ਮਿਥੇ ਗਏ। ਸ਼ਾਹ ਹੁਸੈਨ ਦੀਆਂ ਕੁਝ ਕਾਫੀਆਂ ਉੱਤੇ ਵੀ ਰਾਗਾਂ ਦਾ ਸਿਰਨਾਵਾਂ ਲੱਭਦਾ ਹੈ। ਇੰਝ ਗੋਰਖ ਬਾਣੀ ਮਗਰੋਂ ਆਵਣ ਵਾਲਿਆਂ ਸ਼ਾਇਰਾਂ ਨੂੰ ਨਵੇਂ ਨਵੇਂ ਰਾਹ ਸੁਝਾਂਵਦੀ ਹੈ।

ਪੰਜਾਬੀ ਲੋਕ ਅਦਬ ਵਿਚ ਕਈ ਗੀਤ ਤੇ ਕਹਾਣੀਆਂ ਜੋਗੀਆਂ ਦੇ ਹਵਾਲੇ ਨਾਲ ਮਿਲਦੀਆਂ ਹਨ। ਕਲਾਸਕੀ ਸ਼ਾਇਰੀ ਵਿਚ ਜੋਗੀ ਰੁਮਾਨਵੀ ਮਾਅਨਿਆਂ ਤੋਂ ਅੱਡ ਸੂਫੀਆਨਾ ਅਲਾਮਤਾਂ ਤੀਕਰ ਨੂੰ ਵਰਤਿਆ ਗਿਆ ਹੈ। ਇੰਝੇ ਵਾਂਗੂੰ ਪੰਜਾਬੀ ਮੁਹਾਵਰੇ ਤੇ ਰੋਜ਼ਮਰੇ ਵਿਚ ਸਿੱਧ ਜੋਗੀ ਦਾ ਵਰਤਾਰਾ ਵੇਖਿਆ ਜਾ ਸਕਦਾ ਹੈ। ਇਸ ਤੋਂ ਸਹਿਜ ਸੁਭਾਅ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਪੰਜਾਬੀ ਜੀਵਨ ਉੱਤੇ ਸਿੱਧਾਂ ਨਾਥਾਂ ਦਾ ਕਿੰਨਾ ਗੂੜ੍ਹਾ ਪਰਛਾਵਾਂ ਹੈ।

ਇਸਮਾਈਲੀਆਂ ਨੂੰ ਸ਼ੀਆਂ ਦੀ ਹੀ ਇਕ ਲੜੀ ਮੰਨਿਆ ਜਾਂਦਾ ਹੈ। ਉਹਨਾਂ ਦੇ ਪਰਚਾਰ ਪਾਰੋਂ ਸਾਨਹਾ ਕਰਬਲਾ ਤੇ ਰਸੂਲ ਮੁਹੰਮਦ ਦੀ ਅਜ਼ਮਤ ਵਰਗੇ ਮੌਜ਼ੂ ਪੰਜਾਬੀ ਅਦਬ ਦਾ ਅਨਿਖੜਵਾਂ ਅੰਗ ਬਣ ਚੁੱਕੇ ਹਨ। ਜੇ ਇਸਮਾਈਲੀਆਂ ਦੀ ਦੇਣ ਨੂੰ ਸ਼ੀਆਂ ਤੋਂ ਵੱਖਰਿਆਂ ਵੀ ਵੇਖਿਆ ਵੰਝੇ ਤਾਂ ਵੀ ਅੱਜ ਸਿੰਧ ਵਾਦੀ ਵਿਚ ਇਸਮਾਈਲੀਆਂ ਦੀ ਵੱਡੀ ਗਿਣਤਰੀ ਵਿਖਾਲ਼ੀ ਦੇਂਦੀ ਹੈ। ਖਾਸ ਤੌਰ 'ਤੇ ਬਾਬਾ ਫਰੀਦ ਦੇ ਸਮਕਾਲੀ ਸ਼ਾਇਰ ਸ਼ਾਹ ਸ਼ਮਸ ਸਬਜ਼ਦਾਰੀ ਦੇ ਮੁਰੀਦਾਂ ਨੂੰ ਸ਼ਮਸੀ ਆਖਿਆ ਵੈਂਦਾ ਹੈ। ਇਸਮਾਈਲੀ ਪੀਰਾਂ ਕਿੰਨੀਆਂ ਈ ਲੋਕ ਸਿਨਫਾਂ ਨੂੰ ਕਲਾਸਕੀ ਰੂਪ ਦਿੱਤਾ।

ਪੰਜਾਬੀ ਅਦਬ ਤੇ ਵਸੇਬ ਉੱਤੇ ਤਾਂ ਨਾਥਾਂ ਤੇ ਇਸਮਾਈਲੀਆਂ ਦੇ ਪਰਛਾਵੇਂ ਗੂੜ੍ਹੇ ਹੈਨ ਈ, ਪਰ ਜਿਨ੍ਹਾਂ ਲਿਖਤਾਂ ਰਾਹੀਂ ਇਹਨਾਂ ਨੂੰ ਸਦੀਵੀ ਜੀਵਨ ਮਿਲਿਆ ਉਹਨਾਂ ਦੇ ਬਾਰੇ ਅਸਾਡੇ ਖੋਜੀ ਅਜੇ ਵੀ ਅਵੇਸਲ਼ੇ ਹਨ। ਦੁਨੀਆਂ ਦੀਆਂ ਪੁਰਾਣੀਆਂ ਲਿਖਤਾਂ ਵਿਚ 'ਰਿਗ ਵੇਦ' ਦਾ ਵੇਰਵਾ ਮਿਲਦਾ ਹੈ। ਇਹ ਲਿਖਤ ਪੰਜਾਬ ਵਿਚ ਲਿਖੀ ਗਈ ਪਰ ਅਸਾਂ ਪੰਦਰਾਂ ਸੌ ਕਬਲ ਮਸੀਹ (ਪੂਰਵ ਈਸਾ) ਦੇ ਏਸ ਵਿਰਸੇ ਨੂੰ ਮੰਨਣ ਲਈ ਤਿਆਰ ਈ ਨਹੀਂ। ਪੰਜਾਬੀ ਦੇ ਕਲਾਸਕੀ ਸ਼ਾਇਰ ਬਾਬਾ ਨਾਨਕ ਹੋਰੀਂ ਪਾਕਿਸਤਾਨੀ ਪੰਜਾਬ ਦੇ ਜੰਮਪਲ ਹਾਨ ਪਰ ਉਹਨਾਂ ਦੇ ਬਾਰੇ ਵੀ ਸਾਡਾ ਰਵਈਆ ਗ਼ੈਰ ਇਲਮੀ ਹੈ। ਨਾਥ ਸ਼ਾਇਰ ਵੀ ਅਣਗਹਿਲੀ ਦਾ ਨਿਸ਼ਾਨਾ ਬਣ ਰਹੇ ਹਨ। ਜੇ ਅਸੀਂ ਆਪਣੀ ਵਸੋਂ ਤੇ ਵਸੇਬ ਨੂੰ ਖੁਲ੍ਹ ਦਿਲੀ ਨਾਲ ਵੇਖੀਏ ਤਾਂ ਇਹ ਅਸਾਡੀ ਅਦਬੀ ਤੇ ਵਸੇਬੀ ਕਦਰਾਂ ਵਿਚ ਵਾਧੇ ਦਾ ਕਾਰਨ ਹਨ, ਤੇ ਇਹ ਮਾਣ ਯੋਗ ਗੱਲ ਹੈ। 000

***(ਪ੍ਰੋਫੈਸਰ ਪੰਜਾਬੀ, ਗਵਰਨਮੈਂਟ ਕਾਲਿਜ ਯੂਨੀਵਰਸਿਟੀ, ਲਾਹੌਰ, ਪਾਕਿਸਤਾਨ***
***ਈਮੇਲ: saeed.bhutta@yahoo.com***
***ਫੋਨ: +92-32245-35438)***

***ਹਰਜੀਤ ਦੌਧਰੀਆ ਦਾ ਵਿਛੋੜਾ***

***ਹਰਜੀਤ ਦੌਧਰੀਆ ਭਰਪੂਰ ਜ਼ਿੰਦਗੀ ਜਿਉਣ ਉਪਰੰਤ ਸਦੀਵੀ ਵਿਛੋੜਾ ਦੇ ਗਿਆ ਹੈ। ਸਾਹਿਤ ਸਿਰਜਣਾ ਸਮੇਤ ਆਪਣੇ ਹਰ ਕੰਮ ਵਿਚ ਲੋਕ ਹਿਤਾਂ ਨੂੰ ਪਰਨਾਏ ਇਸ ਨਿਰਛਲ ਇਨਸਾਨ ਅਤੇ ਸੱਚੇ ਸੁੱਚੇ ਕਮਿਊਨਿਸਟ ਦੀ ਦੇਣ ਨੂੰ ਸਾਡਾ ਸਲਾਮ।***

# ਅਵਤਾਰ ਸਿੰਘ ਬਿਲਿੰਗ ਦੇ ਨਾਵਲ: ਕਿਰਤ ਵਿਹੂਣੇ ਪਾਤਰਾਂ ਦਾ ਜਮਾਤੀ ਖਾਸਾ: ਲੇਖ: ਹਰਿੰਦਰ ਸਿੰਘ ਬਰਾੜ

ਨਾਵਲਕਾਰ ਅਵਤਾਰ ਸਿੰਘ ਬਿਲਿੰਗ ਪੰਜਾਬੀ ਨਾਵਲ ਦੇ ਖੇਤਰ ਵਿਚ ਕੋਈ ਨਵਾਂ ਨਾਂਅ ਨਹੀਂ ਰਿਹਾ। ਉਸਨੇ ਆਪਣੇ ਨਾਵਲਾਂ ਰਾਹੀਂ ਸਹਿਜ ਵਿਕਾਸ ਕਰ ਕੇ ਪਾਠਕਾਂ ਤੇ ਆਲੋਚਕਾਂ ਵਿਚ ਇਕ ਜ਼ਿਕਰਯੋਗ ਸਥਾਨ ਬਣਾ ਲਿਆ ਹੈ। ਨਾਵਲ ਜਗਤ ਵਿਚ ਪ੍ਰਵੇਸ਼ ਹੋਣ ਤੋਂ ਪਹਿਲਾਂ ਅਵਤਾਰ ਸਿੰਘ ਬਿਲਿੰਗ ਕਹਾਣੀ ਰਚਨਾ ਦੇ ਖੇਤਰ ਵਿਚ ਵਿਸ਼ੇਸ ਸਥਾਨ ਪ੍ਰਾਪਤ ਕਰ ਚੁੱਕਾ ਸੀ। 1991 ਵਿਚ ਆਪਣਾ ਕਲਮੀ ਸਫ਼ਰ ਕਥਾਕਾਰ ਵਜੋਂ ਸ਼ੁਰੂ ਕਰਨ ਵਾਲਾ ਅਵਤਾਰ ਸਿੰਘ ਬਿਲਿੰਗ 1997 ਵਿਚ ਨਾਵਲਕਾਰੀ ਦੇ ਖੇਤਰ ਵਿਚ ਪ੍ਰਵੇਸ਼ ਕਰਦਾ ਹੈ। ਹੁਣ ਤਕ ਉਹ ਚਾਰ ਕਹਾਣੀ ਸੰਗ੍ਰਹਿਾਂ 'ਮੌਤ ਦੇ ਸਾਏ ਹੇਠ'(1991), 'ਆਪਣਾ ਖ਼ੂਨ'(1994), 'ਨਿਆਜ਼'(1998) ਅਤੇ'ਪੱਛੋਂ ਦੀ ਹਵਾ'(2011) ਦੇ ਨਾਲ ਨਾਲ ਅੱਠ ਨਾਵਲ 'ਨਰੰਜਣ ਮਸ਼ਾਲਚੀ' (1997), 'ਖੇੜੇ ਸੁੱਖ ਵਿਹੜੇ ਸੁੱਖ'(2002), 'ਇਹਨਾਂ ਰਾਹਾਂ ਉੱਤੇ' (2007), 'ਪੱਤ ਕੁਮਲ਼ਾ ਗਏ' (2009), 'ਦੀਵੇ ਜਗਦੇ ਰਹਿਣਗੇ' (2011), 'ਖ਼ਾਲੀ ਖੂਹਾਂ ਦੀ ਕਥਾ' (2013), ਗੁਲਾਬੀ ਨਗ ਵਾਲੀ ਮੁੰਦਰੀ (2017), 'ਰਿਜ਼ਕ' (2019), 'ਹੋਇਆ ਦੇਸ ਪਰਾਇਆ' (2024) ਪੰਜਾਬੀ ਗਲਪ ਦੀ ਝੋਲੀ ਪਾ ਚੁੱਕਾ ਹੈ।

ਸਮਾਜ ਦਾ ਮੁੱਢਲਾ ਵਿਕਾਸ ਕਿਰਤ ਵਿਚੋਂ ਹੋਇਆ ਹੈ। ਕਿਰਤ ਰਾਹੀਂ ਆਰਥਿਕ ਆਧਾਰ ਮਜ਼ਬੂਤ ਕਰਕੇ ਮਨੁੱਖ ਹਮੇਸ਼ਾ ਤੋਂ ਆਪਣਾ ਜੀਵਨ ਪੱਧਰ ਬਿਹਤਰ ਤੋਂ ਬਿਹਤਰੀਨ ਬਣਾਉਣ ਦੇ ਪ੍ਰਯਤਨਾਂ ਵਿਚ ਲੱਗਾ ਰਿਹਾ ਹੈ। ਪੰਜਾਬ ਖੇਤੀ ਪ੍ਰਧਾਨ ਸੂਬਾ ਹੈ। ਪੰਜਾਬ ਦਾ ਕਿਸਾਨ ਸੀਮਤ ਸਾਧਨਾਂ ਨਾਲ ਖੇਤੀ ਕਰਦਾ ਸਾਧਾਰਨ ਜੀਵਨ ਪੱਧਰ ਤੋਂ ਉ'ਪਰ ਉੱਠ ਕੇ ਹਰੇ ਇਨਕਲਾਬ ਪਿੱਛੋਂ ਵਿਸ਼ੇਸ਼ ਜੀਵਨ ਜਾਚ ਦਾ ਧਾਰਨੀ ਬਣਨ ਵੱਲ ਰੁਚਿਤ ਹੋਣ ਲੱਗਾ। ਹਰੇ ਇਨਕਲਾਬ ਪਿੱਛੋਂ ਸੰਦਾਂ-ਸਾਧਨਾਂ ਵਿਚ ਆਈ ਤਬਦੀਲੀ ਨੇ ਵਕਤੀ ਤੌਰ 'ਤੇ ਪੈਦਾਵਾਰ ਵਿਚ ਵਾਧਾ ਕੀਤਾ ਜਿਹੜਾ ਧਨੀ ਕਿਸਾਨੀ ਲਈ ਵਰਦਾਨ ਸਾਬਿਤ ਹੋਇਆ. ਪਰੰਤੂ ਨਿਮਨ ਕਿਸਾਨੀ ਲਈ ਇਹ ਵਾਧਾ ਉਹਨਾਂ ਦੀਆਂ ਪਰਿਵਾਰਕ ਮੁਸ਼ਕਲਾਂ ਵਿਚਲਾ ਵਾਧਾ ਹੋ ਨਿਬੜਿਆ। ਨਿਮਨ ਕਿਸਾਨੀ ਕੋਲ਼ ਘੱਟ ਜ਼ਮੀਨ ਤੇ ਘੱਟ ਪੈਦਾਵਾਰ ਹੋਣ ਕਾਰਨ ਉਸ ਵਿਚ ਬਹੁਤ ਸਾਰੀਆਂ ਜਾਗੀਰੂ ਰੁਚੀਆਂ ਘਰ ਕਰ ਜਾਂਦੀਆਂ ਹਨ ਜਿਸ ਕਾਰਨ ਉਹ ਕਿਰਤ ਤੋਂ ਵਿਯੋਗਿਆ ਜਾਂਦਾ ਹੈ ਤੇ ਉਹਨਾਂ ਰੁਚੀਆਂ 'ਚ ਗਲਤਾਨ ਹੋਇਆ ਸੰਕਟ ਦਾ ਸ਼ਿਕਾਰ ਹੋ ਜਾਂਦਾ ਹੈ। ਅਵਤਾਰ ਸਿੰਘ ਬਿਲਿੰਗ ਦੇ ਲਗ ਪਗ ਸਾਰੇ ਨਾਵਲਾਂ ਵਿਚ ਕਿਰਤ ਨੂੰ ਮਹੱਤਤਾ ਦਿੱਤੀ ਗਈ ਹੈ। ਕਿਰਤ ਤੋਂ ਵਿਹੂਣੇ ਮਨੁੱਖ ਨੂੰ ਬਿਲਿੰਗ ਨੇ ਉਸਦੀਆਂ ਸਮੱਸਿਆਵਾਂ ਦਾ ਆਧਾਰ ਮੰਨਿਆ ਹੈ। ਇਸ ਪੱਖ ਤੋਂ 'ਪੱਤ ਕੁਮਲ਼ਾ ਗਏ' ਨਾਵਲ ਸਭ ਤੋਂ ਅਹਿਮ ਹੈ। ਇਸ ਨਾਵਲ ਵਿਚ ਬਿਲਿੰਗ ਨੇ ਜਾਤ ਆਧਾਰਤ ਰਾਖਵੇਂਕਰਨ ਤਹਿਤ ਮੁਲਾਜ਼ਮਤ ਕਰਨ ਵਾਲੇ ਨਿਮਨ ਵਰਗ ਤੇ ਕਿਸਾਨੀ ਵਰਗ ਦੀ ਕਿਰਤ ਸ਼ਕਤੀ ਦਾ ਤੁਲਨਾਤਮਕ ਅਧਿਐਨ ਪੇਸ਼ ਕੀਤਾ ਹੈ। ਇਸ ਅਧਿਐਨ ਰਾਹੀਂ ਬਿਲਿੰਗ ਇਹ ਸਪਸ਼ਟ ਕਰਦਾ ਹੈ ਕਿ ਹਰ ਵਰਗ ਦੀਆਂ ਆਪੋ-ਆਪਣੀਆਂ ਸਮੱਸਿਆਵਾਂ ਹਨ। ਨਿਮਨ ਵਰਗ ਨੂੰ ਕਿਸੇ ਕਿਸਮ ਦੀ ਰਿਜ਼ਰਵੇਸ਼ਨ ਦੇ ਕੇ ਉਸ ਸਮੁੱਚੇ ਵਰਗ ਦੀ ਸਥਿਤੀ ਨੂੰ ਬਿਹਤਰ ਨਹੀਂ ਬਣਾਇਆ ਜਾ ਸਕਦਾ। ਉਸਦਾ ਫ਼ਾਇਦਾ ਕੁਝ ਕੁ ਜਣੇ ਲੈ ਜਾਂਦੇ ਹਨ। ਬਹੁ ਗਿਣਤੀ ਲੋਕ ਉਸੇ ਤਰ੍ਹਾਂ ਸੰਤਾਪ ਹੰਢਾਉਂਦੇ ਰਹਿੰਦੇ ਹਨ।

ਵਿਸ਼ਵੀਕਰਨ ਦਾ ਦੌਰ ਅਜਿਹਾ ਹੈ ਜਿਸ ਵਿਚ ਨਿਮਨ ਕਿਸਾਨੀ ਦਾ ਸੰਕਟ ਬਹੁ ਪਰਤੀ ਹੋ ਗਿਆ ਹੈ ਜਿਸ ਨਾਲ ਕਿਸਾਨੀ ਸਾਧਨਹੀਣ ਹੋ ਰਹੀ ਹੈ। ਮਸ਼ੀਨੀਕਰਨ ਤੇ ਤਕਨਾਲੋਜੀ ਨੇ ਮਨੁੱਖ ਨੂੰ ਕਿਰਤ ਨਾਲੋਂ ਵਿਯੋਗ ਕੇ ਸਸਤੇ ਤੇ ਭ੍ਰਿਸ਼ਟ ਢੰਗ ਨਾਲ ਪੈਸੇ ਕਮਾਉਣ ਦੇ ਰਾਹ ਤੋਰ ਦਿੱਤਾ ਹੈ।

ਮੁੱਢਲੇ ਮਨੁੱਖ ਦੇ ਕੁਦਰਤ ਨਾਲ ਸੰਘਰਸ਼ ਵਿਚੋਂ ਕਿਰਤ ਦਾ ਉਦੈ ਹੋਇਆ। ਵਧਦੇ ਹੋਏ ਹੱਥਾਂ ਦੀ ਵਧਦੀ ਹੋਈ ਸ਼ਕਤੀ ਨੇ ਕਿਰਤ ਨੂੰ ਉਪਜੀਵਕਾ ਦੇ ਨਾਲ-ਨਾਲ ਮੁਨਾਫ਼ੇ ਦੀ ਵਸਤ ਬਣਾ ਦਿੱਤਾ। ਅੱਜੋਕੇ ਮਨੁੱਖ ਦਾ ਅਤੇ ਸਮਾਜ ਦਾ ਵਿਕਾਸ ਇਸ ਕਿਰਤ ਸ਼ਕਤੀ ਦੀ ਸੁਯੋਗ ਵਰਤੋਂ ਨਾਲ ਸੰਭਵ ਹੋਇਆ ਹੈ। ਸਮਾਜ ਵਿਚ ਜਾਤਾਂ ਦੀ ਵੰਡ ਤੇ ਕਿੱਤਿਆਂ ਦੀ ਵੰਡ ਦੇ ਬਾਵਜੂਦ ਕਿਰਤ ਵਿਚ ਭਾਈਚਾਰਕ ਸਾਂਝ ਕਾਫ਼ੀ ਲੰਮਾ ਸਮਾਂ ਬਣੀ ਰਹੀ। ਇਹ ਸਭ ਕੁਝ ਸਾਮੰਤੀ ਜੁਗ ਤਕ ਸਹਿਜ ਪੂਰਵਕ ਸਫਲਤਾ ਨਾਲ ਚੱਲਦਾ ਰਿਹਾ। ਪੂੰਜੀਵਾਦੀ ਵਿਚਾਰਾਂ ਦੀ ਆਮਦ ਨਾਲ ਇਕ-ਇਕ ਕਰਕੇ ਸਭ ਭਰਮ ਭੁਲੇਖੇ ਦੂਰ ਹੋਣ ਲੱਗੇ। ਮੁਨਾਫ਼ਾ ਕਮਾਉਣਾ ਹੀ ਇਕੋ-ਇਕ ਮਕਸਦ ਰਹਿ ਗਿਆ। ਇਸ ਲਈ ਹਰ ਯੋਗ-ਅਯੋਗ ਢੰਗ ਨੂੰ ਵਰਤਿਆ ਜਾਣ ਲੱਗਾ। ਇਹ ਨਾਵਲ ਇਸੇ ਦੌਰ ਦੇ ਵਾਹਕ ਕਿਰਤ ਤੋਂ ਵਿਯੋਗੇ ਮਨੁੱਖ ਰੂਪੀ ਦਰਖਤ ਦੇ ਪੱਤ ਕੁਮਲ਼ਾ ਜਾਣ ਦਾ ਬਿਰਤਾਂਤ ਹੈ।

ਨਾਵਲਕਾਰ ਸਪਸ਼ਟ ਕਰਦਾ ਹੈ ਕਿ ਜਾਤ ਅਧਾਰਤ ਰਿਜ਼ਰਵੇਸ਼ਨ ਨਿਮਨ ਵਰਗ ਦੀਆਂ ਸਮੱਸਿਆਵਾਂ ਦਾ ਸਥਾਈ ਹੱਲ ਨਹੀਂ ਹੈ ਕਿਉਂਕਿ ਇਸਦਾ ਫਾਇਦਾ ਥੋੜ੍ਹੇ ਲੋਕਾਂ ਨੂੰ ਮਿਲ ਰਿਹਾ ਹੋਣ ਕਰਕੇ ਬਹੁ ਗਿਣਤੀ ਨਿਮਨ ਵਰਗ ਅੱਜ ਵੀ ਦੁਖਾਂਤ ਹੰਢਾ ਰਿਹਾ ਹੈ। ਜਾਤ ਆਧਾਰਤ ਰਿਜ਼ਰਵੇਸ਼ਨ ਲੈਣ ਵਾਲਿਆਂ ਵੱਲ ਦੇਖ ਕੇ ਉਚੀਆਂ ਜਾਤਾਂ ਵਾਲੇ ਇਸ ਨੂੰ ਆਪਣੇ ਨਾਲ ਹੋਇਆ ਧੱਕਾ ਸਮਝਦੇ ਹਨ ਜਦਕਿ ਨੀਂਵੀਂ ਜਾਤ ਵਾਲੇ ਖ਼ੁਦ ਇਸਤੋਂ ਪੀੜਤ ਹਨ। ਅੱਜੋਕੀ ਸਮਾਜਕ ਸੰਰਚਨਾ ਵਿਚ ਨੀਂਵੀਂ ਜਾਤ ਹਮੇਸ਼ਾ ਆਪਣੇ ਤੋਂ ਉਪਰਲੀ ਜਮਾਤ ਵਿਚ ਸ਼ਾਮਿਲ ਹੋਣਾ ਚਾਹੁੰਦੀ ਹੈ। ਪਰੰਤੂ ਇਸਦੇ ਰਸਤੇ ਵਿਚ ਉਸਦੀਆਂ ਸਹਾਇਕ ਜਾਤੀਆਂ ਜਦੋਂ ਰੁਕਾਵਟ ਖੜ੍ਹੀ ਕਰਦੀਆਂ ਹਨ ਤਾਂ ਉਹਨਾਂ ਵਿਚਲਾ ਆਪਸੀ ਵਿਰੋਧ ਸਪਸ਼ਟ ਹੁੰਦਾ ਹੈ। ਕਿਉਂਕਿ ਜਿਸ ਤਰ੍ਹਾਂ ਉਚ ਜਾਤੀਆਂ ਵਿਚ ਜੱਟ ਆਪਣੇ ਆਪ ਤੋਂ ਥੋੜ੍ਹੀਆਂ ਕੁ ਨੀਵੀਆਂ ਜਾਤੀਆਂ ਨੂੰ ਆਪਣੇ ਬਰਾਬਰ ਦਾ ਰੁਤਬਾ ਦੇਣੋਂ ਝਿਜਕਦੇ ਹਨ, ਉਵੇਂ ਹੀ ਇਹਨਾਂ ਨੀਵੀਆਂ/ਨਿਮਨ ਜਾਤੀਆਂ ਵਿਚ ਵੀ ਸਮਾਜਕ ਦਰਜਾਬੰਦੀ ਵਿਦਮਾਨ ਹੈ। ਜੋ ਇਹਨਾਂ ਦੁਆਰਾ ਕੀਤੇ ਜਾਂਦੇ ਕਿੱਤਿਆਂ ਵਿਚ ਛੂਤ-ਅਛੂਤ ਦੇ ਆਧਾਰ ’ਤੇ ਉਤਪੰਨ ਹੁੰਦੀ ਹੈ।

ਬਿਨਾਂ ਕਿਰਤ ਕੀਤਿਆਂ ਅਮੀਰ ਬਣਨ ਦੇ ਸੁਪਨੇ ਵੇਖਣਾ ਪੂੰਜੀਵਾਦੀ ਵਿਗਾੜਾਂ ਦਾ ਸਿੱਟਾ ਹੈ। ਬਿਲਿੰਗ ਨੇ ਨਾਵਲ ਵਿਚ ਕਿਰਤ ਦੇ ਸਿਧਾਂਤ ਨੂੰ ਪ੍ਰਾਥਮਿਕਤਾ ਦਿੰਦੇ ਹੋਏ ਸਪਸ਼ਟ ਕੀਤਾ ਹੈ ਕਿ ਛੋਟੇ ਕਿੱਤਾਕਾਰਾਂ ਦੀ ਇਕ ਨਵੀਂ ਜਮਾਤ ਪੈਦਾ ਹੋ ਰਹੀ ਹੈ ਜਿਹੜੀ ਆਪਣੇ ਪਿਤਾ ਪੁਰਖੀ ਕੰਮਾਂ ਨੂੰ ਤਿਆਗ ਕੇ ਨਵੇਂ ਕੰਮਾਂ-ਕਾਰਾਂ ਰਾਹੀਂ ਆਪਣੀ ਰੋਜ਼ੀ-ਰੋਟੀ ਕਮਾਉਣ ਨੂੰ ਤਰਜੀਹ ਦੇ ਰਹੀ ਹੈ। ਜਾਤੀ ਤੇ ਜਮਾਤੀ ਤੌਰ ’ਤੇ ਮਨੁੱਖ ਬਹੁਤ ਸਾਰੀਆਂ ਇੱਛਾਵਾਂ, ਵਿਚਾਰਾਂ ਤੇ ਪ੍ਰਤੀਮਾਨਾਂ ਦਾ ਅਨੁਸਾਰੀ ਹੁੰਦਾ ਹੈ। ਜਮਾਤੀ ਦਰਜਾਬੰਦੀ ਵਿਚ ਮਿਲੀ ਕੰਮ ਦੀ ਪ੍ਰਵਿਰਤੀ ਨੂੰ ਉਹ ਪਰੰਪਰਕ ਦਾਤ ਸਮਝਦਾ ਹੋਇਆ ਉਸੇ ਤੋਂ ਉਪਜੀਵਕਾ ਕਮਾਉਣਾ ਚਾਹੁੰਦਾ ਹੈ। ਜਦੋਂ ਉਸ ਨਾਲ ਉਪਜੀਵਕਾ ਨਹੀਂ ਕਮਾਈ ਜਾ ਸਕਦੀ ਤਾਂ ਉਹ ਉਸਤੋਂ ਛੋਟੇ ਪੱਧਰ ਦਾ ਕੰਮ ਕਰਨ ਨੂੰ ਜਮਾਤੀ ਦਰਜੇਬੰਦੀ ਵਿਚ ਨੀਵੇਂ ਪੱਧਰ ’ਤੇ ਵਿਚਰਨ ਦੇ ਤੁੱਲ ਸਮਝਦਾ ਹੈ। ਸਮੇਂ ਦਾ ਹਾਣੀ ਨਾ ਹੋਣ ਕਰਕੇ ਉਹ ਦੁਖਾਂਤ ਦਾ ਭਾਗੀ ਬਣਦਾ ਹੈ। ਪਰੰਤੂ ਇਸਦੇ ਉਲਟ ਜਮਾਤੀ ਦਰਜੇਬੰਦੀ ਵਿਚ ਹੇਠਲੇ ਪੱਧਰ ਤੋਂ ਵਿਕਾਸ ਕਰਕੇ ਉਪਰ ਪਹੁੰਚੇ ਵਿਅਕਤੀ ਉਸ ਜਮਾਤੀ ਪੋਜ਼ੀਸ਼ਨ ਲਈ ਆਪਣਾ ਪਿਛੋਕੜ ਭੁੱਲ ਜਾਣ ਵਿਚ ਹੀ ਬਿਹਤਰੀ ਸਮਝਦੇ ਹਨ। ਰੁਲਦੇ ਦੇ ਮੁਲਾਜ਼ਮ ਮੁੰਡੇ ਅਜਿਹਾ ਹੀ ਕਰਦੇ ਹਨ। ਉਹ ਆਪਣਾ ਪਿੰਡ ਛੱਡ ਕੇ ਸ਼ਹਿਰ ਰਹਿੰਦੇ ਹਨ ਤੇ ਉੱਥੇ ਰਹਿੰਦਿਆਂ ਆਪਣੀ ਜਾਤ ਤੇ ਜਮਾਤ ਨੂੰ ਵੱਡੀ ਹੋ ਗਈ ਸਮਝਦੇ ਹਨ। ਨਾਵਲ ਵਿਚ ਜੈਬਾ ਤੇ ਰੁਲ਼ਦਾ ਕਿਰਤ ਕਰਨ ਤੇ ਆਪਣੇ ਕਿੱਤੇ ’ਤੇ ਮਾਣ ਕਰਨ ਵਿਚ ਯਕੀਨ ਰੱਖਦੇ ਹਨ ਜਦਕਿ ਉਸਤੋਂ ਅਗਲੀ ਪੀੜ੍ਹੀ ਦੇ ਵਾਹਕ ਉਹਨਾਂ ਦੇ ਪੁੱਤਰ ਕਿਰਤ ਤੋਂ ਭੱਜ ਜੇ ਵਿਹਲੇ ਰਹਿਣ ਜਾਂ ਹੋਰਨਾਂ ਸਾਧਨਾਂ ਰਾਹੀਂ ਉਪਜੀਵਕਾ ਕਮਾਉਣ ਦੀ ਰੁਚੀ ਰੱਖਦੇ ਹਨ।

‘ਨਰੰਜਣ ਮਸ਼ਾਲਚੀ’ ਨਾਵਲ ਵਿਚ ਵੀ ਅਜਿਹਾ ਹੀ ਦੇਖਣ ਨੂੰ ਮਿਲਦਾ ਹੈ। ਨਰੰਜਣ ਕੋਲ ਜ਼ਮੀਨ ਘੱਟ ਹੈ ਤੇ ਉਹ ਜ਼ਮੀਨ ਨੂੰ ਵਾਹੁਣ-ਸਿੰਜਣ ਦੇ ਸਾਧਨਾਂ ਤੋਂ ਵਿਹੂਣਾ ਹੈ। ਨਰੰਜਣ ਆਪਣੇ

ਤਿੰਨ ਭਰਾਵਾਂ ਵਿਚੋਂ ਵਿਚਕਾਰਲਾ ਹੋਣ ਕਾਰਨ ਪੂਰੀ ਤਰ੍ਹਾਂ ਕਿਸਾਨੀ ਦੇ ਕੰਮ ਵਿਚ ਖੁੱਭਣ ਦੀ ਥਾਂ ਆਪਣੇ ਸਮੇਂ ਦੇ ਪ੍ਰਚੱਲਤ ਹੋਰ ਵਿਵਹਾਰਾਂ ਵੱਲ ਵਧੇਰੇ ਤਵੱਜੋ ਦਿੰਦਾ ਹੈ। ਉਹ ਸਾਧਾਂ ਦੇ ਡੇਰੇ ਤੋਂ ਅੱਖਰ ਗਿਆਨ ਪ੍ਰਾਪਤ ਕਰਦਾ ਹੈ ਅਤੇ ਆਪਣੇ ਸਮੇਂ ਵਿਚ ਪ੍ਰਚੱਲਤ ਲੋਕ ਸਾਹਿਤ, ਇਤਿਹਾਸਕ ਤੇ ਮਿਥਿਹਾਸਕ ਕਥਾਵਾਂ ਨੂੰ ਪੜ੍ਹਦਾ ਹੈ ਅਤੇ ਉਹਨਾਂ ਦੇ ਪ੍ਰਸੰਗ ਬਣਾ-ਬਣਾ ਕੇ ਕਵੀਸ਼ਰਾਂ ਨਾਲ ਰਲ਼ਕੇ ਅਖਾੜਿਆਂ ਵਿਚ ਪੇਸ਼ ਕਰਦਾ ਹੈ। ਆਪਣੀਆਂ ਇਹਨਾਂ ਰੁਚੀਆਂ ਕਾਰਨ ਉਹ ਆਪਣੇ ਪਰਿਵਾਰ ਦੀ ਕਿਰਤ ਭੋਗਣ ਦਾ ਅਖਿਤਿਆਰ ਰੱਖਦਾ ਹੈ। ਇਸਤੋਂ ਪੈਦਾ ਹੋਣ ਵਾਲੇ ਸੰਕਟ ਨਾਲ ਉਹ ਮੁਕਾਬਲਾ ਨਹੀਂ ਕਰ ਪਾਉਂਦਾ। ਇਹ ਕਵੀਸ਼ਰੀ ਗਿਆਨ ਵੀ ਉਸਦੀ ਭਟਕਦੀ ਮਾਨਸਿਕਤਾ ਨੂੰ ਠੁੰਮਣਾ ਨਹੀਂ ਦਿੰਦਾ ਜਿਸਦੇ ਸਿੱਟੇ ਵਜੋਂ ਉਹ ਨਿਰਾਸ਼ ਹੋਇਆ ਆਪਣੀ ਪਤਨੀ ਦਾ ਕਤਲ ਕਰ ਕੇ ਆਪ ਵੀ ਖੁਦਕੁਸ਼ੀ ਕਰ ਜਾਂਦਾ ਹੈ। ਭਾਵੇਂ ਕਿ ਉਸਦੇ ਖੁਦਕੁਸ਼ੀ ਕਰਨ ਦੇ ਹੋਰ ਵੀ ਅਨੇਕਾਂ ਮਨੋਵਿਗਿਆਨਕ ਪਹਿਲੂ ਬਣਦੇ ਹਨ ਪਰੰਤੂ ਮੁੱਖ ਰੂਪ ਵਿਚ ਉਸਦਾ ਆਰਥਿਕ ਸੰਕਟ ਹੀ ਉਸ ਲਈ ਉਹਨਾਂ ਸਮੱਸਿਆਵਾਂ ਦਾ ਆਧਾਰ ਬਣਦਾ ਹੈ। 'ਦੀਵੇ ਜਗਦੇ ਰਹਿਣਗੇ' ਨਾਵਲ ਵਿਚਲੇ ਜੱਗੇ ਨਾਲ ਵੀ ਅਜਿਹਾ ਵਾਪਰਦਾ ਹੈ। ਉਹ ਆਪਣੇ ਤਾਏ ਦੇ ਪੁੱਤਾਂ ਨਾਲੋਂ ਅੱਡ ਹੋ ਕੇ ਆਪਣੇ ਆਪ ਨੂੰ ਕਿਰਤ ਨਾਲ ਜੋੜ ਕੇ ਨਹੀਂ ਰੱਖ ਪਾਉਂਦਾ ਤੇ ਆਪਣੇ ਹਿੱਸੇ ਦੀ ਜ਼ਮੀਨ ਨੂੰ ਸ਼ਰਾਬ ਮੂੰਹੋਂ ਖਰਾਬ ਕਰਨ ਲੱਗ ਜਾਂਦਾ ਹੈ। ਉਸਦਾ ਮਾਨਸਿਕ ਤੇ ਆਰਥਿਕ ਸੰਕਟ ਉਸ ਲਈ ਮੌਤ ਸਹੇੜਦਾ ਹੈ। ਇਸੇ ਸੰਕਟ ਕਾਰਨ 'ਪੱਤ ਕੁਮਲਾ ਗਏ' ਦਾ ਨਿਰਾਸ਼ ਹੋਇਆ ਬਾਲਾ ਆਪ ਖੁਦਕੁਸ਼ੀ ਕਰਨ ਦੀ ਥਾਂ ਆਪਣੇ ਪਿਉ ਜੈਬੇ ਨੂੰ ਮਾਰ ਦਿੰਦਾ ਹੈ।

ਸਵਾਲ ਪੈਦਾ ਹੁੰਦਾ ਹੈ ਕਿ ਨੌਜਵਾਨ ਵਰਗ ਵਿਚ ਕਿਰਤ ਤੋਂ ਬੇਮੁੱਖ ਹੋਣ ਦਾ ਕੀ ਕਾਰਨ ਹੈ ? ਅਵਤਾਰ ਸਿੰਘ ਬਿਲਿੰਗ ਆਪਣੇ ਨਾਵਲਾਂ ਵਿਚ ਸਿੱਧੇ ਰੂਪ ਵਿਚ ਅਜਿਹੀ ਕੋਈ ਨਾਹਰੇ ਨੁਮਾ ਧਾਰਨਾ ਨਹੀਂ ਪੇਸ਼ ਕਰਦਾ, ਪਰੰਤੂ ਅਦਿੱਖ ਰੂਪ ਵਿਚ ਭਾਸ਼ਾਈ ਚਿਹਨਾਂ ਰਾਹੀਂ ਇਸਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਬਿਲਿੰਗ ਨੇ ਕਿਸਾਨੀ ਦੇ ਇਸ ਸੰਕਟ ਲਈ ਵਿਸ਼ਵੀਕਰਨ ਦੇ ਪਰਦੇ ਹੇਠ ਲੁਕੀ ਅੱਜੋਕੀ ਸਰਮਾਏਦਾਰੀ ਨੂੰ ਦੋਸ਼ੀ ਠਹਿਰਾਇਆ ਹੈ ਜਿਸਨੇ ਕਿਰਤ ਨੂੰ ਅਸਿੱਧੇ ਰੂਪ ਵਿਚ ਢਾਅ ਲਾਈ ਹੈ। ਤਕਨਾਲੋਜੀ ਵਿਕਾਸ ਨੇ ਮਨੁੱਖੀ ਕਿਰਤ ਦਾ ਵੀ ਮਸ਼ੀਨੀਕਰਨ ਕਰ ਦਿੱਤਾ ਹੈ ਜਿਸ ਕਾਰਨ ਅਨੇਕਾਂ ਨੌਜਵਾਨ ਹੱਥਲ ਹੋ ਰਹੇ ਹਨ। ਹਰੇ ਇਨਕਲਾਬ ਦੀਆਂ ਨਵੀਆਂ ਤਕਨੀਕਾਂ ਨਾਲ ਪੈਦਾਵਾਰ ਵਿਚ ਇਕਦਮ ਵਾਧਾ ਹੁੰਦਾ ਹੈ। ਇਸ ਨਾਲ ਕਿਸਾਨੀ ਵਿਚ ਵਧੇਰੇ ਮੁਨਾਫ਼ਾ ਹਾਸਿਲ ਕਰਨ ਦੀ ਦੌੜ ਲੱਗ ਜਾਂਦੀ ਹੈ। ਪੈਸੇ ਦੀ ਇਹ ਅੰਨ੍ਹੀ ਦੌੜ ਨੌਜਵਾਨਾਂ ਨੂੰ ਕੁਰਾਹੇ ਪਾ ਦਿੰਦੀ ਹੈ। ਉਹ ਰਾਤੋ ਰਾਤ ਅਮੀਰ ਹੋਣ ਦੇ ਸੁਪਨੇ ਦੇਖਦੇ ਕਈ ਤਰ੍ਹਾਂ ਦੀਆਂ ਬੁਰਾਈਆਂ ਦਾ ਸ਼ਿਕਾਰ ਹੋ ਜਾਂਦੇ ਹਨ। ਇਹ ਸੰਕਟ ਇੰਨਾ ਗਹਿਰਾ ਹੈ ਕਿ ਇਸ ਵਿਚ ਹੱਥੀਂ ਕਿਰਤ ਕਰਨ ਤੇ ਇਮਾਨਦਾਰੀ ਦਾ ਸੰਕਲਪ ਢਹਿ ਢੇਰੀ ਹੋ ਜਾਂਦਾ ਹੈ। ਜ਼ੋਰ-ਜ਼ਬਰਦਸਤੀ, ਗੁੰਡਾਗਰਦੀ ਤੇ ਦਰਿੰਦਗੀ ਦੇ ਚਿਹਨ ਭਾਰੂ ਹੋ ਕੇ ਆਦਰਸ਼ਕ ਜੀਵਨ ਮੁੱਲਾਂ ਦਾ ਘਾਣ ਕਰਦੇ ਨਜ਼ਰ ਆਉਂਦੇ ਹਨ। ਵਿਸ਼ਵੀਕਰਨ ਦੇ ਪੂੰਜੀਵਾਦ ਦਾ ਇਹ ਅਤਿ ਘਿਨੌਣਾ ਰੂਪ ਹੈ। ਇਸੇ ਤਰ੍ਹਾਂ ਦੇ ਵੇਰਵੇ 'ਖ਼ਾਲੀ ਖੂਹਾਂ ਦੀ ਕਥਾ' ਨਾਵਲ ਵਿਚ ਦੇਖਣ ਨੂੰ ਮਿਲਦੇ ਹਨ। ਇਸ ਨਾਵਲ ਦਾ ਦਿਲਪ੍ਰੀਤ ਇਸੇ ਰੂਪ ਦੀ ਪੇਸ਼ਕਾਰੀ ਹੈ। ਇਸੇ ਪ੍ਰਵਿਰਤੀ ਅਧੀਨ ਉਹ ਕਨੇਡਾ ਵਿਚੋਂ ਕੱਢਿਆ ਜਾਂਦਾ ਹੈ ਤੇ ਇੱਥੇ ਰਹਿੰਦਿਆਂ ਉਹ ਗੰਨਾਂ-ਦੁਨਾਲੀਆਂ ਲਹਿਰਾਉਂਦਾ, ਡੌਲ਼ਿਆਂ 'ਤੇ ਵਾਹੇ ਟੈਟੂ ਲਿਸ਼ਕਾਉਂਦਾ ਹੋਇਆ ਜਲਦੀ ਅਮੀਰ ਬਣਨ ਦੇ ਚੱਕਰ ਵਿਚ ਗ਼ੈਰ ਕਾਨੂੰਨੀ ਧੰਦੇ ਕਰਦਾ ਹੈ।

ਮਸ਼ੀਨੀਕਰਣ ਹੋਣ ਨਾਲ ਕਿਸਾਨੀ ਕਿਰਤ ਤੋਂ ਲਗ ਪਗ ਵਿਹਲੀ ਹੋ ਗਈ ਹੈ। ਆਮ ਵਰਤੇ ਜਾਂਦੇ ਲੋਕ ਮੁਹਾਵਰੇ 'ਵਿਹਲਾ ਮਨ ਸ਼ੈਤਾਨ ਦਾ ਘਰ' ਅਨੁਸਾਰ ਇਸ ਤਰ੍ਹਾਂ ਦੀ ਵਿਹਲ ਕਿਸੇ ਕਾਰਗਰ ਪਾਸੇ ਨਾ ਲੱਗਣ ਕਾਰਨ ਨਸ਼ਿਆਂ ਵੱਲ ਤੁਰ ਪੈਂਦੀ ਹੈ। ਖੇਤਾਂ ਤੇ ਘਰਾਂ ਦਾ ਕੰਮ ਭਈਏ ਸਾਂਭ ਲੈਂਦੇ ਹਨ ਤੇ ਕਿਸਾਨੀ ਪਰਿਵਾਰ ਦੇ ਮਰਦ ਅੱਯਾਸ਼ੀ ਦੇ ਰਾਹ ਪੈ ਜਾਂਦੇ ਹਨ। ਇਹ ਅੱਯਾਸ਼ੀ ਉਹਨਾਂ ਨੂੰ ਸਮਾਜਕ ਜ਼ਿੰਮੇਵਾਰੀਆਂ ਤੋਂ ਭਾਂਜਵਾਦੀ ਬਣਾ ਦਿੰਦੀ ਹੈ। 'ਇਹਨਾਂ ਰਾਹਾਂ ਉੱਤੇ' ਨਾਵਲ

ਵਿਚ ਸੁੱਖੇ ਦਾ ਪਰਿਵਾਰ ਵੱਲੋਂ ਭਾਂਜਵਾਦੀ ਹੋਣਾ ਅਸਲ ਵਿਚ ਜਾਗੀਰੂ ਸਮਾਜ-ਸਭਿਆਚਾਰ ਦੇ ਮੁੱਖ ਆਸ਼ੇ ਵਿਹਲੇ ਰਹਿ ਕੇ ਐਸ਼ ਕਰਨ 'ਤੇ ਟੇਕ ਰੱਖਣਾ ਹੈ। ਕਿਉਂਕਿ ਜਾਗੀਰਦਾਰੀ ਪ੍ਰਥਾ ਵਿਚ ਸਰੀਰਕ ਮਿਹਨਤ ਨੂੰ ਸਭ ਤੋਂ ਨਖਿੱਧ ਕੰਮ ਸਮਝਿਆ ਜਾਂਦਾ ਹੈ। ਹਰ ਇਕ ਵਿਅਕਤੀ ਇਸ ਤੋਂ ਬਚਣ ਦਾ ਕੋਈ ਰਾਹ ਲੱਭਦਾ ਹੈ। ਜਾਗੀਰਦਾਰੀ ਪ੍ਰਥਾ ਦਾ ਆਦਰਸ਼ ਵਿਹਲੇ ਰਹਿਣਾ ਤੇ ਐਸ਼ ਕਰਨੀ ਹੁੰਦਾ ਹੈ। ਇਸੇ ਬਿਰਤੀ ਅਧੀਨ 'ਖੇੜੇ ਸੁੱਖ ਵਿਹੜੇ ਸੁੱਖ' ਦਾ ਅਮਲੀ ਰਾਮਬਖਸ਼ ਅਫ਼ੀਮ ਖਾਣ ਦੇ ਨਾਲ-ਨਾਲ ਜ਼ਮੀਨ ਤੇ ਪਤਨੀ ਦੀਆਂ ਟੂੰਮਾਂ ਨੂੰ ਵੀ ਮੂੰਹ ਮਾਰਦਾ ਹੈ। ਉਹ ਆਪਣੀਆਂ ਸਾਮੰਤੀ ਖਾਹਿਸ਼ਾਂ ਨੂੰ ਪੱਠੇ ਪਾਉਂਦਿਆਂ ਆਰਥਿਕ ਤੌਰ 'ਤੇ ਕੰਗਾਲੀ ਦੀ ਕਗਾਰ 'ਤੇ ਪੁੱਜ ਜਾਂਦਾ ਹੈ। ਇਸੇ ਨਾਵਲ ਦਾ ਬਸਤਾ ਸਿੰਘ ਡਾਂਗ ਬਹਾਦਰ ਵੀ ਪੂਰੀ ਤਰ੍ਹਾਂ ਨਾਲ ਸਾਮੰਤੀ ਰੁਚੀਆਂ ਦਾ ਮਾਲਕ ਹੈ। ਉਹ ਸਰੀਰਕ ਕਿਰਤ ਤੋਂ ਭੱਜ ਕੇ ਆਪਣੀ ਅੱਯਾਸ਼ੀ ਲਈ ਸੌਖਾ ਰਾਹ ਚੁਣਦਾ ਹੈ। ਇਸ ਤਰ੍ਹਾਂ ਜਾਗੀਰਦਾਰੀ ਸਮਾਜ-ਸਭਿਆਚਾਰ ਦੀ ਇਹ ਪ੍ਰਵਿਰਤੀ ਪੇਂਡੂ ਕਿਸਾਨੀ ਦੇ ਕੰਗਾਲੀਕਰਨ ਦੇ ਕਾਰਨਾਂ ਵਿਚੋਂ ਇਕ ਪ੍ਰਮੁੱਖ ਕਾਰਨ ਹੈ। ਸਮਾਜ-ਸਭਿਆਚਾਰਕ ਤੌਰ 'ਤੇ ਆਪਣੇ ਆਪ ਨੂੰ ਸਰਵ-ਉੱਚ ਸਿੱਧ ਕਰਨਾ, ਵਿਆਹਾਂ-ਸ਼ਾਦੀਆਂ 'ਤੇ ਵਿਤੋਂ ਬਾਹਰਾ ਖਰਚ ਕਰਨਾ, ਨਸ਼ਿਆਂ ਦਾ ਸੇਵਨ ਕਰਨਾ ਤੇ ਜੂਏਬਾਜ਼ੀ ਵਰਗੇ ਅਨੈਤਿਕ ਵਰਤਾਰੇ ਜਾਗੀਰਦਾਰੀ ਸਮਾਜ-ਸਭਿਆਚਾਰ ਦੀ ਦੇਣ ਹਨ। ਇਸ ਨਾਵਲ ਵਿਚ ਦੁਰਗਾ ਸੇਠ ਤੇ ਹੋਰ ਦੁਕਾਨਦਾਰ ਦੀਵਾਲੀ ਵਾਲੇ ਦਿਨ ਜੂਆ ਖੇਡ ਕੇ ਆਪਣੀਆਂ ਜਾਗੀਰੂ ਰੁਚੀਆਂ ਦਾ ਬੀਜ ਰਾਮਬਖ਼ਸ਼ ਤੇ ਨੱਥੂ ਜੱਟ ਵਰਗਿਆਂ ਦੇ ਮਨ ਵਿਚ ਬੀਜ ਦਿੰਦੇ ਹਨ। ਇਸ ਤਰ੍ਹਾਂ ਕਿਰਤ ਦੇ ਰਾਹ ਤੋਂ ਭਟਕ ਕੇ ਪੇਂਡੂ ਜੱਟ ਹਉਮੈ ਦੀ ਤਾਣੀ ਵਿਚ ਉਲਝ ਕੇ ਰਹਿ ਜਾਂਦੇ ਹਨ। ਉਨ੍ਹਾਂ ਦੀਆਂ ਸਮੱਸਿਆਵਾਂ ਉਨ੍ਹਾਂ ਦੇ ਵਿਕਾਸ ਦੀ ਦਿਸ਼ਾ ਤੇ ਦਸ਼ਾ ਦੋਨੋਂ ਹੀ ਵਿਗਾੜ ਕੇ ਰੱਖ ਦਿੰਦੀਆਂ ਹਨ। ਵਧੇਰੇ ਕਮਾਈ ਦਾ ਖ਼ਾਸਾ ਆਮ ਮਨੁੱਖ ਨੂੰ ਉਪਭੋਗਤਾਵਾਦ ਅਤੇ ਅੱਯਾਸ਼ੀ ਵਿਚ ਉਲਝਾ ਕੇ ਨਸ਼ਿਆਂ ਦੇ ਰਾਹ ਤੋਰਦਾ ਹੈ। ਜਿਸ ਵਿਚ ਮੋਹ, ਮਮਤਾ ਅਤੇ ਮੁਹੱਬਤ ਦੂਜੈਲੇ ਸਥਾਨ 'ਤੇ ਚਲੇ ਜਾਂਦੇ ਹਨ। 'ਖ਼ਾਲੀ ਖੂਹਾਂ ਦੀ ਕਥਾ' ਨਾਵਲ ਵਿਚ ਬਚਿੱਤਰ, ਦਿਲਪ੍ਰੀਤ, ਸਾਹਿਬਪ੍ਰੀਤ ਭੱਟੀ, ਅਨੂਪਾ ਆਦਿ ਇਸੇ ਚਰਿੱਤਰ ਦੇ ਧਾਰਨੀ ਹਨ। ਇਹਨਾਂ ਵਿਚੋਂ ਨਵੀਂ ਪੀੜ੍ਹੀ ਆਪਣੇ ਤੋਂ ਪਹਿਲੀ ਪੀੜ੍ਹੀ ਤੋਂ ਇਹ ਅੱਯਾਸ਼ੀ ਵਿਰਸੇ ਵਜੋਂ ਪ੍ਰਾਪਤ ਕਰਦੀ ਹੈ। ਜਿਸਦਾ ਵੇਰਵਾ ਨਾਵਲ ਵਿਚੋਂ ਉਦੋਂ ਮਿਲਦਾ ਹੈ ਜਦੋਂ ਚਰਨ ਸਿੰਘ ਆਪਣੇ ਪੋਤਿਆਂ ਨੂੰ ਵੀ ਉਸੇ ਰਾਹ ਤੁਰਦੇ ਵੇਖਦਾ ਡਾਹਢਾ ਚਿੰਤਤ ਨਜ਼ਰ ਆਉਂਦਾ ਹੈ।

'ਦੀਵੇ ਜਗਦੇ ਰਹਿਣਗੇ' ਦਾ ਦਿਆਲਾ ਇਕ ਸੰਘਰਸ਼ਸ਼ੀਲ ਕਿਸਾਨ ਵਜੋਂ ਰੂਪਮਾਨ ਹੋਇਆ ਹੈ। ਜਿਹੜਾ ਆਪਣੀ ਜ਼ਿੰਦਗੀ ਵਿਚ ਅਨੇਕਾਂ ਉਤਰਾਅ-ਚੜ੍ਹਾਅ ਵੇਖਣ ਦੇ ਬਾਵਜੂਦ ਹਿੰਮਤ ਨਹੀਂ ਹਾਰਦਾ ਸਗੋਂ ਹਾਲਾਤ ਨਾਲ ਮੁਕਾਬਲਾ ਕਰਦਾ ਹੈ। ਨਾਵਲ ਦੇ ਮੁੱਢ ਵਿਚ ਉਹ ਬੜੇ ਗੁਸੈਲ ਤੇ ਲੜਾਕੂ ਵਿਅਕਤੀ ਵਜੋਂ ਪੇਸ਼ ਹੋਇਆ ਮਿਲਦਾ ਹੈ। ਉਸ ਵਿਚ ਬਹੁਤ ਸਾਰੀਆਂ ਘਾਟਾਂ-ਕਮਜ਼ੋਰੀਆਂ ਵੀ ਦਿਖਾਈ ਦਿੰਦੀਆਂ ਹਨ ਪਰੰਤੂ ਹੌਲ਼ੀ-ਹੌਲ਼ੀ ਜਿਵੇਂ-ਜਿਵੇਂ ਉਸ ਵਿਚ ਪਕਿਆਈ ਆਉਂਦੀ ਜਾਂਦੀ ਹੈ ਤਾਂ ਉਹ ਸਹਿਜ ਹੁੰਦਾ ਜਾਂਦਾ ਹੈ। ਉਸਦੇ ਬਾਪ ਹੋਰੀਂ ਦੋ ਭਰਾ ਹਨ। ਟੱਬਰਦਾਰੀ ਸਾਂਝੀ ਹੁੰਦੀ ਹੈ ਪਰੰਤੂ ਦਿਆਲੇ ਦੀ ਚਾਚੀ ਦੇ ਗੁਜ਼ਰ ਜਾਣ ਉਪਰੰਤ ਸਾਂਝੀ ਟੱਬਰਦਾਰੀ ਟੁੱਟ ਜਾਂਦੀ ਹੈ। ਚਾਚੇ ਦਾ ਪੁੱਤ ਜੱਗਾ ਆਪਣੇ ਬਾਪ ਦਲੀਪੇ ਨੂੰ ਨਾਲ ਲੈ ਕੇ ਅੱਡ-ਵਿੱਢ ਹੋ ਜਾਂਦਾ ਹੈ। ਦਿਆਲਾ ਆਗੂ ਬਣ ਕੇ ਆਪਣੇ ਭਰਾ ਪਾਲੇ ਨਾਲ ਮਿਲਕੇ ਘਰ ਦਾ ਬਾਨ੍ਹਣੂੰ ਬੰਨ੍ਹਦਾ ਹੈ। ਉਸਨੂੰ ਲੜਾਈਆਂ-ਝਗੜਿਆਂ, ਵਿਰੋਧਾਂ ਤੇ ਕਤਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਸ਼ਰੀਕਾਂ ਦੇ ਤਾਹਨੇ-ਮਿਹਣੇ ਸੁਣਨੇ ਪੈਂਦੇ ਹਨ, ਆਪਣੇ ਸਕੇ ਭਰਾ ਪਾਲੇ ਤੋਂ ਬੁਰਾ ਭਲਾ ਸੁਣਨਾ ਪੈਂਦਾ ਹੈ, ਬੁਢਾਪੇ ਵਿਚ ਆਪਣੇ ਪੁੱਤਰਾਂ ਤੇ ਪੋਤੇ-ਪੋਤੀਆਂ ਦੀ ਬੇਰੁਖੀ ਦਾ ਸ਼ਿਕਾਰ ਹੋਣਾ ਪੈਂਦਾ ਹੈ। ਪਰੰਤੂ ਇਹਨਾਂ ਮੁਸ਼ਕਲਾਂ ਦੇ ਬਾਵਜੂਦ ਉਹ ਹਮੇਸ਼ਾ ਕਿਰਤ ਨਾਲ ਜੁੜਿਆ ਰਹਿਣ ਕਾਰਨ ਡੋਲਦਾ ਨਹੀਂ, ਟੁੱਟਦਾ ਨਹੀਂ, ਹਾਰਦਾ ਨਹੀਂ, ਸਗੋਂ ਅਡੋਲ, ਅਟੁੱਟ ਤੇ ਅਜਿੱਤ ਖੜ੍ਹਾ ਰਹਿੰਦਾ ਹੈ।

'ਰਿਜ਼ਕ' ਨਾਵਲ ਵਿਚ ਕਿਰਤ ਸ਼ਕਤੀ ਨੂੰ ਪਰਵਾਸ ਨਾਲ ਜੋੜਦਿਆਂ ਬਿਲਿੰਗ ਨੇ ਪਰਵਾਸੀ

ਜੀਵਨ ਦੇ ਵਿਵਧ ਸੰਕਟਾਂ ਨੂੰ ਰੂਪਮਾਨ ਕੀਤਾ ਹੈ। ਅੱਜ ਦਾ ਮੁੱਖ ਸਵਾਲ ਇਹ ਹੈ ਕਿ ਅੱਜੋਕੀ ਨੌਜਵਾਨ ਪੀੜ੍ਹੀ ਕਿਰਤ ਤੋਂ ਬੇਮੁੱਖ ਹੋ ਕੇ ਵਿਦੇਸ਼ ਕਿਉਂ ਪਲਾਇਨ ਕਰ ਰਹੀ ਹੈ? ਇਸ ਸਵਾਲ ਦਾ ਜਵਾਬ ਸਾਡੇ ਰਾਜਨੀਤਕ ਪ੍ਰਬੰਧ ਨਾਲ ਜੁੜਿਆ ਹੋਇਆ ਹੈ। ਰਾਜਨੀਤਕ ਪ੍ਰਬੰਧ ਦੀ ਭ੍ਰਿਸ਼ਟਤਾ ਨੇ ਦੇਸ਼ ਨੂੰ ਪ੍ਰਾਈਵੇਟ ਹੱਥਾਂ ਵਿਚ ਵੇਚ ਦਿੱਤਾ ਹੈ, ਜਿਸ ਨਾਲ ਹਰ ਮਹਿਕਮੇ ਵਿਚ ਸਥਾਈ ਕਾਮਿਆਂ ਦੀ ਥਾਂ ਕੱਚੇ ਵਰਕਰਾਂ ਨੂੰ ਰੱਖਿਆ ਜਾਣ ਲੱਗਾ। ਕਈ-ਕਈ ਸਾਲ ਨਿਗੂਣੀ ਤਨਖਾਹ 'ਤੇ ਕੱਚੇ ਕਾਮਿਆਂ ਵਜੋਂ ਕੰਮ ਕਰਦਿਆਂ ਉਹਨਾਂ ਨੂੰ ਹਮੇਸ਼ਾ ਕੱਢੇ ਜਾਣ ਦਾ ਡਰ ਸਤਾਉਂਦਾ ਰਹਿੰਦਾ ਹੈ। ਇਸ ਰਾਜਨੀਤਕ ਪ੍ਰਬੰਧ ਨੂੰ ਬਦਲਣ ਦੀ ਥਾਂ ਨੌਜਵਾਨ ਪੀੜ੍ਹੀ ਹਰ ਜਾਇਜ਼-ਨਾਜਾਇਜ਼ ਤਰੀਕੇ ਨਾਲ ਪਰਵਾਸ ਕਰ ਰਹੀ ਹੈ। ਉਹਨਾਂ ਦੇ ਪਰਵਾਸ ਕਰਨ ਦਾ ਮਕਸਦ ਬਿਹਤਰ ਸਹੂਲਤਾਂ ਵਾਲੀ ਜੀਵਨ-ਜਾਚ ਹਾਸਲ ਕਰਨਾ ਅਤੇ ਆਰਥਿਕ ਪੱਖ ਨੂੰ ਮਜ਼ਬੂਤ ਕਰਨਾ ਹੈ। ਦੂਜੇ ਪਾਸੇ ਅਜਿਹੇ ਲੋਕ ਵੀ ਹਨ ਜਿਹੜੇ ਕਿਸੇ ਹੀਲੇ-ਵਸੀਲੇ ਵਿਦੇਸ਼ ਨਹੀਂ ਜਾ ਸਕਦੇ ਪਰ ਇੱਥੇ ਰਹਿੰਦੇ ਹੋਏ ਵੀ ਉਹ ਨਿੱਜੀ ਕਿਰਤ ਤੋਂ ਦੂਰ ਹੀ ਰਹਿੰਦੇ ਹਨ। ਨਾਵਲ ਦਾ ਮੁੱਖ ਪਾਤਰ ਬੰਤਾ ਪੀ.ਆਰ. ਲੈਣ ਉਪਰੰਤ ਜਦੋਂ ਪਿੰਡ ਆਉਂਦਾ ਹੈ ਤਾਂ ਉਸਨੂੰ ਲੋਕ ਬਿਨਾਂ ਕਿਸੇ ਕੰਮ ਤੋਂ ਵਿਹਲੇ ਫਿਰਦੇ ਨਜ਼ਰ ਆਉਂਦੇ ਹਨ। ਸਾਰਾ ਦਿਨ ਤਾਸ਼ ਖੇਡਦੇ ਲੋਕ ਐਨੇ ਹੱਡ-ਆਰਾਮ ਹੋ ਗਏ ਹਨ ਕਿ ਆਪਣੇ ਘਰ ਖਾਣ-ਪੀਣ ਵਾਲੀ ਸਬਜ਼ੀ ਵੀ ਨਹੀਂ ਬੀਜਦੇ। ਬੰਤਾ ਜਦੋਂ ਇਹਨਾਂ ਦੀ ਅਮਰੀਕਾ ਰਹਿੰਦੇ ਲੋਕਾਂ ਨਾਲ ਤੁਲਨਾ ਕਰਦਾ ਹੈ ਤਾਂ ਉਸਦਾ ਮਨ ਉਚਾਟ ਹੋ ਜਾਂਦਾ ਹੈ। ਅਸਲ ਵਿਚ ਚਾਹੇ ਪੰਜਾਬ ਹੋਵੇ ਜਾਂ ਕੋਈ ਹੋਰ ਦੇਸ਼, ਕਿਰਤ ਅਤੇ ਰਿਜ਼ਕ ਦਾ ਆਪਸ ਵਿਚ ਗੂੜ੍ਹਾ ਸਬੰਧ ਹੈ। ਇਹੀ ਵਿਚਾਰ ਇਸ ਨਾਵਲ ਦਾ ਮੂਲ ਮੰਤਰ ਹੈ।

ਭਾਰਤ/ਪੰਜਾਬ ਵਿਚ ਰਹਿੰਦੇ ਹੋਏ ਲੋਕਾਂ ਖਾਸ ਕਰਕੇ ਨੌਜਵਾਨ ਪੀੜ੍ਹੀ ਦੇ ਮਨਾਂ ਵਿਚ ਵਿਦੇਸ਼ ਜਾਣ ਦਾ ਭੂਤ ਸਵਾਰ ਹੈ। ਬਦੇਸ਼ਾਂ ਦੀ ਜੀਵਨ-ਜਾਚ ਉਹਨਾਂ ਨੂੰ ਖਿੱਚ ਪਾਉਂਦੀ ਹੈ ਪਰ ਉੱਥੇ ਪਹੁੰਚ ਕੇ ਜਦੋਂ ਕੰਮ ਕਰਨਾ ਪੈਂਦਾ ਹੈ ਤਾਂ ਉਹਨਾਂ ਦੇ ਮਨਾਂ ਵਿਚ ਵਸਿਆ 'ਐਸ਼ ਕਰਨ' ਦਾ ਬਿੰਬ ਖੰਡਤ ਹੋ ਜਾਂਦਾ ਹੈ। ਪੁਰਾਣੀ ਪੀੜ੍ਹੀ ਇਸ ਜੀਵਨ-ਜਾਚ ਨਾਲ ਰਿਜ਼ਕ ਲਈ ਜੁੜਦੀ ਰਹੀ ਹੈ ਜਦਕਿ ਅੱਜੋਕੀ ਨਵੀਂ ਪੀੜ੍ਹੀ ਦੇਖਾ-ਦੇਖੀ ਅਤੇ ਐਸ਼ੋ-ਇਸ਼ਰਤ ਦੀ ਜ਼ਿੰਦਗੀ ਬਤੀਤ ਕਰਨ ਦੀ ਭਾਵਨਾ ਨਾਲ ਵਿਦੇਸ਼ ਪਲਾਇਨ ਕਰ ਰਹੀ ਹੈ। ਇਸੇ ਕਾਰਨ ਨਵੀਂ ਪੀੜ੍ਹੀ ਕਿਰਤ ਨਾਲ ਪੂਰੀ ਤਰ੍ਹਾਂ ਨਹੀਂ ਜੁੜਦੀ। ਨਾਵਲ ਵਿਚ ਅਸੀਂ ਦੇਖਦੇ ਹਾਂ ਕਿ ਬੰਤਾ ਆਪਣੇ ਰਿਜ਼ਕ ਨੂੰ ਚੱਲਦਾ ਰੱਖਣ ਲਈ ਬਹੁਤ ਮਿਹਨਤ ਕਰਦਾ ਹੈ। ਉਸਦੇ ਪੁੱਤਰ ਜਿੰਦਰ, ਧੀ ਜੀਤਾਂ ਅਤੇ ਨੂੰਹ ਪਰਬੀਨ ਵਿਚ ਇਸਦੀ ਵੱਡੀ ਘਾਟ ਹੈ। ਉਹ ਕੰਮ ਕਰਦੇ ਹੋਏ ਅੱਕ ਜਾਂਦੇ ਹਨ। ਘਰ ਆ ਕੇ ਕੰਮ ਦੀਆਂ ਮੁਸ਼ਕਲਾਂ ਦਾ ਰੋਣਾ ਰੋਂਦੇ ਹਨ। ਨਾਵਲੀ ਬਿਰਤਾਂਤ ਇਸ ਗੱਲ ਵੱਲ ਇਸ਼ਾਰਾ ਕਰਦਾ ਹੈ ਕਿ ਮਨੁੱਖ ਜਿਸ ਤਰ੍ਹਾਂ ਦੇ ਸਭਿਆਚਾਰ ਵਿਚ ਰਹਿੰਦਾ ਹੋਵੇ ਉਸੇ ਤਰ੍ਹਾਂ ਦੀ ਜੀਵਨ ਜਾਚ ਅਪਣਾ ਲੈਣ ਨਾਲ ਉਸਨੂੰ ਦੁਖਾਂਤ ਨਹੀਂ ਭੋਗਣਾ ਪੈਂਦਾ। ਜਿੰਦਰ ਵਰਗੇ ਨੌਜਵਾਨ ਜਦੋਂ ਤਕ ਪੰਜਾਬ ਰਹਿੰਦੇ ਹਨ ਉਦੋਂ ਉਹਨਾਂ ਦੇ ਮਨ ਵਿਚ ਵਸਿਆ ਅਮਰੀਕਾ ਦਾ ਬਿੰਬ ਉਹਨਾਂ ਨੂੰ ਕਿਰਤ ਤੋਂ ਬੇਮੁੱਖ ਕਰੀ ਰੱਖਦਾ ਹੈ ਤੇ ਅਮਰੀਕਾ ਪਹੁੰਚ ਕੇ ਉਹ ਉੱਥੋਂ ਦੇ ਕਿਰਤ ਸਭਿਆਚਾਰ ਦੇ ਅਨੁਸਾਰ ਨਾ ਢਲਣ ਕਰਕੇ ਦੁਖਾਂਤ ਭੋਗਦੇ ਹਨ। ਬੇਸ਼ੱਕ ਵਿਸ਼ਵੀਕਰਨ ਨਾਲ ਫੈਲੇ ਮਹਾਂ ਬਿਰਤਾਂਤਾਂ ਨੇ ਲਘੂ ਬਿਰਤਾਂਤਾਂ ਨੂੰ ਖਤਮ ਕੀਤਾ ਪਰ ਫਿਰ ਵੀ ਮਨੁੱਖ ਕਿਰਤ ਨਾਲ ਰਿਜ਼ਕ ਕਮਾਉਣ ਦਾ ਕੋਈ ਨਾ ਕੋਈ ਢੰਗ ਲੱਭ ਲੈਂਦਾ ਹੈ। ਜਿਵੇਂ ਹਰੀ ਰਾਮ ਦਰਜ਼ੀ ਦੇ ਮੁੰਡੇ ਕੱਪੜੇ ਸਿਉਣ ਦੀ ਥਾਂ ਕੋਈ ਹੋਰ ਕੰਮ ਕਰਦੇ ਹਨ। ਕਿਉਂਕਿ ਪੂੰਜੀਵਾਦ ਦੀ ਚਕਾਚੌਂਧ ਨੇ ਨੌਜਵਾਨ ਪੀੜ੍ਹੀ ਨੂੰ ਹੱਥੀਂ ਸਿਉਂਤੇ ਕੱਪੜਿਆਂ ਦੀ ਥਾਂ ਰੈਡੀਮੇਡ ਤੇ ਬਰਾਂਡਿਡ ਕੱਪੜਿਆਂ ਵੱਲ ਧੱਕ ਦਿੱਤਾ ਹੈ। ਇਸ ਲਈ ਹਰੀ ਰਾਮ ਦਰਜ਼ੀ ਦਾ ਮੁੰਡਾ ਆਪਣੀ ਉਪਜੀਵਕਾ ਲਈ ਬਦਲਦੇ ਸਮਾਜਕ ਯਥਾਰਥ ਦੇ ਅਨੁਸਾਰੀ ਪਿਤਾ ਪੁਰਖੀ ਕਿੱਤਾ ਛੱਡ ਕੇ ਹੋਰ ਕੰਮ ਕਰਦਾ ਹੈ।

'ਹੋਇਆ ਦੇਸ ਪਰਾਇਆ' ਨਾਵਲ ਵਿਚ ਵੀ ਬਿਲਿੰਗ ਨੇ ਦੇਸੀ ਤੇ ਵਿਦੇਸ਼ੀ ਦੋਹਾਂ ਧਰਤੀਆਂ

ਦਾ ਅਜਿਹਾ ਅਨੁਭਵ ਪੇਸ਼ ਕੀਤਾ ਹੈ ਜਿਸ ਵਿਚ ਨਵੀਂ ਪੀੜ੍ਹੀ ਦੇ ਵਿਦੇਸ਼ ਜਾਣ ਦੀ ਲਲ੍ਹਕ ਵੀ ਸ਼ਾਮਿਲ ਹੈ ਤੇ ਭਵਿੱਖ ਵਿਚ ਵਾਪਸ ਪੰਜਾਬ ਮੁੜਨ ਦਾ ਉਦੇਸ਼ ਵੀ ਸ਼ਾਮਿਲ ਹੈ। ਬਿਲਿੰਗ ਨੇ ਨਾਵਲੀ ਬਿਰਤਾਂਤ ਵਿਚ ਸਭ ਤੋਂ ਅਹਿਮ ਨੁਕਤਾ ਕਿਰਤ ਸ਼ਕਤੀ ਨੂੰ ਬਣਾਇਆ ਹੈ। ਨਾਵਲ ਦਾ ਕੇਂਦਰੀ ਨਾਇਕ ਸਰੂਪ ਸਿੰਘ ਪੰਜਾਬ ਦੇ ਅਜਿਹੇ ਨਾਇਕ ਦੀ ਉਸਾਰੀ ਹੈ ਜਿਹੜਾ ਆਪਣੀਆਂ ਖੂਬੀਆਂ ਤੇ ਖਾਮੀਆਂ ਨਾਲ ਪਰਿਸਥਿਤੀਆਂ ਦੇ ਸੱਚ ਨੂੰ ਹੰਢਾਉਂਦਾ ਆਪਣੀ ਵਿਚਾਰਧਾਰਾ ਦੇ ਸੱਚ 'ਤੇ ਕਾਇਮ-ਦਾਇਮ ਰਹਿੰਦਾ ਹੈ। ਉਹ ਸਾਧਾਰਨ ਪੇਂਡੂ ਕਿਸਾਨ ਹੈ। ਉਸਦੀ ਵਿੱਦਿਆ ਪ੍ਰਾਪਤੀ ਦੀ ਇੱਛਾ ਘਰੇਲੂ ਲੋੜਾਂ ਖਾਸ ਕਰਕੇ ਖੇਤੀ ਵਿਚ ਬਾਪ ਦਾ ਹੱਥ ਵਟਾਉਣ ਅੱਗੇ ਦਮ ਤੋੜ ਜਾਂਦੀ ਹੈ, ਪਰ ਉਹ ਗਿਆਨ ਹਾਸਿਲ ਕਰਨ ਲਈ ਕਿਤਾਬਾਂ ਨਾਲ ਵੀ ਜੁੜਿਆ ਰਹਿੰਦਾ ਹੈ ਅਤੇ ਕਿਰਤ ਨਾਲ ਵੀ। ਉਸਦੇ ਦੋ ਪੁੱਤਰਾਂ ਵਿਚੋਂ ਇਕ ਦੀ ਮੌਤ ਨਸ਼ੇ ਨਾਲ ਹੋ ਜਾਂਦੀ ਹੈ ਤੇ ਦੂਜਾ ਨਸ਼ੇ ਵਿਚੋਂ ਮੌਤ ਕੋਲੋਂ ਜਾ ਕੇ ਵਾਪਸ ਪਰਤ ਆਉਂਦਾ ਹੈ। ਇਸਦੇ ਬਾਵਜੂਦ ਉਹ ਜ਼ਿੰਦਗੀ ਤੇ ਕਿਰਤ ਨਾਲ ਜੁੜਿਆ ਰਹਿੰਦਾ ਹੈ। ਨਾਵਲ ਵਿਚ ਹਰੇ ਇਨਕਲਾਬ ਤੋਂ ਪਹਿਲਾਂ ਅਤੇ ਬਾਅਦ ਦੇ ਕਿਸਾਨੀ ਜੀਵਨ ਤੇ ਕੰਮ ਢੰਗ ਦੀਆਂ ਖੂਬਸੂਰਤ ਝਾਕੀਆਂ ਪੇਸ਼ ਹੋਈਆਂ ਹਨ। ਜਦੋਂ ਪਿੰਡ ਇਕ ਸਮੁੱਚ ਵਿਚ ਬੱਝੀ ਸਮਾਜਕ ਇਕਾਈ ਸੀ। ਹਰ ਵਰਗ ਦੇ ਲੋਕ ਆਪੋ-ਆਪਣੇ ਕਿੱਤਿਆਂ ਨਾਲ ਪਿੰਡ ਦੇ ਸਮਾਜਕ ਵਿਕਾਸ ਵਿਚ ਬਣਦਾ ਯੋਗਦਾਨ ਪਾਉਂਦੇ ਸਨ। ਉਦੋਂ ਮਸ਼ੀਨ ਦੀ ਥਾਂ ਪਸ਼ੂ ਤੇ ਬੰਦੇ ਖੇਤੀ ਸੰਦਾਂ ਵਜੋਂ ਕੰਮ ਕਰਦੇ ਸਨ। ਮਸ਼ੀਨਰੀ ਨੇ ਕਿਰਤ ਕਰਨ ਦੀ ਪ੍ਰਵਿਰਤੀ ਨੂੰ ਖਤਮ ਕਰ ਦਿੱਤਾ।

ਇਸ ਨਾਵਲ ਦਾ ਉਦੇਸ਼ ਨਵੀਂ ਪੀੜ੍ਹੀ ਦੇ ਵਿਦੇਸ਼ ਜਾਣ ਦੀ ਲਲ੍ਹਕ ਨੂੰ ਠੱਲ੍ਹ ਪਾਉਣ ਲਈ ਕਿਰਤ ਨਾਲ ਜੁੜਨ ਲਈ ਪ੍ਰੇਰਨਾ ਦੇਣਾ ਹੈ। ਪੁਰਾਣੀ ਪੀੜ੍ਹੀ ਕਿਰਤ ਨਾਲ ਜੁੜੀ ਹੋਈ ਹੈ ਜਦਕਿ ਨਵੀਂ ਪੀੜ੍ਹੀ ਆਪਣੇ ਪਰੰਪਰਕ ਕਿੱਤਿਆਂ ਪ੍ਰਤੀ ਉਦਾਸੀਨ ਹੋ ਵਿਦੇਸ਼ ਵੱਲ ਭੱਜ ਰਹੀ ਹੈ। ਮੰਡੀ ਤੇ ਸ਼ਾਪਿੰਗ ਮਾਲ ਕਲਚਰ ਨੇ ਛੋਟੇ ਪੇਂਡੂ ਕਿੱਤਿਆਂ ਨੂੰ ਢਾਹ ਲਾਈ ਹੈ। ਕੈਲੇ ਦਾ ਵੱਡਾ ਮੁੰਡਾ ਭੂਪਾ ਦਰਜ਼ੀਪੁਣੇ ਦਾ ਕੰਮ ਛੱਡ ਕੇ ਦੁਬਈ ਚਲਾ ਜਾਂਦਾ ਹੈ ਪਰ ਛੋਟਾ ਮੁੰਡਾ ਨਿੰਮਾ ਕਿਰਤ ਨਾਲ ਜੁੜਿਆ ਰਹਿੰਦਾ ਹੈ। ਉਹ ਜ਼ਮੀਨ ਠੇਕੇ 'ਤੇ ਲੈ ਕੇ ਖੇਤੀ ਕਰਦਾ ਹੈ। ਇਸੇ ਕਿਰਤ ਕਮਾਈ ਨਾਲ ਉਹ ਆਪਣੇ ਇਕਲੌਤੇ ਪੁੱਤ ਤਾਰੇ ਨੂੰ ਕਨੇਡਾ ਭੇਜ ਦਿੰਦਾ ਹੈ। ਆਪਣੀ ਧਰਤੀ 'ਤੇ ਰਹਿੰਦਿਆਂ ਕਿਰਤ ਨਾਲੋਂ ਟੁੱਟਣ ਤੇ ਓਪਰੀ ਧਰਤੀ 'ਤੇ ਜਾ ਕੇ ਹਰ ਤਰ੍ਹਾਂ ਦੇ ਕੰਮ ਕਰਨ ਵਾਲੇ ਨੌਜਵਾਨ ਵਰਗ ਦੀ ਸਥਿਤੀ ਦਵੰਦਮਈ ਬਣੀ ਰਹਿੰਦੀ ਹੈ। ਬਿਲਿੰਗ ਨੂੰ ਇਸ ਦਵੰਦਮਈ ਟਕਰਾਓ ਦੀ ਪੇਸ਼ਕਾਰੀ 'ਤੇ ਅਬੂਰ ਹਾਸਿਲ ਹੈ। ਵਿਦੇਸ਼ ਵਿਚ ਵੀ ਉਹੀ ਕਾਮਯਾਬ ਹੁੰਦੇ ਹਨ ਜਿਹੜੇ ਕਿਰਤ ਸ਼ਕਤੀ ਦੀ ਮਹੱਤਤਾ ਨੂੰ ਸਮਝਦੇ ਹਨ।

ਇਸ ਤਰ੍ਹਾਂ ਬਿਲਿੰਗ ਦੇ ਸਮੁੱਚੇ ਨਾਵਲਾਂ ਵਿਚ ਕਿਰਤ ਸ਼ਕਤੀ ਨੂੰ ਪ੍ਰਾਥਮਿਕਤਾ ਦਿੱਤੀ ਗਈ ਹੈ। ਉਸਦੇ ਪਾਤਰਾਂ ਦੇ ਵਿਹਾਰ ਵਿਚੋਂ ਉਹਨਾਂ ਦਾ ਜਮਾਤੀ ਖਾਸਾ ਉੱਭਰਦਾ ਹੈ। ਸਾਮੰਤੀ ਰੁਚੀਆਂ ਵਾਲੇ ਪਾਤਰਾਂ ਦੇ ਮਨ ਵਿਚ ਕਿਰਤ ਕਰਨ ਤੋਂ ਭੱਜ ਕੇ ਵਿਹਲੇ ਰਹਿਣ ਤੇ ਐਸ਼ ਕਰਨ ਦਾ ਸੰਕਲਪ ਭਾਰੂ ਹੈ ਜਦਕਿ ਕਿਰਤ ਨਾਲ ਜੁੜੇ ਹੋਏ ਪਾਤਰ ਹਰ ਤਰ੍ਹਾਂ ਦੀਆਂ ਪਰਿਸਥਿਤੀਆਂ 'ਤੇ ਕਾਬੂ ਪਾ ਲੈਣ ਦੀ ਸਮਰੱਥਾ ਰੱਖਦੇ ਹਨ। ਖਪਤਵਾਦੀ ਰੁਚੀਆਂ ਨੇ ਕਿਰਤ ਕਲਚਰ ਨੂੰ ਢਾਹ ਲਾਈ ਹੈ ਜਿਸ ਨਾਲ ਨੌਜਵਾਨ ਪੀੜ੍ਹੀ ਦੇ ਸੁਪਨਿਆਂ ਵਿਚ ਵੱਡਾ ਬਦਲਾਵ ਦੇਖਣ ਨੂੰ ਮਿਲਿਆ ਹੈ। ਇਸ ਪੱਖ ਤੋਂ ਵਿਦੇਸ਼ ਪਲਾਇਨ ਕਰ ਰਹੀ ਨੌਜਵਾਨ ਪੀੜ੍ਹੀ ਦਾ ਅਧਿਐਨ ਇਸ ਵਿਸ਼ੇ ਨੂੰ ਹੋਰ ਗਹਿਰਾਈ ਪ੍ਰਦਾਨ ਕਰ ਸਕਦਾ ਹੈ। 000

***(ਲੈਕਚਰਾਰ, ਗ.ਨ. ਸਰਕਾਰੀ ਕਾਲਿਜ, ਗੁਰੂ ਤੇਗ਼ ਬਹਾਦਰਗੜ੍ਹ, ਜ਼ਿਲ੍ਹਾ ਮੋਗਾ***
***ਫੋਨ:+91-84274-98822***
***ਈਮੇਲ: harinderbrar83@gmail.com)***

# ਤੈਮੂਰ ਦੇ ਪੁਆੜੇ: ਸ਼ਬਦ ਝਰੋਖਾ: ਬਲਜੀਤ ਬਾਸੀ

ਭਾਰਤ ਵਿਚ ਘੱਟ ਗਿਣਤੀਆਂ, ਖਾਸ ਤੌਰ 'ਤੇ ਮੁਸਲਮਾਨਾਂ ਪ੍ਰਤੀ ਜਿਸ ਪ੍ਰਕਾਰ ਦਾ ਨਫਰਤ-ਜਹਾਦ ਖੜ੍ਹਾ ਕੀਤਾ ਜਾ ਰਿਹਾ ਹੈ, ਉਸ ਦੇ ਅੰਤਰਗਤ ਇਸ ਸਮੁਦਾਇ ਲਈ ਆਪਣੀ ਪਛਾਣ ਦਾ ਕਿਸੇ ਵੀ ਤਰ੍ਹਾਂ ਦਾ ਇਜ਼ਹਾਰ ਕਰਨਾ ਖਤਰੇ ਤੋਂ ਖਾਲੀ ਨਹੀਂ ਰਿਹਾ। ਉਨ੍ਹਾਂ ਦੇ ਇਬਾਦਤਗਾਹਾਂ 'ਤੇ ਨਾ ਸਿਰਫ਼ ਹਮਲੇ ਹੀ ਹੋ ਰਹੇ ਹਨ ਬਲਕਿ ਸਰਕਾਰੀ ਸ਼ਹਿ ਨਾਲ ਉਨ੍ਹਾਂ ਨੂੰ ਹਿੰਦੂ ਧਾਰਮਿਕ ਸਥਾਨ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਦੀ ਪੁਸ਼ਾਕ, ਖਾਣ-ਪੀਣ, ਇਤਿਹਾਸ/ਮਿਥਹਾਸ, ਅਕੀਦੇ ਦਾ ਮਜ਼ਾਕ ਉਡਾਇਆ ਜਾ ਰਿਹਾ ਹੈ। ਸਿੱਖ ਅਤੇ ਇਸਾਈ ਵੀ ਇਸ ਦੀ ਲਪੇਟ ਵਿਚ ਆ ਰਹੇ ਹਨ। ਦੇਸ਼ ਦੇ ਵਿਸ਼ਾਲ ਹਿੰਦੂ ਜਨ-ਸਮੂਹ ਦੇ ਅੰਦਰ ਇਸ ਤਰ੍ਹਾਂ ਦਾ ਪ੍ਰਭਾਵ ਪੈਦਾ ਕੀਤਾ ਜਾ ਰਿਹਾ ਹੈ ਕਿ ਸਿੱਖ ਖਾਲਿਸਤਾਨੀ ਹੁੰਦੇ ਹਨ। ਗਾਇਕ ਦਿਲਜੀਤ ਦੁਸਾਂਝ ਨੇ ਇਕ ਟਵੀਟ ਵਿਚ ਪੰਜਾਬ ਦੇ ਅੰਗ੍ਰੇਜ਼ੀ ਸ਼ਬਦਜੋੜਾਂ ਵਿਚ 'ਯੂ' ਅੱਖਰ ਦੇ ਥਾਂ 'ਏ' ਕੀ ਪਾ ਦਿੱਤਾ, ਖਰਦਿਮਾਗ ਭਗਤਾਂ ਨੇ ਇਲਜ਼ਾਮ ਲਾਉਣਾ ਸ਼ੁਰੂ ਕਰ ਦਿੱਤਾ ਕਿ ਦਿਲਜੀਤ ਅੰਦਰੋਂ ਪਾਕਿਸਤਾਨੀ ਹੈ ਕਿਉਂਕਿ ਉਧਰ ਪੰਜਾਬ ਦੇ ਹੇਜੇ ਵਿਚ 'ਏ' ਲਾਇਆ ਜਾਂਦਾ ਹੈ, ਹਾਲਾਂ ਕਿ ਪਾਕਿਸਤਾਨੀ ਪੰਜਾਬ ਯੂਨੀਵਰਸਿਟੀ ਵਿਚ ਪੰਜਾਬ ਦੇ ਨਾਂ ਵਿਚ 'ਯੂ' ਹੈ ਜਦ ਕਿ ਭਾਰਤ ਦੀ ਪੰਜਾਬ ਯੂਨੀਵਰਸਿਟੀ ਵਿਚ 'ਏ' ਹੀ ਹੈ।

ਹਿੰਦੂ ਤੁਅੱਸਬ ਬਦ ਤੋਂ ਬਦਤਰ ਹੁੰਦਾ ਜਾ ਰਿਹਾ ਹੈ। ਪਿਛਲੇ ਸਾਲਾਂ ਦੌਰਾਨ ਤੇ ਅੱਜ ਵੀ ਸੱਜ-ਪਿਛਾਖੜੀ/ਹਿੰਦੁਤਵ ਰਾਜ ਅਧੀਨ ਘੱਟ ਗਿਣਤੀਆਂ ਦੇ ਖਿਲਾਫ਼ ਕਈ ਤਰ੍ਹਾਂ ਦੇ ਭਾਸ਼ਾਈ ਹਮਲੇ ਹੋ ਰਹੇ ਹਨ। ਮੁਸਲਮਾਨਾਂ ਨੂੰ ਰਾਖਸ਼ ਤਕ ਕਿਹਾ ਜਾ ਰਿਹਾ ਹੈ। ਇਸਲਾਮੀ ਇਤਿਹਾਸ ਨਾਲ ਜੁੜੇ ਕਿੰਨੇ ਹੀ ਸਥਾਨ-ਨਾਂ ਬਦਲ ਦਿੱਤੇ ਗਏ ਹਨ ਅਤੇ ਕਿੰਨਿਆਂ ਦੇ ਬਦਲਣ ਦੀ ਤਜਵੀਜ਼ ਸਮੇਂ ਸਮੇਂ ਸਾਹਮਣੇ ਆ ਰਹੀ ਹੈ। ਮਿਸਾਲ ਵਜੋਂ ਇਲਾਹਾਬਾਦ ਦਾ ਨਾਂ ਬਦਲ ਕੇ ਪ੍ਰਯਾਗਰਾਜ ਕਰ ਦਿੱਤਾ ਗਿਆ ਹੈ। ਅਮਿਤ ਸ਼ਾਹ ਨੇ ਸੰਕੇਤ ਦਿੱਤਾ ਹੈ ਕਿ ਕਸ਼ਮੀਰ ਦਾ ਨਾਂ ਕਸ਼ਿਅਪ ਚਾਹੀਦਾ ਹੈ ਕਿਉਂਕਿ ਹਿੰਦੂ ਮਿਥਿਹਾਸ ਅਨੁਸਾਰ ਕਸ਼ਿਅਪ ਰਿਸ਼ੀ ਨੇ ਕਸ਼ਮੀਰ ਪੈਦਾ ਕੀਤਾ। ਹੈਦਰਾਬਾਦ ਦਾ ਨਾਂ ਭਾਗਯਨਗਰ ਰੱਖਣ ਲਈ ਜ਼ੋਰ ਪਾਇਆ ਜਾ ਰਿਹਾ ਹੈ। ਤਾਜ ਮਹਿਲ ਦਾ ਨਾਂ ਤਾਜੋ ਮਾਈ ਰੱਖਣ ਦੀਆਂ ਗੱਲਾਂ ਤਾਂ ਚਿਰਾਂ ਤੋਂ ਸੁਣਦੇ ਆਏ ਹਾਂ। ਮੁਸਲਮਾਨਾਂ 'ਤੇ ਦੋਸ਼ ਲਾਇਆ ਜਾ ਰਿਹਾ ਹੈ ਕਿ ਉਹ ਇਕ ਏਜੰਡੇ ਅਧੀਨ ਲਵ-ਜਿਹਾਦ ਕਰਕੇ ਹਿੰਦੂ ਕੁੜੀਆਂ ਨੂੰ ਫਸਾਉਂਦੇ ਹਨ ਤੇ ਉਨ੍ਹਾਂ ਨਾਲ ਵਿਆਹ ਕਰਕੇ ਉਨ੍ਹਾਂ ਨੂੰ ਮੁਸਲਮਾਨ ਬਣਾ ਰਹੇ ਹਨ। ਇਸੇ ਤਰ੍ਹਾਂ ਉਨ੍ਹਾਂ ਸਿਰ ਲੈਂਡ-ਜਿਹਾਦ, ਵੋਟ ਜਿਹਾਦ, ਪੱਪੂਲੇਸ਼ਨ ਜਿਹਾਦ ਤੇ ਪਤਾ ਨਹੀਂ ਹੋਰ ਕਿਹੜੇ ਕਿਹੜੇ ਜਿਹਾਦ ਖੜ੍ਹੇ ਕਰਨ ਦਾ ਸ਼ੋਰ ਮਚਾਇਆ ਜਾ ਰਿਹਾ ਹੈ। ਕੁਝ ਸਾਲ ਪਹਿਲਾਂ ਇਕ ਕੰਪਨੀ ਨੇ ਦੀਵਾਲੀ ਦੇ ਤਿਉਹਾਰ ਲਈ ਅਖਬਾਰਾਂ ਵਿਚ ਦਿੱਤੇ ਆਪਣੇ ਇਸ਼ਤਿਹਾਰ ਦਾ ਸਿਰਲੇਖ 'ਜਸ਼ਨੇ-ਰਿਵਾਜ' ਛਪਵਾ ਦਿੱਤਾ ਤਾਂ ਇਸ 'ਤੇ ਏਨਾ ਬਵਾਲ ਉਠਿਆ ਕਿ ਕੰਪਨੀ ਨੂੰ ਇਹ ਇਸ਼ਤਿਹਾਰ ਵਾਪਿਸ ਲੈਣਾ ਪਿਆ. ਅਖੇ 'ਜਸ਼ਨੇ-ਰਿਵਾਜ' ਮੁਸਲਮਾਨ/ਉਰਦੂ ਅਭਿਵਿਅੰਜਨ ਹੈ। ਉਰਦੂ ਨੂੰ ਮੁਸਲਮਾਨਾਂ ਦੀ ਜ਼ੁਬਾਨ ਸਮਝਦਿਆਂ ਇਸ ਦੇ ਲਫਜ਼ ਹਿੰਦੀ ਵਿਚੋਂ ਚੁਣ ਚੁਣ ਕੇ ਕੱਢੇ ਜਾ ਰਹੇ ਹਨ। ਏਥੋਂ ਤਕ ਕਿ ਹਿੰਦੂ ਧਰਮ ਲਈ ਵੀ ਅਛੋਪਲੇ ਸਨਾਤਨ ਧਰਮ ਦੀ ਵਰਤੋਂ ਜ਼ੋਰ ਫੜ ਰਹੀ ਹੈ ਕਿਉਂਕਿ ਹਿੰਦੂ ਸ਼ਬਦ ਮੁਸਲਮਾਨਾਂ ਦੀ ਜ਼ੁਬਾਨ ਅਰਬੀ ਨੇ ਬਣਾਇਆ ਹੈ। ਦੇਸ਼ ਦੇ ਸੰਵਿਧਾਨ ਵੱਲੋਂ ਪ੍ਰਵਾਨਤ ਇਕ ਨਾਂ 'ਇੰਡੀਆ' ਵੀ ਹਟਾ ਕੇ ਸਿਰਫ਼ ਭਾਰਤ ਰੱਖਣ ਦੀਆਂ ਸਕੀਮਾਂ 'ਤੇ ਵਿਚਾਰ ਹੋਣ ਲੱਗ ਪਿਆ ਸੀ। ਹੋਰ ਹਾਸੋ ਹੀਣੀ ਗੱਲ ਦੇਖੋ। ਵਰਤਮਾਨ ਵਿਚ ਚੱਲ ਰਹੇ ਮਹਾਂ ਕੁੰਭ ਦੌਰਾਨ ਸਾਧੂਆਂ ਨੇ ਘੋਸ਼ਣਾ ਕੀਤੀ ਹੈ ਕਿ ਉਹ ਕੁੰਭ ਵਿਚ ਸਾਧੂਆਂ ਵੱਲੋਂ ਕੀਤੇ ਜਾਂਦੇ 'ਸ਼ਾਹੀ ਸਨਾਨ' ਅਤੇ 'ਪੇਸ਼ਵਾਈ ਸਨਾਨ'

ਨੂੰ ਸਨਾਤਨ ਧਰਮ ਅਨੁਸਾਰ ਕ੍ਰਮਵਾਰ 'ਰਾਜਸੀ ਸਨਾਨ' ਅਤੇ 'ਛਾਵਣੀ ਪ੍ਰਵੇਸ਼' ਆਖਣਗੇ ਕਿਉਂਕਿ 'ਸ਼ਾਹੀ' ਤੇ 'ਪੇਸ਼ਵਾਈ' ਸ਼ਬਦਾਂ ਤੋਂ ਉਰਦੂ ਫਾਰਸੀ ਦੀ ਬਦਬੋ ਆਉਂਦੀ ਹੈ। ਰਾਜਸਥਾਨ ਪੁਲੀਸ ਨੂੰ ਸਰਕਾਰ ਨੇ ਆਦੇਸ਼ ਦਿੱਤਾ ਹੈ ਕਿ ਉਹ ਲਿਖਤ-ਪੜ੍ਹਤ ਦੀ ਕਾਰਵਾਈ ਕਰਦਿਆਂ ਉਰਦੂ ਲਫਜ਼ ਜਿਵੇਂ ਇਤਲਾਹ, ਮੁਕੱਦਮਾ, ਮੁਲਜ਼ਿਮ, ਇਲਜ਼ਾਮ, ਚਸ਼ਮਦੀਦ ਆਦਿ ਦੀ ਥਾਂ ਹਿੰਦੀ ਸ਼ਬਦ ਵਰਤਣ। ਅੱਜ ਜੇ ਤੁਸੀਂ ਹਿੰਦੀ ਦੀਆਂ ਲਿਖਤਾਂ ਪੜ੍ਹੋ ਤਾਂ ਤੁਹਾਨੂੰ ਪ੍ਰਭਾਵ ਮਿਲੇਗਾ ਕਿ ਉਸ ਵਿਚ ਆਮ ਵਰਤੀਂਦੇ ਅਰਬੀ-ਫਾਰਸੀ ਪਿਛੋਕੜ ਦੇ ਸ਼ਬਦਾਂ ਦਾ ਪ੍ਰਯੋਗ ਸੁਚੇਤ ਤੌਰ 'ਤੇ ਘਟਾਇਆ ਜਾ ਰਿਹਾ ਹੈ।

ਮੁਸਲਮਾਨਾਂ ਖਿਲਾਫ਼ ਭਾਸ਼ਾਈ ਹਮਲੇ ਦੇ ਹੋਰ ਅਨੇਕਾਂ ਸਥੂਲ ਤੇ ਸੂਖਮ ਆਯਾਮ ਹਨ ਪਰ ਅੱਜ ਅਸੀਂ ਇਕ ਨਾਂ ਦੀ ਚਰਚਾ ਕਰਨੀ ਹੈ ਜਿਸ ਉਪਰ ਸੰਘੀ ਅੰਧਭਗਤਾਂ ਨੇ ਆਪਣੀ ਘਿਰਣਾ ਦਾ ਬਹੁਤ ਹੋਛੇ ਪੱਧਰ 'ਤੇ ਦਿਖਾਵਾ ਕੀਤਾ ਹੈ। ਐਕਟਰ ਜੋੜੀ ਕਰੀਨਾ ਕਪੂਰ ਅਤੇ ਸੈਫ਼ ਅਲੀ ਖਾਨ ਨੇ ਜਦ 2016 ਵਿਚ ਹੋਏ ਆਪਣੇ ਬੇਟੇ ਨੂੰ 14ਵੀਂ ਸਦੀ ਦੇ ਤੁਰਕ ਰਾਜੇ ਤੈਮੂਰ ਦਾ ਨਾਂ ਦੇ ਦਿੱਤਾ ਤਾਂ ਹਿੰਦੂਤਵ ਜਗਤ ਵਿਚ ਉਨ੍ਹਾਂ ਪ੍ਰਤੀ ਘਿਰਣਾ ਦਾ ਇਕ ਭੁਚਾਲ ਹੀ ਉਮਡ ਆਇਆ। ਉਸ ਬੇਕਸੂਰ ਬੱਚੇ ਨੂੰ ਵੀ ਨਾ ਬਖਸ਼ਦਿਆਂ ਆਤੰਕਵਾਦੀ ਗਰਦਾਨ ਦਿੱਤਾ ਗਿਆ। ਇਹ ਬਕਬਕ ਅਜੇ ਮੱਠੀ ਹੀ ਹੋ ਰਹੀ ਸੀ ਕਿ ਕੁਮਾਰ ਵਿਸ਼ਵਾਸ ਨਾਂ ਦੇ ਕਵੀ ਅਤੇ ਘਟੀਆ ਰਾਜਨੀਤੀ ਕਰਨ ਵਾਲੇ ਨੇ ਉਸ ਦੇ ਬੇਟੇ ਤੈਮੂਰ 'ਤੇ ਘਿਨਾਉਣੀ ਟਿੱਪਣੀ ਕਰਦਿਆਂ ਧਮਕਾਇਆ ਕਿ 'ਇਹ ਨਹੀਂ ਚੱਲੇਗਾ'। ਸੈਫ਼ ਅਲੀ ਦੇ ਘਰ ਅੱਧੀ ਰਾਤੀਂ ਇਕ ਬੰਦੇ ਦੇ ਵੜਨ ਤੇ ਉਸ ਵੱਲੋਂ ਸੈਫ਼ 'ਤੇ ਕਾਤਲਾਨਾ ਹਮਲਾ ਕਰਨ ਦੀ ਘਟਨਾ ਨੇ ਇਸ ਨੂੰ ਫੇਰ ਹਵਾ ਦੇ ਦਿੱਤੀ। ਕਾਰਨ? ਤੈਮੂਰ ਮੁਸਲਮਾਨ ਸੀ ਅਤੇ ਉਸ ਨੇ ਭਾਰਤ 'ਤੇ ਹਮਲਾ ਕਰਕੇ ਏਥੇ ਦੇ ਲੋਕਾਂ 'ਤੇ ਜ਼ੁਲਮ ਢਾਹੇ। ਚਲੋ ਤੈਮੂਰ ਦੀ ਏਸ਼ੀਆ ਮਾਰੋ ਮਾਰ ਬਾਰੇ ਕੁਝ ਜਾਣਕਾਰੀ ਲੈ ਲਈਏ।

ਤੈਮੂਰ ਤੁਰਕ-ਮੰਗੋਲ ਪਿਛੋਕੜ ਦਾ ਅੱਜੋਕੇ ਉਜ਼ਬੇਕਿਸਤਾਨ ਵਿਚ ਜਨਮਿਆ ਯੋਧਾ ਸੀ ਜਿਸ ਨੇ ਚੌਦਵੀਂ ਸਦੀ ਦੀ ਤੀਸਰੀ ਚੌਥਾਈ ਦੌਰਾਨ ਪੱਛਮੀ ਅਤੇ ਮੱਧ ਏਸ਼ੀਆ 'ਤੇ ਭਾਰੀ ਜਿੱਤਾਂ ਪ੍ਰਾਪਤ ਕਰਕੇ ਵਿਸ਼ਾਲ ਤੈਮੂਰ ਰਾਜਵੰਸ਼ ਦੀ ਨੀਂਹ ਰੱਖੀ। ਜਵਾਨੀ ਵਿਚ ਹੀ ਉਸ ਦੀ ਇਕ ਲੱਤ 'ਤੇ ਚੋਟ ਲੱਗਣ ਕਾਰਨ ਉਹ ਲੰਗੜਾ ਹੋ ਗਿਆ ਜਿਸ ਕਰਕੇ ਇਤਿਹਾਸ ਵਿਚ ਉਹ ਤੈਮੂਰ ਲੰਗ ਦੇ ਕੁਨਾਂ ਵਜੋਂ ਕੁਖਿਆਤ ਕੀਤਾ ਗਿਆ। ਹੋਰ ਭਾਸ਼ਾਵਾਂ ਵਿਚ ਇਸ ਨਾਂ ਦੇ ਹੋਰ ਰੁਪਾਂਤਰ ਵੀ ਹਨ। ਸਾਡੀ ਭਾਸ਼ਾ ਵਿਚ ਹੀ ਇਸ ਨਾਂ ਨੂੰ ਵਿਗਾੜ ਕੇ ਤੇ ਉਸ ਨੂੰ ਹੋਰ ਨੀਚਾ ਦਿਖਾਉਣ ਹਿੱਤ ਤਿਮਿਰਲਿੰਗ ਵੀ ਕਿਹਾ ਜਾਣ ਲੱਗਾ। ਹੋਰ ਤਾਂ ਹੋਰ ਕਿਸੇ ਵੀ ਲੰਗੜੇ ਆਦਮੀ ਲਈ ਉਸ ਦੀ ਪਿੱਠ ਪਿੱਛੇ ਲੋਕ ਤਿਮਿਰਲੰਗ ਛੇੜ ਪਾ ਦਿੰਦੇ ਹਨ। ਤੈਮੂਰ ਦਾ ਸਾਮਰਾਜ ਅੱਜੋਕੇ ਤੁਰਕੀ, ਸੀਰੀਆ, ਇਰਾਕ, ਕੁਵੇਤ, ਕਜ਼ਾਖਸਤਾਨ, ਅਫਗਾਨਿਸਤਾਨ, ਉਜ਼ਬੇਕਿਸਤਾਨ, ਰੂਸ, ਚੀਨ ਅਤੇ ਭਾਰਤ ਤਕ ਫੈਲ ਗਿਆ। ਆਪਣੇ ਰਾਜ ਵਿਸਤਾਰ ਦੌਰਾਨ ਉਸ ਨੇ ਮਾਰ ਧਾੜ ਦੀ ਹੱਦ ਟੱਪ ਦਿੱਤੀ ਜਿਸ ਕਾਰਨ ਦਮਿਸ਼ਕ, ਬਗਦਾਦ, ਦਿੱਲੀ ਅਤੇ ਫਾਰਸ, ਅਰਬ ਤੇ ਤੁਰਕ ਇਲਾਕੇ ਦੇ ਹੋਰ ਕਈ ਸ਼ਹਿਰ ਬੁਰੀ ਤਰ੍ਹਾਂ ਲੁੱਟੇ ਅਤੇ ਨੇਸਤੋ ਨਾਬੂਦ ਕੀਤੇ ਗਏ। ਪਰ ਮੱਧ ਏਸ਼ੀਆ ਦਾ ਇਲਾਕਾ ਇਸ ਦੌਰ ਵਿਚ ਵਿਕਾਸ ਦੇ ਸਿਰੇ 'ਤੇ ਪੁੱਜ ਗਿਆ। ਇਸੇ ਕਰਕੇ ਉਸ ਨੂੰ ਮੱਧ ਏਸ਼ੀਆ ਵਿਚ ਵਡਿਆਇਆ ਜਾਂਦਾ ਹੈ ਜਦ ਕਿ ਹੋਰ ਥਾਈਂ ਉਸ ਪ੍ਰਤੀ ਅਤਿਸ਼ ਘਿਰਣਾ ਹੈ। ਪੱਛਮੀ ਏਸ਼ੀਆ ਦੇ ਦੇਸ਼ਾਂ ਵਿਚ ਅਜੇ ਵੀ ਲੋਕ ਆਪਣੇ ਬੱਚਿਆਂ ਦਾ ਨਾਂ ਫ਼ਖ਼ਰ ਨਾਲ ਤੈਮੂਰ ਰੱਖਦੇ ਹਨ। ਫਾਰਸੀ ਸਾਹਿਤ ਵਿਚ ਉਸ ਨੂੰ ਫਤਿਹ ਜਹਾਨ ਕਰ ਕੇ ਵਡਿਆਇਆ ਜਾਂਦਾ ਹੈ।

ਉਸ ਨੇ ਚੰਗੇਜ਼ ਖਾਂ ਦੇ ਪਰਿਵਾਰ ਵਿਚ ਵਿਆਹ ਕਰਕੇ ਆਪਣਾ ਨਾਂ ਤੈਮੂਰ ਗੁਰਕਾਨੀ ਰੱਖ ਲਿਆ ਤੇ 'ਮਹਾਨ' ਚੰਗੇਜ਼ ਪਰੰਪਰਾ ਦਾ ਪੇਸ਼ਵਾ ਬਣ ਬੈਠਾ। ਮੰਗੋਲ ਭਾਸ਼ਾ ਦੇ 'ਗੁਰਕਾਨੀ' ਸ਼ਬਦ ਦਾ ਮਤਲਬ ਹੈ ਜਵਾਈ। ਤੈਮੂਰ ਬਚਪਨ ਤੋਂ ਹੀ ਬੇਹੱਦ ਬਹਾਦਰ, ਬੁੱਧੀਵਾਨ, ਪੜ੍ਹਿਆ ਲਿਖਿਆ ਅਤੇ ਸੁਣੱਖਾ ਸੀ। ਉਸ ਵਿਚ ਮਾਰਧਾੜ ਕਰਨ ਅਤੇ ਇਲਾਕੇ ਜਿੱਤਣ ਦੀ ਅਮੁੱਕ

ਲਾਲਸਾ ਸੀ। ਫੌਜੀ ਜਿੱਤਾਂ ਹਾਸਿਲ ਕਰਦਿਆਂ ਉਸ ਨੇ ਚੰਗਜ਼ ਖਾਂ ਦੇ ਪੁੱਤਰ ਚਗਤਾਈ ਖਾਂ ਦੇ ਇਲਾਕੇ 'ਤੇ ਅਧਿਕਾਰ ਜਮਾ ਲਿਆ। 'ਚਗਤਾਈ' ਇਸ ਇਲਾਕੇ ਦੇ ਇਕ ਕਬੀਲੇ ਅਤੇ ਭਾਸ਼ਾ ਦਾ ਨਾਂ ਵੀ ਹੈ। ਪੰਜਾਬੀ ਵਿਚ ਇਨ੍ਹਾਂ ਨੂੰ 'ਚੁਗੱਤੇ' ਕਿਹਾ ਜਾਂਦਾ ਹੈ। ਇਨ੍ਹਾਂ ਬਾਰੇ ਇਕ ਕਹਾਵਤ ਸੁਣੋ, 'ਖਸਮ ਕੀਤਾ ਚੁਗੱਤਾ, ਉਹੀ ਚੱਕੀ ਉਹੀ ਪੀਠਾ'; ਪੋਠੋਹਾਰ ਵਿਚ ਇਸ ਕਬੀਲੇ ਦੇ ਕਈ ਲੋਕ ਰਹਿੰਦੇ ਹਨ।

1398 ਵਿਚ ਤੈਮੂਰ ਨੇ ਭਾਰਤ ਵੱਲ ਰਜੂਹ ਕੀਤਾ। ਉਦੋਂ ਭਾਰਤ ਵਿਚ ਨਿਘਾਰ ਨੂੰ ਪੁੱਜਾ ਸੁਲਤਾਨ ਤੁਗਲਕ ਦਾ ਰਾਜ ਸੀ। ਤੈਮੂਰ ਦੀਆ ਫੌਜਾਂ ਨੇ ਜ਼ਬਰਦਸਤ ਕਤਲੋਗਾਰਦ ਕਰ ਕੇ ਤੁਲਾਂਬਾ ਤੇ ਮੁਲਤਾਨ ਦੇ ਇਲਾਕੇ ਹਥਿਆਏ ਤੇ ਫਿਰ ਦਿੱਲੀ 'ਤੇ ਹਮਲਾ ਕੀਤਾ। ਤੁਗਲਕ ਦੇ ਹਾਥੀਆਂ ਦਾ ਮੁਕਾਬਲਾ ਕਰਨ ਲਈ ਤੈਮੂਰ ਨੇ ਆਪਣੇ ਊਠਾਂ 'ਤੇ ਲੱਕੜੀਆਂ ਲਦਵਾ ਕੇ ਉਨ੍ਹਾਂ ਨੂੰ ਅੱਗ ਲਵਾ ਦਿੱਤੀ ਜਿਸ ਕਾਰਨ ਤੁਗਲਕ ਦੇ ਹਾਥੀ ਡਰ ਕੇ ਪਿੱਛੇ ਭੱਜ ਗਏ ਤੇ ਆਪਣੀ ਸੈਨਾ ਨੂੰ ਹੀ ਮਾਰਨ ਦਾ ਕਾਰਨ ਬਣੇ। ਉਹ ਏਨਾ ਕਰੂਰ ਸੀ ਕਿ ਉਸ ਨੇ ਲਗਪਗ ਸਾਰੀ ਦਿੱਲੀ ਤਬਾਹ ਕਰ ਦਿੱਤੀ, ਬਾਸ਼ਿੰਦੇ ਮਾਰ ਸੁੱਟੇ ਤੇ ਖੂਬ ਮਾਲ ਲੁੱਟਿਆ। ਉਸ ਨੇ ਇਸ ਮੁਹਿੰਮ ਦੌਰਾਨ ਬਣਾਏ ਇਕ ਲੱਖ ਗ਼ੁਲਾਮਾਂ ਨੂੰ ਇਸ ਡਰੋਂ ਮਾਰ ਮੁਕਾਇਆ ਕਿ ਉਹ ਬਗ਼ਾਵਤ ਨਾ ਕਰ ਦੇਣ। ਤੈਮੂਰ ਦੀਆਂ ਕਈ ਸਿਫਤਾਂ ਵੀ ਸਨ। ਉਹ ਮੌਲਿਕ ਰਣਨੀਤੀਕਾਰ, ਬੇਹੱਦ ਕਲਾ ਪ੍ਰੇਮੀ ਤੇ ਦਾਨਿਸ਼ਮੰਦਾਂ ਦਾ ਕਦਰਦਾਨ ਸੀ। ਉਹ ਲੜਾਈ ਦੌਰਾਨ ਪ੍ਰਤਿਭਾਸ਼ਾਲੀ ਲੋਕਾਂ ਨੂੰ ਆਪਣੇ ਨਾਲ ਲੈ ਜਾਂਦਾ ਸੀ। ਉਸ ਨੇ ਆਪਣੀ ਰਾਜਧਾਨੀ ਅੱਜੋਕੇ ਉਜ਼ਬੇਕਿਸਤਾਨ ਦੇ ਸ਼ਹਿਰ ਸਮਰਕੰਦ ਵਿਚ ਅਲੀਸ਼ਾਨ ਇਮਾਰਤਾਂ ਬਣਵਾਈਆਂ। ਤੈਮੂਰ ਪਿੱਛੋਂ ਉਸ ਦੇ ਸਭ ਤੋਂ ਛੋਟੇ ਪੁੱਤਰ ਸ਼ਾਹ ਰੁੱਖ ਨੇ ਰਾਜ ਸੰਭਾਲਿਆ। ਇਸ ਨਾਂ ਦਾ ਅਰਥ ਹੈ ਸ਼ਾਹੀ ਚਿਹਰਾ। ਉਜ਼ਬੇਕਿਸਤਾਨ ਵਿਚ ਦੋਨਾਂ ਪਿਉ ਪੁੱਤਰਾਂ ਦੀ ਖੂਬ ਮਾਨਤਾ ਹੈ। ਉਜ਼ਬੇਕਿਸਤਾਨ ਦੀ ਸੈਰ ਕਰਨ ਪਿੱਛੋਂ ਮੇਰੇ ਇਕ ਰਿਸਤੇਦਾਰ ਨੇ ਦੱਸਿਆ ਕਿ ਉੱਥੇ ਸਾਡੇ ਫਿਲਮੀ ਐਕਟਰ ਸ਼ਾਹ ਰੁੱਖ ਖਾਨ ਪ੍ਰਤੀ ਬੇਹੱਦ ਸ਼ਰਧਾ ਹੈ। ਮੈਂ ਉਸ ਨੂੰ ਦੱਸਿਆ ਕਿ ਤੁਹਾਨੂੰ ਭੁਲੇਖਾ ਲੱਗਾ ਹੋਵੇਗਾ, ਤੈਮੂਰ ਦਾ ਬੇਟਾ ਸ਼ਾਹ ਰੁੱਖ ਉੱਥੋਂ ਦਾ ਹਾਕਿਮ ਰਿਹਾ ਹੈ, ਸ਼ਰਧਾ ਉਸ ਪ੍ਰਤੀ ਹੈ। ਦੱਸ ਦੇਈਏ ਕਿ 'ਤੈਮੂਰ' ਮੁਢਲੇ ਤੌਰ 'ਤੇ ਅਲਤਾਇਕ ਭਾਸ਼ਾ ਪਰਿਵਾਰ ਦੀ ਤੁਰਕ ਭਾਸ਼ਾ ਦਾ ਸ਼ਬਦ ਹੈ ਜਿਸ ਦਾ ਮਤਲਬ ਹੈ ਲੋਹਾ ਤੇ ਨਾਂ ਵਜੋਂ ਅਰਥ ਹੋਇਆ ਲੋਹੇ ਜਿੰਨਾ ਸ਼ਕਤੀਸ਼ਾਲੀ, ਬਹਾਦਰ; ਜਿਵੇਂ ਸਾਡਾ ਤੇਗ਼ ਬਹਾਦਰ। ਬਹੁਤ ਸਾਰੇ ਸ੍ਰੋਤ ਇਸ ਨੂੰ ਫਾਰਸੀ ਜਾਂ ਅਰਬੀ ਸ਼ਬਦ ਦੱਸਦੇ ਹਨ ਪਰ ਅਜਿਹਾ ਨਹੀਂ ਹੈ। ਹਾਂ ਕਈ ਮੁਸਲਮਾਨੀ ਦੇਸ਼ਾਂ ਵਿਚ ਲੋਕ ਇਹ ਨਾਂ ਅੱਜ ਵੀ ਰੱਖਦੇ ਹਨ।

ਇਤਿਹਾਸਕਾਰਾਂ ਨੇ ਤੈਮੂਰ ਨੂੰ 'ਇਸਲਾਮ ਦੀ ਤਲਵਾਰ' ਕਿਹਾ ਹੈ ਕਿਉਂਕਿ ਉਸ ਬਾਰੇ ਕਿਹਾ ਜਾਂਦਾ ਹੈ ਕਿ ਉਸ ਨੇ ਏਸ਼ੀਆ ਭਰ ਵਿਚ ਇਸਲਾਮ ਫੈਲਾਉਣ ਲਈ ਤਲਵਾਰ ਉਠਾਈ। ਇਹ ਗੱਲ ਅਰਧ-ਸੱਚ ਕਹੀ ਜਾ ਸਕਦੀ ਹੈ। ਰਾਜਾਸ਼ਾਹੀ ਯੁੱਗ ਵਿਚ ਸਭ ਦੇਸ਼ਾਂ ਵਿਚ ਸਭ ਧਰਮਾਂ ਦੇ ਰਾਜਿਆਂ ਦਾ ਮੁੱਖ ਮਨੋਰਥ ਰਾਜ ਵਿਸਤਾਰ ਹੁੰਦਾ ਸੀ ਜਿਸ ਦੀ ਲੋਕ ਪ੍ਰਵਾਨਗੀ ਲਈ ਉਹ ਧਰਮ ਦਾ ਸਹਾਰਾ ਲੈਂਦੇ ਸਨ। ਤੈਮੂਰ ਨੇ ਦਿੱਲੀ ਸਮੇਤ ਅਨੇਕਾਂ ਥਾਵਾਂ 'ਤੇ ਮੁਸਲਮਾਨ ਰਾਜਿਆਂ ਨੂੰ ਹੀ ਹਰਾਇਆ। ਇਤਿਹਾਸਕਾਰ ਮੰਨਦੇ ਹਨ ਕਿ ਨਿੱਜੀ ਤੌਰ 'ਤੇ ਉਹ ਧਰਮ ਪੱਖੋਂ ਉਦਾਰਵਾਦੀ ਸੀ। ਭਾਰਤ ਵਿਚ ਉਸ ਦੇ ਖਿਲਾਫ਼ ਨਫ਼ਰਤ ਵਧੇਰੇ ਕਰਕੇ ਉਸ ਦੇ ਮੁਸਲਮਾਨ ਹੋਣ ਕਰਕੇ ਹੀ ਹੈ।

ਭਾਵੇਂ ਆਪਣੇ ਬੱਚੇ ਦਾ ਨਾਂ ਰੱਖਣਾ ਹਰ ਇਕ ਦਾ ਨਿੱਜੀ ਫੈਸਲਾ ਹੈ ਫਿਰ ਵੀ ਮੈਂ ਕਹਾਂਗਾ ਕਿ ਸੈਫ਼ ਅਲੀ ਨੂੰ ਘੱਟੋ ਘੱਟ ਇਸ ਗੱਲ ਦਾ ਪਤਾ ਹੋਣਾ ਚਾਹੀਦਾ ਸੀ ਕਿ ਦੇਸ਼ ਵਿਚ ਜ਼ਬਰਦਸਤ ਤੁਅੱਸਬੀ ਮਾਹੌਲ ਦੇ ਹੁੰਦਿਆ ਅੰਧ ਭਗਤ ਲੋਕਾਂ ਵੱਲੋਂ ਕਿਸ ਤਰ੍ਹਾਂ ਦਾ ਪ੍ਰਤਿਕਰਮ ਹੋ ਸਕਦਾ ਹੈ। ਉਸ ਦੀ ਪਤਨੀ ਕਰੀਨਾ ਕਪੂਰ ਨੇ ਦੱਸਿਆ ਕਿ ਸੈਫ਼ ਅਲੀ ਇਤਿਹਾਸ ਦਾ ਖੂਬ ਜਾਣਕਾਰ ਹੈ ਪਰ ਉਸ ਨੇ ਇਹ ਨਾਂ ਇਸ ਲਈ ਰੱਖਿਆ ਕਿ ਇਸ ਦੀ ਧੁਨੀ ਬਹੁਤ ਮੋਹਕ ਹੈ ਤੇ ਅਰਥ ਤਾਂ ਸ਼ਕਤੀਸ਼ਾਲੀ ਹੈ ਹੀ। ਸੈਫ਼ ਅਲੀ ਨੇ ਏਥੇ ਬੇਸਮਝੀ ਦਾ ਹੀ ਵਿਖਾਵਾ ਕੀਤਾ ਹੈ।000

***(Phone: +1 734-259-9353 Email: baljit_basi@yahoo.com)***

## ਬੇਸਮੈਂਟ ਕਵਿਤਾਵਾਂ (ਕਾਵਿ ਸੰਗ੍ਰਹਿ) ਜਸਵੰਤ ਦੀਦ

ਜਸਵੰਤ ਦੀਦ ਰਚਿਤ ਪੁਸਤਕ 'ਬੇਸਮੈਂਟ ਕਵਿਤਾਵਾਂ' ਉਸ ਦੁਆਰਾ ਸਥਾਪਤ ਕੀਤੇ ਪੂਰਵਲੇ ਕਾਵਿ-ਨਕਸ਼ਾਂ ਤੋਂ ਅਲਹਿਦਾ ਨਕਸ਼ ਸਥਾਪਨ ਵਾਲ਼ੀ ਪੁਸਤਕ ਹੈ। ਇਸ ਤੋਂ ਪਹਿਲਾਂ ਦੀਦ 'ਬੱਚੇ ਤੋਂ ਡਰਦੀ ਕਵਿਤਾ', 'ਅਚਨਚੇਤ', 'ਆਵਾਜ਼ ਆਏਗੀ ਅਜੇ', 'ਘੁੰਡੀ', 'ਕਮੰਡਲ', 'ਆਵਾਗਵਣੁ' ਪ੍ਰਕਾਸ਼ਤ ਕਰਵਾ ਚੁੱਕਾ ਹੈ। ਮਾਨਵੀ ਹੋਂਦ ਵਿਚਲੀ ਕਸ਼ਮਕਸ਼, ਮਨੋ ਸੰਦੇਹਾਂ, ਵਿਸੰਗਤੀਆਂ ਤੇ ਅਣਮੁੱਕ ਤਲਾਸ਼ ਨੂੰ ਉਸਨੇ ਮੌਲਿਕ ਸੂਖਮ ਬੋਧ ਸੰਗ ਪਕੜਿਆ ਤੇ ਵਿਲੱਖਣ ਅੰਦਾਜ਼ ਵਿਚ ਅਭਿਵਿਅਕਤ ਕੀਤਾ। ਉਸਦੀ ਸਵੈ ਕਟਾਖਸ਼ੀ ਸੁਰ ਵਿਸ਼ੇਸ਼ ਧਿਆਨ ਖਿੱਚਦੀ ਰਹੀ ਹੈ ਜਿਹੜੀ ਕਿ ਇਸ ਪੁਸਤਕ ਵਿਚ ਵੀ ਅਤਿ ਤੀਖਣ ਨਜ਼ਰ ਆਉਂਦੀ ਹੈ।

ਇਸ ਪੁਸਤਕ ਦਾ ਦਸ ਸਾਲ ਦੇ ਵਕਫ਼ੇ ਬਾਅਦ ਪ੍ਰਕਾਸ਼ਤ ਕਰਵਾਉਣਾ ਉਸਦੀ ਮਨੋ-ਸਹਿਜਤਾ ਅਤੇ ਅਨੁਭਵੀ ਪਕਿਆਈ ਦੀ ਸ਼ਾਹਦੀ ਹੈ। 'ਬੇਸਮੈਂਟ ਕਵਿਤਾਵਾਂ' ਪੁਸਤਕ ਦਾ ਨਾਮ ਹੀ ਇਸ ਪੁਸਤਕ ਵਿਚਲੀਆਂ ਕਵਿਤਾਵਾਂ ਦੀ ਪ੍ਰਕਿਰਤੀ ਬਾਰੇ ਮੁੱਢਲੀ ਟੋਹ ਦੇ ਦਿੰਦਾ ਹੈ। ਇਹ ਸਾਰੀਆਂ ਕਵਿਤਾਵਾਂ ਵਿਸ਼ੇਸ਼ ਧਰਾਤਲ ਉੱਪਰ ਜਾ ਕੇ ਉਸ ਧਰਾਤਲ ਉੱਪਰਲੀ ਵਿਸ਼ੇਸ਼ ਵਰਗ ਦੀ ਰਹਿਤਲ ਉੱਪਰ ਕੇਂਦਰਤ ਹੋ ਕੇ ਰਚੀਆਂ ਗਈਆਂ ਹਨ। ਇਸ ਬਾਰੇ ਕਵੀ ਦਾ ਆਪਣਾ ਖੁਲਾਸਾ ਪੜ੍ਹਨਯੋਗ ਹੈ: "ਬੇਸਮੈਂਟ ਕਵਿਤਾਵਾਂ ਨਾਲ ਮੇਰੀ ਕਵਿਤਾ ਦਾ ਰੰਗ ਬਦਲਦਾ ਹੈ। ਪਰ-ਦੇਸ ਨਾਲ ਅਨੁਭਵ ਦੇ ਨਵੇਂ ਭਿੱਤ ਖੁੱਲ੍ਹਦੇ ਹਨ।"

ਇਸ ਸੰਗ੍ਰਹਿ ਵਿਚਲੀਆਂ 84 ਕਵਿਤਾਵਾਂ ਨੂੰ ਉਹ 84 ਜੂਨਾਂ ਕੱਟਣ ਦੇ ਤੁਲ ਆਖਦਾ ਹੈ। 84 ਜੂਨਾਂ ਦੀ ਇਸ ਅਨੁਭਵ-ਪ੍ਰਾਪਤੀ ਦਾ ਸਿਹਰਾ ਉਹ ਬੇਸਮੈਂਟ ਨੂੰ ਹੀ ਦਿੰਦਾ ਹੈ। ਇਹਨਾਂ ਕਵਿਤਾਵਾਂ ਦੀ ਅਸਤਿੱਤਵਗਤ ਵਿਲੱਖਣਤਾ ਇਹ ਹੈ ਕਿ ਵਿਸ਼ੇਸ਼ ਵਰਗ ਧਰਾਤਲ ਅਤੇ ਰਹਿਤਲ ਉਪਰ ਕੇਂਦਰਤ ਹੁੰਦੀਆਂ ਹੋਈਆਂ ਵੀ ਇਹਨਾਂ ਵਿਚਲਾ ਸੰਵੇਦਨਾਤਮਕ, ਵਿਚਾਰਾਤਮਕ ਅਤੇ ਚਿੰਤਨਾਤਮਕ ਧਰਾਤਲ ਬਹੁ ਆਯਾਮੀ, ਬਹੁਪਰਤੀ ਪਾਸਾਰਾਂ ਨੂੰ ਲੈ ਕੇ ਚੱਲ ਰਿਹਾ ਹੈ। ਮਨੁੱਖੀ ਮਨ, ਸੱਭਿਅਤਾ, ਇਤਿਹਾਸ, ਮਨੋਵਿਗਿਆਨ, ਵਰਤਮਾਨ ਹੋਂਦ ਅਤੇ ਸਮਾਜ ਦੀਆਂ ਬੇਸ਼ੁਮਾਰ ਪਰਤਾਂ ਸੰਗ ਸੰਵਾਦ ਰਚਾਉਂਦੀ ਇਹ ਕਵਿਤਾ ਵਿਸ਼ੇਸ਼ ਰਚਨਾਤਮਕ ਕਾਵਿ ਦੇ ਹਸਤਾਖ਼ਰ ਕਰਦੀ ਹੋਈ ਅਨੁਭਵ ਤੇ ਸ਼ੈਲੀ ਦੇ ਤਰੰਗਤ ਸੁਜੋੜ ਵਜੋਂ ਸਾਹਮਣੇ ਆਈ ਹੈ।

ਇਹਨਾਂ ਕਵਿਤਾਵਾਂ ਦੀ ਪ੍ਰਮਾਣਿਕਤਾ ਸੰਬੰਧੀ ਕਵੀ ਦਾ ਉਹ ਵਚਨ ਵੀ ਵੇਖਣ ਵਾਲਾ ਹੈ, ਜਿਹੜਾ ਉਹ ਇਹਨਾਂ ਕਵਿਤਾਵਾਂ ਬਾਰੇ ਮੁੱਢਲੀ ਪਛਾਣ ਕਰਵਾਉਂਦਿਆਂ ਲਿਖਦਾ ਹੈ: "ਮੇਰੀ ਕੋਈ ਵੀ ਕਵਿਤਾ ਅਨੁਭਵ ਤੋਂ ਬਿਨਾਂ ਸ਼ਕਲ ਅਖਤਿਆਰ ਨਹੀਂ ਕਰਦੀ। ਇਸੇ ਲਈ ਮੇਰੀ ਲਿਖਣ ਛਪਣ ਦੀ ਗਤੀ ਵੀ ਬੇਸਮੈਂਟ 'ਚ ਸੋਚੀਂ ਡੁੱਬੇ ਬੰਦੇ ਵਰਗੀ।"

ਪੁਸਤਕ ਵਿਚਲੀਆਂ ਸਭ ਕਵਿਤਾਵਾਂ ਪਰ-ਦੇਸ਼ ਰਹਿਤਲ ਨਾਲ ਸੰਬੰਧਤ ਹਨ। ਰਹਿਤਲ ਵੀ ਉਸ ਵਿਅਕਤੀ ਦੀ ਜਿਹੜਾ ਪੰਜਾਬੀ ਵਿਰਾਸਤ ਅਤੇ ਧਰਾਤਲ ਸੰਗ ਜੀਵਨ ਦੇ ਬਹੁਤੇ ਵਰ੍ਹਿਆਂ ਦੀ ਸਾਂਝ ਪਾ ਕੇ ਵੱਡਾ ਹੋਇਆ ਹੋਵੇ। ਫਿਰ ਕਿਸੇ ਮਜਬੂਰੀ ਵੱਸ ਜਾਂ ਮਨੋ ਉਦੇਸ਼ ਨੂੰ ਅੱਗੇ ਰੱਖ ਕੇ ਪਰਦੇਸ ਪਹੁੰਚਿਆ ਹੋਵੇ। ਉਸ ਦੀ ਸਰੀਰਕ, ਮਾਨਸਿਕ, ਆਤਮਕ ਘਾੜਤ ਪੰਜਾਬੀ, ਭਾਰਤੀ ਵਿਰਾਸਤ ਦੁਆਰਾ ਘੜੀ ਗਈ ਹੋਵੇ। ਜਿਸਦਾ ਸੁਪਨ-ਸੰਸਾਰ, ਯਾਦ-ਸੰਸਾਰ ਸਾਰੇ ਦਾ ਸਾਰਾ ਆਪਣੇ ਇਤਿਹਾਸ, ਮਿਥਿਹਾਸ ਦੀ ਗੌਰਵਤਾ ਨੂੰ ਆਪਣੇ ਵਿਚ ਸਮੋਈ ਬੈਠਾ ਹੋਵੇ। ਅਜਿਹੇ ਵਿਅਕਤੀ ਦੀ ਪਰ ਦੇਸ਼ ਵਿਚਰਨ-ਸਥਿਤੀ ਨੂੰ ਪੇਸ਼ ਕਰਦਿਆਂ ਕਵੀ ਉਸਦੇ ਅੰਦਰੂਨੀ ਬਾਹਰੀ

ਸੰਸਾਰ ਦੀਆਂ ਮੁਖ਼ਤਲਿਫ਼ ਪਰਤਾਂ ਸੰਗ ਇਕੇਰਾਂ ਹੀ ਸੰਵਾਦ ਰਚਾਉਂਦਾ ਹੋਇਆ ਆਪਣੀ ਕਵਿਤਾ ਵਿਚ ਨਿਵੇਕਲਾ ਅਜਨਬੀਕਰਨ ਪੈਦਾ ਕਰ ਰਿਹਾ ਹੈ। ਏਸੇ ਕਰਕੇ ਇਹ ਕਵਿਤਾਵਾਂ ਪੂਰਵਲੇ ਪਰਵਾਸੀ-ਕਾਵਿ ਵਾਂਗ ਕੇਵਲ ਹੇਰਵੇ ਜਾਂ ਪਰਧਰਾਤਲੀ ਮਨੋ-ਕਸ਼ਟਾਂ ਨਾਲ ਹੀ ਸੰਬੰਧਤ ਨਹੀਂ ਰਹਿੰਦੀਆਂ ਬਲਕਿ ਪਾਠਕ ਚੇਤਨਾ ਲਈ ਵਿਰਚਨੀ ਪ੍ਰਕਿਰਿਆ ਦਾ ਆਯੋਜਨ ਕਰ ਰਹੀਆਂ ਹਨ। ਇਹਨਾਂ ਵਿਚਲੀ ਲਕਸ਼ਣੀ, ਵਿਅੰਜਨੀ ਊਰਜਾ ਮਾਨਵੀ ਹੋਂਦ ਦੀ ਬਹੁਪਰਤੀ ਕਸ਼ਮਕਸ਼, ਉਸਦੀ ਇਤਿਹਾਸਕ ਗੌਰਵਤਾ, ਵਰਤਮਾਨੀ ਵਿਡੰਬਨਾ ਅਤੇ ਤਿੜਕਣ-ਸਥਿੱਤੀ ਦੇ ਬਹੁ ਦਿਸ਼ਾਵੀ ਕੋਣ ਨਿਰਮਤ ਕਰ ਰਹੀ ਹੈ:

*ਮਕਾਨ ਦਾ ਉਤਲਾ ਹਿੱਸਾ ਕਿਰਾਏਦਾਰ ਦਾ ਧੜ ਹੈ*
*ਕਿਰਾਏਦਾਰ ਧੜ-ਹੀਣ ਲੜ ਰਿਹਾ ਹੈ*
*ਉਸ ਦੀ ਤਲੀ 'ਤੇ ਟਿਕੇ ਸੀਸ ਅੰਦਰ ਮਕਾਨ ਮਾਲਕ ਆਪਣੇ ਬੱਚਿਆਂ ਸਮੇਤ*
*ਟੱਪ ਰਿਹਾ ਹੈ, ਕੁਝ ਬਕ ਰਿਹਾ ਹੈ।*

*ਹਰ ਰਾਤ, ਸੌਣ ਵੇਲੇ, ਬੇਸਮੈਂਟ, ਢਹਿ ਜਾਂਦੀ*
*ਇੱਟਾਂ ਨਾਲ ਭਰ ਜਾਂਦੀ, ਥੇਹ ਹੋ ਜਾਂਦੀ*
*ਇਸ ਵਿਚ ਰਹਿੰਦਾ ਬੰਦਾ, ਫਿਸ ਜਾਂਦਾ, ਹਰ ਰਾਤ।*

*ਠੰਡਾ ਭੋਰਾ, ਹੀਟ ਨਾਲ ਮਘਿਆ*
*ਅੰਦਰ ਬਰਫ ਦੀ ਸਿੱਲ੍ਹ, ਤੁਰੀ ਫਿਰਦੀ।*

*ਬੇਸਮੈਂਟ, ਪਾਣੀ ਨਾਲ ਭਰ ਗਈ, ਹੜ੍ਹ ਹੋ ਗਈ*
*ਬਰਤਨ, ਕਿਤਾਬਾਂ, ਤਸਵੀਰਾਂ, ਸਭ*
*ਰੋੜ੍ਹ ਕੇ ਲੈ ਜਾ ਰਹੀ, ਬੇਸਮੈਂਟ*
*ਬੇਸਮੈਂਟ ਸਿਰਸਾ ਨਦੀ ਹੋ ਗਈ।*

*ਮਾਰੂਥਲ ਹੋ ਗਈ ਹੈ, ਬੇਸਮੈਂਟ*
*ਸਭ ਰੇਤ ਹੋ ਗਿਆ ਹੈ, ਕਣ ਕਣ*
*ਹਰਮੋਨੀਅਮ, ਗਿਟਾਰ, ਕਲਮ, ਕਾਗਦ*
*ਖੰਭ, ਉਡਾਣ, ਸਭ।*

*ਭਾਨੋ ਚੀਰੀ ਦੀ ਭੱਠੀ ਬਣ ਗਈ ਹੈ ਬੇਸਮੈਂਟ*
*ਤੇ ਖਿੱਲਾਂ ਵਾਂਗ ਉੜ ਰਹੇ ਬੰਦੇ।*

*ਉੱਥੇ, ਚਮਗਿੱਦੜ, ਚਾਮਚੜਿਕਾਂ, ਕਬੂਤਰ, ਗੰਡੋਏ*
*ਕੀੜੀਆਂ ਦੇ ਭੌਣ, ਖਾ ਰਹੇ ਮਕਾਨ*
*ਏਥੇ, ਬੇਸਮੈਂਟ ਖਾ ਰਹੀ, ਬੰਦਾ।*

*ਛੱਜੂ ਨੇ, ਆਪਣੇ ਚੁਬਾਰੇ 'ਚੋਂ ਛਾਲ ਮਾਰੀ*
*ਤੇ ਸਿੱਧਾ ਬੇਸਮੈਂਟ 'ਚ ਡਿੱਗਾ।*

ਦੀਦ ਇਹਨਾਂ ਕਵਿਤਾਵਾਂ ਵਿ  ਆਪਣੀ ਸੰਵੇਦਨਾਤਮਕ ਅਨੁਭੂਤੀ ਦੀ ਸਥਿੱਤੀਗਤ ਪੇਸ਼ਕਾਰੀ ਵੇਲ਼ੇ ਜਿਸ ਇਤਿਹਾਸਕ, ਮਿਥਿਹਾਸਕ ਚਿਹਨਾਵਲੀ ਨੂੰ ਸਮਾਨਾਂਤਰ ਰੱਖ ਕੇ ਕਟਾਖ਼ਸ਼ੀ ਬਿਰਤਾਂਤ ਸਿਰਜਦਾ ਹੈ, ਉਹ ਪਾਠਕ ਚੇਤਨਾ ਨੂੰ ਅਚੰਭਤ ਕਰਦੇ ਹੋਏ ਸਹਿਜਭਾਵੀ ਬਹੁਪਰਤੀ ਜਾਗ੍ਰਤੀ-ਪਾਠ ਵਜੋਂ ਵੀ ਉਪਸਥਿਤ ਹੋ ਜਾਂਦੇ ਹਨ। ਇਹ ਇਸ ਕਾਵਿ ਦੀ ਭਾਸ਼ਾਗਤ ਤੇ ਸ਼ੈਲੀਗਤ ਵਿਲੱਖਣਤਾ ਹੈ। ਕੁਝ ਹੋਰ ਸਤਰਾਂ ਦੇ ਸਨਮੁਖ ਹੋ ਕੇ ਕਵੀ ਦੀ ਇਸ ਰਚਨਾਤਮਕ ਵਿਲੱਖਣਤਾ ਤੋਂ ਜਾਣੂ ਹੋ ਸਕਦੇ ਹਾਂ-

*ਬੇਸਮੈਂਟ ਚ ਬਾਬਾ ਵਿਸਾਖਾ ਸਿੰਘ ਰੋਟੀ ਪਕਾ ਰਿਹਾ*
*ਭਕਨਾ ਭਾਂਡੇ ਮਾਂਜਦਾ, ਸਰਾਭਾ ਗੇੜੇ ਪ੍ਰਿੰਟਿੰਗ ਪ੍ਰੈਸ...*
*ਇਨਕਲਾਬ ਕਦੀ ਜ਼ਿੰਦਾਬਾਦ ਹੁੰਦਾ ਸੀ*

*ਬਾਰ ਪਰਾਏ ਬੈਸਨਾ ਆਦਿ ਆਦਿ ਸਭ ਕਹਾਵਤਾਂ*
*ਬੇਸਮੈਂਟ 'ਚ ਇਕੱਠੀਆਂ ਹੋ ਮੇਰੇ ਵਾਲ ਖਾ ਰਹੀਆਂ*

*ਮੈਨੂੰ ਬੇਸਮੈਂਟ 'ਚ ਕਵਿਤਾਵਾਂ ਲਿਖਣ ਲਈ ਡਾਲਰ ਦੇ ਦਿੱਤੇ ਗਏ ਨੇ*
*ਇਕ ਇਕ ਕਵਿਤਾ ਕਈ ਕਈ ਡਾਲਰ*
*ਸਵਾ ਸਵਾ ਲੱਖ ਨਾਲ ਏਕ ਲੜਨ ਵਾਲਾ ਬੰਦਾ*
*ਡਾਲਰ ਡਾਲਰ ਨਾਲ ਲੜ ਰਿਹਾ*

*ਬੇਦਾਵਾ ਲਿਖਣ ਲਈ ਗੁਰੂ ਸਾਹਿਬ ਕਿਹੜੇ ਮੁਲਕ ਮਿਲਣਗੇ*
*ਭਾਈ ਸਾਹਿਬ ਬੇਸਮੈਂਟ 'ਚ ਮੁੜ ਮੁੜ ਬੋਲ ਕੇ ਦੇਖ ਰਹੇ*

ਪ੍ਰਵਾਸੀ ਹੋਂਦ ਦੀ ਇਹ ਸਥਿਤੀ ਪੇਸ਼ ਕਰਨ ਲਈ ਸਮਾਨਾਂਤਰ ਤੋਰੀ ਗਈ ਭਾਰਤੀ ਪੰਜਾਬੀ ਇਤਿਹਾਸ ਪਰੰਪਰਾ ਗੌਰਵਤਾ ਅਤੇ ਮਾਨਵੀ ਰਹਿਤਲ ਇਹਨਾਂ ਕਵਿਤਾਵਾਂ ਵਿਚ ਆਪਣੇ ਦੋ ਸਵਰੂਪ ਲੈ ਕੇ ਹਾਜ਼ਰ ਹੁੰਦੀ ਹੈ। ਇਕ ਸਵਰੂਪ ਪੰਜਾਬੀ ਬੰਦੇ ਦੀ ਵਿਸ਼ੇਸ਼ਤਾ, ਵਿਲੱਖਣਤਾ ਅਤੇ ਗੌਰਵਤਾ ਦਾ ਹੈ ਜਿਸ ਨੂੰ ਪਾਠਕ ਸੁਤੇਸਿੱਧ ਹੀ ਆਪਣੇ ਅੰਦਰ ਸੁਣੀ ਸੁਣਾਈ ਜਾਂ ਪੜ੍ਹੀ ਹੋਈ ਜਾਣਕਾਰੀ ਰਾਹੀਂ ਸਿਰਜਦਾ ਚਲਾ ਆਇਆ ਹੈ। ਦੂਜਾ ਸਵਰੂਪ ਕਟਾਖ਼ਸ਼ੀ ਪ੍ਰਕਿਰਿਆ ਦਾ ਹੈ ਜਿਹੜਾ ਇਹਨਾਂ ਬਿਰਤਾਂਤਾਂ ਵਿਚ ਪ੍ਰਵਾਹਤ ਮੁਖ਼ਤਲਿਫ਼ ਚਿਹਨ-ਸਵਰੂਪਾਂ ਦੁਆਰਾ ਸੰਚਾਰਿਆ ਜਾ ਰਿਹਾ ਹੈ। ਗਹਿਨ ਵਿਚਰਨ ਅਨੁਭਵ, ਸਮੱਗਰ ਦ੍ਰਿਸ਼ਟੀ ਬੋਧ ਅਤੇ ਅਭਿਵਿਅਕਤੀ-ਅੰਦਾਜ਼ ਇਸ ਸਾਰੇ ਕਾਸੇ ਨੂੰ ਇਕ ਧਰਾਤਲ ਉੱਪਰ ਪੇਸ਼ ਕਰਦਾ ਹੋਇਆ ਬੇਜੋੜ ਹਸਤਾਖਰ ਕਰ ਰਿਹਾ ਹੈ। ਕਵੀ-ਬੋਧ ਸਮੁੱਚੀ ਸਥਿਤੀ ਨੂੰ ਅਜਨਬੀਕ੍ਰਿਤ ਕਰੀ ਰੱਖਦਾ ਹੈ। ਇਹਨਾਂ ਕਵਿਤਾਵਾਂ ਦੀ ਸਿਰਜਣ ਪ੍ਰਕਿਰਿਆ ਬਾਰੇ ਲਿਖਿਆ ਕਵੀ ਦਾ ਇਹ ਕਥਨ ਵੀ ਵਿਚਾਰਨਯੋਗ ਹੈ, "ਬੇਸਮੈਂਟ ਕਵਿਤਾਵਾਂ ਲਿਖਣ ਸਮੇਂ ਦੌਰਾਨ ਮੈਨੂੰ ਅਜੀਬ ਸੁਪਨੇ ਆਉਂਦੇ ਰਹੇ ਬਲੈਕ ਐਂਡ ਵਾਈਟ। ਮੈਨੂੰ ਆਪਣੇ ਪਿਛੋਕੜ ਇਤਿਹਾਸ ਮਿਥਿਹਾਸ ਅਤੇ ਪੁਰਖਿਆਂ ਦੇ ਗਿੜਦੇ ਲੋਹ ਚੱਕਰ ਦਿਸਦੇ ਰਹੇ ਧਰਤੀ ਹੇਠੋਂ ਸਾਂ ਸਾਂ ਦੀਆਂ ਡਰਾਉਣੀਆਂ ਆਵਾਜ਼ਾਂ ਆਉਂਦੀਆਂ ਰਹੀਆਂ ਅਤੇ ਕਦੀ ਅਚਾਨਕ ਹਨੇਰੇ ਅੰਦਰ ਖਿੜੇ ਫਿਲਪ ਦੇ ਬਲਬ ਜਗਣ ਲੱਗ ਪੈਂਦੇ, ਨਗਾੜੇ ਵੱਜਣ ਲੱਗ ਪੈਂਦੇ. ਚੁੱਪ ਹੋਰ ਕੱਸੀ ਜਾਂਦੀ ਅੱਖਰਾਂ ਦੀ ਪਰਾਤ ਭਰ ਜਾਂਦੀ।" ਇਸ ਹਲਫੀਆ ਬਿਆਨੀ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਕਵੀ ਇਹਨਾਂ ਕਵਿਤਾਵਾਂ ਨੂੰ ਲਿਖਣ ਵੇਲੇ ਪੂਰੀ ਸਥਿਤੀ ਸੰਗ ਅੰਦਰੋਂ ਬਾਹਰੋਂ ਕਿੰਨਾ ਇਕ ਮਿਕ ਰਿਹਾ ਹੋਵੇਗਾ। ਉਸਨੇ ਸਾਰੀ ਸਥਿਤੀ ਨੂੰ ਆਪਣੇ ਤਨ ਮਨ ਆਤਮਾ ਚੇਤਨਾ ਰਾਹੀਂ ਕਿੰਨਾ ਗਹਿਰਾ ਮਹਿਸੂਸਿਆ ਹੋਵੇਗਾ।

ਸਮੁੱਚੇ ਤੌਰ 'ਤੇ ਇਸ ਕਾਵਿ ਸੰਗ੍ਰਹਿ ਵਿਚਲੀਆਂ ਸਾਰੀਆਂ ਕਵਿਤਾਵਾਂ ਪਰ-ਧਰਾਤਲੀ ਹੋਂਦ

ਉਪਰ ਬਹੁਮੁਖੀ ਕਟਾਖਸ਼ ਕਰਦੀਆਂ ਹੋਈਆਂ ਅਜਿਹਾ ਜਾਗ੍ਰਤੀ ਪਾਠ ਸਿਰਜ ਰਹੀਆਂ ਹਨ ਜਿਸ ਦੀ ਆਪਣੀ ਲਕਸ਼ਣੀ ਤੇ ਵਿਅੰਜਨੀ, ਵਿਰਚਨੀ ਹੋਂਦ ਹੈ। ਇਹੀ ਇਹਨਾਂ ਕਵਿਤਾਵਾਂ ਦੀ ਕਾਵਿਕ, ਚਿੰਤਨੀ ਤੇ ਰਚਨਾਤਮਕ ਮੁੱਲਵਾਨਤਾ ਹੈ। **–ਡਾ.ਦੇਵਿੰਦਰ ਸੈਫ਼ੀ**

## ਮਨ ਹੋਆ ਵਣਜਾਰਾ (ਕਾਵਿ ਸੰਗ੍ਰਹਿ) ਡਾ. ਰਵਿੰਦਰ

ਅੱਜੋਕੀ ਪੰਜਾਬੀ ਕਵਿਤਾ 'ਮੈਂ' ਦਾ ਉਚਾਰ ਅਥਵਾ ਕਵੀ ਦੀ 'ਮੈਂ' ਦਾ ਵਿਸਥਾਰ ਹੈ। 'ਮੈਂ' ਦੇ ਸਿਰਜਣ ਵਿਚ ਹੀ 'ਤੂੰ' ਦਾ ਸਿਰਜਣ ਦਰਕਾਰ ਹੈ। ਅੱਜ ਦੇ ਕਵੀਆਂ ਦਾ ਇਹ ਮਨਭਾਉਂਦਾ ਕਾਵਿਕ ਹਥਿਆਰ ਹੈ। ਡਾ. ਰਵਿੰਦਰ ਨੇ ਏਸੇ ਹਥਿਆਰ ਆਸਰੇ ਆਪਣੀ ਨਵੀਂ ਕਾਵਿ-ਪੁਸਤਕ 'ਮਨ ਹੋਆ ਵਣਜਾਰਾ' (ਪੰਨੇ 104, ਮੁੱਲ 250 ਰੁਪਏ, ਚੇਤਨਾ ਪ੍ਰਕਾਸ਼ਨ, ਲੁਧਿਆਣਾ ) ਦਾ ਸਿਰਜਣ ਕੀਤਾ ਹੈ। ਇਸ ਵਿਚ ਪ੍ਰਤੀਕ ਤੇ ਵਿਅੰਗ ਦੀ ਭਰਪੂਰ ਵਰਤੋਂ ਰਾਹੀਂ ਲੋਕਾਈ ਦੀ ਪੀੜ ਨੂੰ ਸਾਕਾਰ ਕਰਕੇ ਮਨੁੱਖੀ ਮੁਹੱਬਤ ਦੀ ਥਾਹ ਪਾਉਣ ਦਾ ਸੰਦੇਸ਼ ਦਿੱਤਾ ਗਿਆ ਹੈ।ਕਵਿਤਾ ਦੀ ਵਿਧਾ ਨੂੰ ਸੰਬੋਧਤ ਹੋ ਕੇ ਕਵੀ ਨੇ ਲਿਖਿਆ ਹੈ :

*ਤੂੰ ਜਾਵੀਂ ਉੱਥੇ / ਜਿੱਥੇ ਅਣਭੋਲ ਬਚਪਨ / ਬੇਬੋਲ ਬੁੱਲ੍ਹਾਂ ਨਾਲ਼ / ਤੈਨੂੰ ਉਡੀਕਦਾ*
*ਜਿੱਥੇ ਬੇਬਸੀ / ਕੁਝ ਕਹਿਣ ਲਈ / ਅੱਖਾਂ 'ਚ ਤਰਲੇ ਲਈ ਬੈਠੀ*
*ਜਿੱਥੇ ਸ਼ਬਦਾਂ ਨੂੰ / ਅਰਥ ਨਹੀਂ ਮਿਲਦੇ*
*ਜਿੱਥੇ ਕੁਦਰਤ ਤੋਂ ਸਿਵਾਅ / ਕੋਈ ਸਾਜ਼ਿੰਦਾ ਨਹੀਂ*

'ਮੇਰੇ ਗੀਤਾ' ਨਾਂ ਦੀ ਕਵਿਤਾ ਦੀਆਂ ਉਪਰੋਕਤ ਸਤਰਾਂ ਵਾਂਗ ਹੀ 'ਕਵਿਤਾ ਜੇ ਤੂੰ', 'ਧੀ ਕਵਿਤਾ', 'ਕਵਿਤਾ ਤੇ ਨੀਂਦ', 'ਸ਼ਿਲਪ ਦੀ ਕਰਾਮਾਤ', 'ਵਹੀ ਖਾਤਾ' ਨਾਮਕ ਕਵਿਤਾਵਾਂ ਦੀ ਵਸਤੂ ਧੁਨੀ ਵੀ ਡਾ. ਰਵਿੰਦਰ ਦੇ ਇਸ ਕਾਵਿ-ਸਿਧਾਂਤ ਨੂੰ ਸਾਹਵੇਂ ਲਿਆਉਂਦੀ ਹੈ ਕਿ ਕਵਿਤਾ ਕਵੀ ਦੀ ਰੂਹ ਦਾ ਪ੍ਰਕਾਸ਼, ਉਸਦੇ ਦਿਲ ਦਾ ਰਾਗ ਤੇ ਕੁਦਰਤ ਦਾ ਸਾਜ਼ ਹੋਵੇ। ਕਵਿਤਾ ਵਿਚ ਮਾਨਵੀ ਅਹਿਸਾਸ ਦੀ ਧੜਕਣ ਹੋਵੇ ਤੇ ਉਹ ਆਮ ਲੋਕਾਂ ਨੂੰ ਦੁਲਾਰੇ ਤੇ ਉਹਨਾਂ ਦੇ ਦੁਸ਼ਟਾਂ ਨੂੰ ਵੰਗਾਰੇ। ਕਵਿਤਾ ਚਿਹਰਾ ਬਣੇ ਮਨੁੱਖੀ ਦਰਦ ਦੇ ਇਤਿਹਾਸ ਦਾ। ਕਵਿਤਾ ਉੱਤਰ ਦੇਵੇ ਜ਼ਹਿਰੀਲੇ ਰਾਜਸੀ ਭਾਸ਼ਣਾਂ ਦਾ। ਕਵਿਤਾ ਸੂਝ ਦੇਵੇ ਸਭਿਆਚਾਰਕ ਰਹਿਤਲ ਦੀ। ਕਵਿਤਾ ਉਸ ਬੰਦੇ ਨੂੰ ਚਿਤਰੇ ਜਿਸ ਕੋਲ਼ ਜੀਣ ਜੋਗਾ ਕੁਝ ਨਹੀਂ ਹੁੰਦਾ। ਕਵਿਤਾ ਜੀਵਨ ਜੀਣ ਦੀ ਜਾਚ ਸਿਖਾਏ, ਸ਼ਖਸੀਅਤ ਉਸਾਰੇ। ਕਵਿਤਾ ਸਿਰਨਾਵਾਂ ਬਣੇ ਮਨੁੱਖ ਦੀ ਨਿਰਸਵਾਰਥ ਭਾਵਨਾ ਦਾ। ਕਵਿਤਾ ਥਾਂ-ਪੁਰ-ਥਾਂ ਵਿਕੇ ਨਾ। ਇਸ ਪੁਸਤਕ ਨੂੰ ਸਿਰਜਣ ਵਕਤ ਡਾ. ਰਵਿੰਦਰ ਨੇ ਕਰੜਾਈ ਨਾਲ ਆਪਣੇ ਇਸ ਕਾਵਿ-ਸਿਧਾਂਤ ਉੱਤੇ ਪਹਿਰਾ ਦਿੱਤਾ ਹੈ।

ਡਾ.ਰਵਿੰਦਰ ਨੇ 'ਬੱਚੇ ਕਿਓਂ ਮਰ ਜਾਂਦੇ ਨੇ', 'ਬੱਚੇ ਨੂੰ ਬਚਾਅ ਲੈ', 'ਬੱਚਿਆਂ ਨੂੰ ਬੱਚੇ ਰਹਿਣ ਦਿਓ', 'ਰੋਂਦਾ ਬੱਚਾ' ਅਤੇ 'ਬਾਕੀ ਕੀ ਬਚਿਆ' ਕਵਿਤਾਵਾਂ ਨੂੰ ਬੱਚੇ ਦੇ ਪ੍ਰਤੀਕ ਰਾਹੀਂ ਉਸਾਰ ਕੇ ਪ੍ਰਸ਼ਨਾਂ ਦੇ ਰੂਪ ਵਿਚ ਹੇਠ ਲਿਖੀਆਂ ਕਾਵਿ-ਸਤਰਾਂ ਨੂੰ ਲੋਕਾਈ ਸਾਹਵੇਂ ਲਿਆਂਦਾ ਹੈ :

*ਕਿਓਂ ਅਸੀਂ / ਰੱਬ ਸਰੂਪਾਂ ਨੂੰ / ਰੱਬ ਦੀ ਗੋਦੀ 'ਚੋਂ ਕੱਢ ਕੇ*
*ਆਪਣੇ ਮਨਮਰਜ਼ੀ ਦੇ / ਪੈਗੰਬਰਾਂ ਲੜ ਲਾਉਂਦੇ*

*ਬੱਚੇ ਕਿਓਂ ਮਰ ਜਾਂਦੇ ਨੇ*
*ਜਦੋਂ ਕੋਈ ਦੁਸ਼ਮਣ ਦੇਸ਼ / ਸਭ ਅਸੂਲ ਭੁੱਲ ਕੇ*
*ਸਿਰਫ ਆਪਣੀ ਤਾਕਤ ਦੱਸਣ ਲਈ / ਸਿਰਫ ਅੱਗ ਬਲਦੀ ਰੱਖਣ ਲਈ*
*ਬਸਤੀਆਂ, ਘਰਾਂ ਹਸਪਤਾਲਾਂ 'ਤੇ / ਬੰਬ ਸੁੱਟਦਾ*

*ਕਿਓਂ ਰੋ ਰਿਹਾ ਮੇਰੇ ਬੱਚਾ / ਮਾਂ ਪੁੱਛਦੀ...*

*ਕੀ ਪਤਾ / ਉਹ ਆਪਣੇ ਧੁਰੇ ਤੋਂ ਵਿਛੜ ਕੇ*
*ਬੇਮਤਲਬ ਘੁੰਮੀ ਜਾਣ ਤੋਂ / ਉਕਤਾ ਕੇ ਖਿੱਝਿਆ ਹੋਵੇ*

ਇਹਨਾਂ ਤਿੰਨਾਂ ਪ੍ਰਸ਼ਨਾਂ ਦਾ ਉੱਤਰ ਸੁਝਾਅ ਦੇ ਰੂਪ 'ਚ ਹੇਠ ਲਿਖੀਆਂ ਕਾਵਿ-ਸਤਰਾਂ 'ਚ ਸਮੋਇਆ ਹੈ :

*ਪਰ ਇਹ ਬੱਚਾ / ਹੌਲ਼ੀ- ਹੌਲ਼ੀ / ਸਿਆਣਾ ਨਹੀਂ*
*ਬੇਰਹਿਮ, ਬੇਕਿਰਕ ਹੋ ਰਿਹਾ*
*ਬਚਾਅ ਲੈ ਤੂੰ / ਇਸ ਬੱਚੇ ਨੂੰ / ਬਚਾਅ ਲੈ*

ਉਪਰੋਕਤ ਕਾਵਿ-ਸਤਰਾਂ ਰਾਹੀਂ ਡਾ. ਰਵਿੰਦਰ ਦੀ ਕਾਵਿ-ਦ੍ਰਿਸ਼ਟੀ ਦੀਆਂ ਪਰਿਵਾਰਕ, ਸਮਾਜਕ, ਸਭਿਆਚਾਰਕ, ਆਰਥਿਕ, ਰਾਜਸੀ ਤੇ ਅੰਤਰਰਾਸ਼ਟਰੀ ਸਮਝਾਂ ਅਥਵਾ ਪਰਤਾਂ ਨੂੰ ਪਛਾਣਿਆ ਜਾ ਸਕਦਾ ਹੈ। ਇਹਨਾਂ ਸਾਰੀਆਂ ਪਰਤਾਂ ਨੂੰ ਮਾਨਵਵਾਦੀ ਵਿਚਾਰਧਾਰਾ ਨਾਲ ਜੋੜ ਕੇ ਡਾ. ਰਵਿੰਦਰ ਨੇ ਇਹ ਸੁਝਾਅ ਦਿੱਤਾ ਹੈ ਕਿ ਬੰਦੇ ਨੂੰ ਆਪਣੇ ਧੁਰ ਅੰਦਰਲੇ ਮਾਸੂਮ ਆਪੇ ਨਾਲ ਜੁੜ ਕੇ ਸਮਾਜ ਵਿਚ ਵਿਚਰਨਾ ਚਾਹੀਦਾ ਹੈ ।ਕੁਦਰਤੀ ਸੁਭਾਅ ਮੁਜਬ ਸਮਾਜ ਵਿਚ ਵਿਚਰਦਿਆਂ ਅਜਿਹਾ ਵਿਅਕਤੀ ਬਿਨਾਂ ਕਿਸੇ ਯੁੱਧ ਤੋਂ ਆਪਣੀ ਮੁਸਕਾਨ ਤੇ ਅਮਲਾਂ ਨਾਲ ਦੂਜਿਆਂ ਦੇ ਦਿਲਾਂ ਉੱਤੇ ਰਾਜ ਕਰਨ ਦੇ ਯੋਗ ਹੋ ਸਕੇਗਾ। ਉਸਨੂੰ ਆਪਣੇ ਆਪ ਤੋਂ ਡਰ ਨਹੀਂ ਲੱਗੇਗਾ।ਉਸਨੂੰ 'ਭਰਿਆ ਸੰਦੂਕ' ਨਾਂ ਦੀ ਕਵਿਤਾ ਵਿਚਲੇ ਕਾਵਿ-ਪਾਤਰ ਵਾਂਗ ਇਹ ਨਹੀਂ ਕਹਿਣਾ ਪਏਗਾ:

*ਮੈਂ ਆਪਣਾ ਇਹ ਯਾਦ ਸੰਦੂਕ / ਖਾਲੀ ਕਰਨ ਲਈ / ਕਿਹਨੂੰ ਆਖਾਂ*
*ਕੋਈ ਕੂੜਾ ਦਾਨ ਨਾ ਦਿਸੇ / ਜੋ ਮੇਰਾ ਸਰਮਾਇਆ ਸਾਂਭੇ*
*ਭਰੇ ਹੋਏ ਕੂੜਾਦਾਨਾਂ ਵਿਚ / ਮੇਰਾ ਕੂੜਾ ਕਿਵੇਂ ਸਮਾਵੇ /*
*ਕਿਵੇਂ ਪਟਾਰੀ ਖਾਲ਼ੀ ਹੋਵੇ / ਯਾਦਾਂ ਦੀ*

ਉਸਨੂੰ 'ਕੰਧ ਵਿਚਲੀ ਇੱਟ' ਕਵਿਤਾ ਵਿਚ ਲਿਖੇ ਇਹਨਾਂ ਝੋਰਾਰੂਪੀ ਬੋਲਾਂ ਨੂੰ ਪ੍ਰਗਟ ਕਰਨ ਦੀ ਕਦੇ ਲੋੜ ਨਹੀਂ ਪਏਗੀ :

*ਰਿਸ਼ਤੇ 'ਚ / ਕਦੀ ਕਿਸੇ ਵੇਲੇ*
*ਥੋੜ੍ਹੀ ਜਿੰਨੀ / ਮੁੜ ਜੁੜਨ ਦੀ / ਗੁੰਜ਼ਾਇਸ਼ ਰੱਖ ਲੈਂਦੇ*

ਉਸਨੂੰ 'ਸ਼ਾਇਦ ਲੋੜ ਨਾ ਰਹਵੇ' ਕਵਿਤਾ ਵਿਚ ਚਿਤਰੀ ਭਗਤ ਸਿੰਘ ਨੂੰ ਮੁੜ ਬੁਲਾਉਣ ਦੀ ਕਾਮਨਾ ਦੀ। ਉਸਨੂੰ 'ਬਨਾਉਟੀ ਬੁੱਧੀ' ਵਿਚਲੇ ਚਿਤਰੇ ਆਉਣ ਵਾਲੇ ਸਮੇਂ ਦੀ ਇਹ ਚਿੰਤਾ ਨਹੀਂ ਸਤਾਏਗੀ

*ਜੇ ਉਹਦੀ ਆਪਣੀ ਅਕਲ / ਮਸਨੂਈ ਬੁੱਧੀ ਅੱਗੇ / ਹਥਿਆਰ ਹੀ ਸੁੱਟ ਗਈ*
*ਫੇਰ ਬੰਦੇ ਦਾ / ਬਾਕੀ ਕੀ ਰਹਿ ਜਾਏਗਾ*

ਉਹ 'ਗੂੰਗੇ ਦੀ ਮਾਂ' ਕਵਿਤਾ ਵਿਚਲੇ ਕਾਵਿ-ਪਾਤਰ ਵਾਂਗ ਆਪਣੀ ਮਾਂ-ਬੋਲੀ ਪੰਜਾਬੀ ਦੀ ਅਣਦੇਖੀ, ਤ੍ਰਿਸਕਾਰ ਤੇ ਬੇਇੱਜ਼ਤੀ ਨਹੀਂ ਕਰੇਗਾ ਤੇ ਕਰਵਾਏਗਾ।ਉਸਨੂੰ 'ਬਰੂਟਸ ਤੂੰ ਵੀ...' ਕਵਿਤਾ ਵਿਚ ਪ੍ਰਗਟਾਏ ਰਿਸ਼ਤਿਆਂ 'ਚ ਬੇਯਕੀਨੀ ਦੇ ਵਿਚਾਰ ਮਧੋਲ ਨਹੀਂ ਸਕਣਗੇ।'ਦੇਸ ਪਰਾਇਆ' ਕਵਿਤਾ ਵਿਚ ਪੇਸ਼ ਹੋਈਆਂ ਹੱਦਾਂ-ਸਰਹੱਦਾਂ ਦੀਆਂ ਰੁਕਾਵਟਾਂ ਉਸਦੀ ਸੋਚ ਨੂੰ ਤੋੜ-ਮਰੋੜ ਨਹੀਂ ਸਕਣਗੀਆਂ।'ਢੀਠ' ਕਵਿਤਾ ਵੀ ਏਹੋ ਦੱਸ ਪਾਉਂਦੀ ਹੈ ਕਿ ਬੰਦਾ ਸਾਰੀ ਉਮਰ ਪਛਤਾਵਿਆਂ ਦੀ ਢੀਠਤਾ ਦਾ ਸ਼ਿਕਾਰ ਬਣਿਆ ਰਹਿੰਦਾ ਹੈ। ਉਹ ਜੀਵਨ ਵਿਚ ਮੁੜ-ਮੁੜ ਓਹੋ ਕੁਝ ਕਰਦਾ ਹੈ ਜੋ ਉਸਨੂੰ ਕਰਨਾ ਨਹੀਂ ਚਾਹੀਦਾ। ਕਦੇ ਨਾ ਪੂਰੇ ਹੋਣ ਵਾਲੇ ਸੁਪਨੇ ਲੈਣਾ ਵੀ ਮਨੁੱਖ ਦੀ ਫਿਤਰਤ ਹੈ। ਸੁਪਨੇ ਤੇ ਸੱਚ ਦੇ ਦਵੰਦ ਦਾ ਰਿਸ਼ਤਾ ਸਾਕਾਰ ਕਰਦੀਆਂ 'ਸੁਪਨਿਆਂ ਦੇ ਫੈਸਲੇ' ਨਾਂ ਦੀ ਕਵਿਤਾ ਦੀਆਂ ਸਤਰਾਂ ਹਾਜ਼ਰ ਹਨ:

*ਸੁਪਨਿਆਂ ਨੂੰ ਪਤਾ ਹੁੰਦਾ ਹੈ / ਸੱਚ ਤੋਂ ਕਿੰਨਾ ਦੂਰ ਰਹਿਣਾ ਏ*
*ਕਿੰਨੇ ਤਰ੍ਹਾਂ / ਕਿੰਨੇ ਸੰਸਿਆਂ ਦਾ ਜਾਲ ਬੁਣ ਕੇ*

*ਸਾਡੇ ਅੱਗੇ ਅੱਗੇ ਦੌੜੀ ਜਾਣਾ ਏ/ ਸਾਡੇ ਹੱਥ ਨਹੀਂ ਆਉਣਾ*

ਸੁਪਨਿਆਂ ਦੇ ਅਜਿਹੇ ਆਲਮ ਨੇ ਵਿਅਕਤੀ ਅੰਦਰ ਬੇਵਸੀ ਪੈਦਾ ਕਰਕੇ ਮਨੁੱਖੀ ਰਿਸ਼ਤਿਆਂ ਨੂੰ ਢਾਹ ਲਾਈ ਹੈ।'ਰਿਸ਼ਤੇ ਤੇ ਕੱਪੜੇ', 'ਰਿਸ਼ਤਿਆਂ ਦੀ ਬਿਸਾਤ'ਤੇ' ਸਿਰਲੇਖ ਵਾਲੀਆਂ ਕਵਿਤਾਵਾਂ ਨੂੰ ਇਸ ਪ੍ਰਸੰਗ 'ਚ ਪੜ੍ਹਿਆ ਤੇ ਸਮਝਿਆ ਜਾ ਸਕਦਾ ਹੈ। ਉਲਝਦੀ ਜਾਂਦੀ ਪਰਿਵਾਰਕ ਤੇ ਸਮਾਜਕ ਰਿਸ਼ਤਿਆਂ ਦੀ ਤਾਣੀ ਨੂੰ ਸਮਝਣ ਤੇ ਸੁਲਝਾਉਣ ਲਈ ਮਾਂ ਤੇ ਪਿਓ ਦੇ ਪ੍ਰਸੰਗ 'ਚ ਲਿਖੀਆਂ ਕ੍ਰਮਵਾਰ' 'ਜ਼ੱਰਾ ਬਖਤਰ', 'ਮਦਰਜ਼ ਡੇ', 'ਬਾਕੀ ਕੀ ਬਚਿਆ' ਅਤੇ 'ਚੌਖਟੇ 'ਚ ਪਿਤਾ' ਨਾਂ ਦੀਆਂ ਕਵਿਤਾਵਾਂ ਦਾ ਪਾਠ ਕੀਤਾ ਜਾ ਸਕਦਾ ਹੈ। ਕਿਰਤੀ ਪਿਤਾ ਦੀ ਤੁਲਨਾ ਵਣਜਾਰੇ ਨਾਲ ਕਰਦਿਆਂ ਉਸਦੀ ਜੀਵਨ-ਦਸ਼ਾ ਦਾ ਖੂਬਸੂਰਤ ਬਿਆਨ 'ਮਨ ਹੋਆ ਵਣਜਾਰਾ' ਨਾਂ ਦੀ ਕਵਿਤਾ ਵਿਚ ਕੀਤਾ ਗਿਆ ਹੈ।ਇਕ ਕਿਰਤੀ ਦੇ ਰੋਟੀ ਕਮਾਉਣ ਦੇ ਕ੍ਰਿਆ-ਚੱਕਰ ਨੂੰ ਸਮਰਪਤ ਇਸ ਕਵਿਤਾ ਦੇ ਨਾਂ ਉੱਤੇ ਹੱਥਲੀ ਪੁਸਤਕ ਦਾ ਨਾਮਕਰਨ ਕੀਤਾ ਗਿਆ ਹੈ।

ਡਾ. ਰਵਿੰਦਰ ਵਿਸ਼ਵੀਕਰਨ ਦੇ ਸ਼ੋਰੀਲੇ ਦੌਰ ਵਿਚਲੇ ਨੀਰਸ ਬੇਰੰਗੇ ਜੀਵਨ ਤਕ ਪਹੁੰਚਣ ਲਈ ਕੌਣ, ਕਿਹਨੂੰ ਤੇ ਕੀ ਕਹਿ ਰਿਹਾ ਦੀ ਦਵੰਦਾਤਮਕਤਾ ਨੂੰ ਕਾਵਿਕ ਜੁਗਤ ਦੇ ਤੌਰ ਉੱਤੇ ਇਸਤੇਮਾਲ ਕਰਦਾ ਹੈ। ਜਿਵੇਂ 'ਆਖਰੀ ਵਾਰ' ਕਵਿਤਾ ਵਿਚ ਮਨੁੱਖੀ ਦਿਲਾਂ ਅੰਦਰ ਅਪਣੱਤ ਦੀ ਭਾਵਨਾ ਨੂੰ ਜਿਊਂਦਿਆਂ ਰੱਖਣ ਲਈ ਇਕ ਬੰਦੇ ਨੂੰ ਦੂਸਰੇ ਨਾਲ ਮਿਲਣ ਦੀ ਰੀਤ ਉੱਤੇ ਬਲ ਦਿੱਤਾ ਗਿਆ ਹੈ। 'ਕੀ ਰੱਖਿਆ ਸੀ' ਕਵਿਤਾ ਵਿਚ ਜੀਵਨ ਨੂੰ ਸੁਚਾਰੂ ਢੰਗ ਨਾਲ ਜਿਊਣ ਲਈ ਬੰਦੇ ਨੂੰ ਆਪਣੇ ਮੂਲ (ਮਨ) ਨਾਲ ਜੁੜਨ ਦੀ ਪ੍ਰੇਰਨਾ ਦਿੱਤੀ ਗਈ ਹੈ।'ਖਤਮ ਕੁਝ ਨਹੀਂ' ਕਵਿਤਾ ਵਿਚ ਦੱਸਿਆ ਗਿਆ ਹੈ ਕਿ 'ਕੁਝ ਨਹੀਂ' ਕਹਿਣ ਵਾਲੇ ਵਿਅਕਤੀ ਕੋਲੋਂ ਜਦ 'ਕੁਝ ਨਹੀਂ' ਕਹਿਣ ਦਾ ਸਵਰ ਮੁੱਕ ਜਾਵੇ ਤਾਂ ਸਮਝੋ ਕਿ ਸਮਾਜ ਵਿਚ ਸਭ ਕੁਝ ਠੀਕ ਨਹੀਂ ਵਾਪਰ ਰਿਹਾ ਹੁੰਦਾ।'ਅਣਹੂੰਝੀ ਧੁੱਪ ਛਾਂ' ਇਸ ਥੀਮ ਦੁਆਲੇ ਘੁੰਮਦੀ ਹੈ ਕਿ ਇਕੋ ਝਟਕੇ ਨਾਲ ਤੋੜਿਆਂ ਕੋਈ ਵੀ ਮਨੁੱਖੀ ਰਿਸ਼ਤਾ ਟੁੱਟ ਨਹੀਂ ਸਕਦਾ, ਉਹ ਤਾਂ ਮਨ ਦੀ ਕਿਸੇ ਨੁੱਕਰੇ ਲੱਗ ਕੇ ਸਾਹ ਲੈਂਦਾ ਹੀ ਰਹਿੰਦਾ ਹੈ। ਕਵਿਤਾ 'ਚਲਾਕ ਚੋਰ' ਪ੍ਰੇਮ ਨੂੰ ਚਲਾਕ ਚੋਰ ਮੰਨਦੀ ਹੈ।'ਹਾਸਿਲ ਸਿਫਰ' ਕਵਿਤਾ ਪਛਤਾਵਿਆਂ ਦੀ ਤੰਦ ਦੁਆਲੇ ਵਲ੍ਹੇਟੇ ਜੀਵਨ ਨੂੰ ਜੀਵਨ ਨਹੀਂ ਮੰਨਦੀ।'ਅੱਖਾਂ 'ਚ ਪਾਣੀ' ਨਾਂ ਦੀ ਕਵਿਤਾ ਵਿਚ ਕਿਸੇ ਵੀ ਦੇਸ ਦੀ ਔਰਤ ਦੀ ਬੇਪੱਤੀ ਦੀ ਖਬਰ ਪੜ੍ਹ ਕੇ ਕੋਈ ਮਨ ਰੋ ਪੈਂਦਾ ਹੈ, 'ਤਿਤਲੀਆਂ ਤੇ ਔਰਤਾਂ' ਨਾਂ ਦੀ ਕਵਿਤਾ ਵਿਚ ਕੋਈ ਮਨ ਔਰਤ ਤੇ ਤਿਤਲੀ ਵਿਚ ਫਰਕ ਕਰਨਾ ਨਹੀਂ ਜਾਣਦਾ, 'ਮਿਲਣਾ ਸੋਚਣਾ' ਕਵਿਤਾ ਵਿਚ ਕੋਈ ਮਨ ਨਾਰੀ ਨੂੰ ਪਵਿੱਤਰ ਸ਼ਕਤੀ ਦੇ ਰੂਪ 'ਚ ਖਿਆਲ ਕੇ ਉਸ ਦੀ ਧਿਰ ਬਣਨੀ ਲੋਚਦਾ ਹੈ।

ਡਾ. ਰਵਿੰਦਰ ਨੇ ਪ੍ਰਾਕ੍ਰਿਤਕ ਵਰਤਾਰੇ ਅੰਦਰ ਮਨੁੱਖ ਦੀ ਜੀਵਨ ਹੋਂਦ ਨੂੰ ਇਕ ਨੁੱਕਰ ਅਥਵਾ ਸਪੇਸ ਮੰਨਿਆ ਹੈ। ਹਰ ਵਿਅਕਤੀ ਨੇ ਇਸ ਕੁਦਰਤੀ ਵਰਤਾਰੇ ਅੰਦਰ ਇਕ ਸਪੇਸ ਮੱਲ਼ੀ ਹੋਈ ਹੈ। ਇਸ ਸਪੇਸ ਅਥਵਾ ਨੁੱਕਰ ਨੂੰ ਰੂਪ ਦੇਣ ਵਾਲਾ ਇਕ ਸਮਾਜਕ-ਸੰਸਕ੍ਰਿਤਕ ਪ੍ਰਬੰਧ ਕਾਰਜਸ਼ੀਲ ਹੈ।ਮਨੁੱਖੀ ਸਮਾਜ ਦੇ ਇਤਿਹਾਸਕ ਵਿਕਾਸ ਦੇ ਵਿਭਿੰਨ ਪੜ੍ਹਾਵਾਂ ਉੱਤੇ ਇਹ ਪ੍ਰਬੰਧ ਜਿੱਥੇ ਮਨੁੱਖ ਦੇ ਸੁਪਨਿਆਂ ਤੇ ਸਮਾਜਕ ਰਿਸ਼ਤਿਆਂ ਨੂੰ ਪੂਰਾ ਕਰਨ ਦਾ ਦਾਇਤੱਵ ਨਿਭਾਉਂਦਾ ਹੈ ਉੱਥੇ ਉਹਨਾਂ ਦੇ ਖੁਰਨ ਤੇ ਭੁਰਨ ਦਾ ਸਬੱਬ ਵੀ ਬਣਦਾ ਰਿਹਾ ਹੈ। ਕੀ ਇਕ ਨੁੱਕਰ ਦੇ ਢਹਿਣ ਨਾਲ ਦੂਸਰੀ ਨੁੱਕਰ ਨੂੰ ਉਸਦੇ ਸਥਾਨ ਉੱਤੇ ਰੱਖਿਆ ਜਾ ਸਕਦਾ ਹੈ? ਮਨੁੱਖੀ ਅਸਤਿਤਵ ਦਾ ਇਹ ਪ੍ਰਸ਼ਨ ਪੁਸਤਕ ਦੇ ਕੇਂਦਰ ਵਿਚ ਰਹਿੰਦਾ ਹੈ।ਇਸ ਬਾਬਤ 'ਨੁੱਕਰਾਂ' ਕਵਿਤਾ ਦੀਆਂ ਸਤਰਾਂ ਹਨ :

*ਇਕ ਇਕ ਕਰਕੇ / ਕਈ ਨੁੱਕਰਾਂ / ਖਾਲੀ ਹੋ ਗਈਆਂ / ਮੇਰੇ ਅੰਦਰੋ*
*ਨੁੱਕਰਾਂ ਜੋ / ਨੀਰਸ ਬੇਰੰਗੇ ਜੀਵਨ ਨੂੰ*
*ਰੰਗਾਂ ਮਹਿਕਾਂ ਯਾਦਾਂ ਦਾ / ਸੰਸਾਰ ਬਣਾਈ ਰੱਖਦੀਆਂ ਸਨ / ਖਾਲੀ ਹੋ ਗਈਆਂ*
*ਇਕ ਨੁੱਕਰ ਹੈ / ਭਰੀ ਅਜੇ ਵੀ /ਜੋ ਮੈਂ ਖਾਲੀ ਕਰਨੀ ਹੈ*
*ਮੈਥੋਂ ਤਾਂ ਇਹ ਪਹਿਲੀਆਂ / ਖਾਲੀ ਨੁੱਕਰਾਂ ਭਰ ਨਹੀਂ ਹੋਈਆਂ*

*ਮੇਰੀ ਖਾਲੀ ਕੀਤੀ ਨੁੱਕਰ / ਕੌਣ ਭਰੇਗਾ ਪਤਾ ਨਹੀਂ*

ਨੁੱਕਰ ਵਾਂਗ ਹੀ ਰੁੱਖ ਦਾ ਪ੍ਰਤੀਕ ਲੈ ਕੇ ਡਾ. ਰਵਿੰਦਰ ਨੇ 'ਬਿਰਖ ਬੋਲਦਾ', 'ਰੁੱਖ ਤੇ ਜੰਗਲ', 'ਜੰਗਲੀ ਪਗਡੰਡੀ ਤੇ ਉਹ' ਨਾਮਕ ਕਵਿਤਾਵਾਂ ਲਿਖੀਆਂ ਹਨ। ਰੁੱਖ ਪ੍ਰਤੀਕ ਦੀ ਵਰਤੋਂ ਵਿਅਕਤੀ ਲਈ ਕੀਤੀ ਗਈ ਹੈ। ਸਮਾਜ ਵਿਚ ਕਈ ਤਰ੍ਹਾਂ ਦੇ ਵਿਅਕਤੀ ਕਾਰਜਸ਼ੀਲ ਹਨ। ਔਰਤ ਤੇ ਮਰਦ, ਸ਼ੋਸ਼ਿਤ ਤੇ ਸ਼ੋਸ਼ਕ, ਗਿਆਨੀ ਤੇ ਅਗਿਆਨੀ, ਹਾਕਮ ਤੇ ਮਹਿਕੂਮ ਆਦਿ ਵਰਗਾਂ ਵਿਚ ਵੰਡੇ ਇਹਨਾਂ ਕਈ ਤਰ੍ਹਾਂ ਦੇ ਵਿਅਕਤੀਆਂ ਦੇ ਕਈ ਤਰ੍ਹਾਂ ਦੇ ਮਨ ਹਨ। ਇਹ ਮਨ ਕਈ ਤਰ੍ਹਾਂ ਦਾ ਵਣਜ ਕਰਦੇ ਹੋਏ 'ਮਨ ਹੋਆ ਵਣਜਾਰਾ' ਪੁਸਤਕ 'ਚੋਂ ਪਛਾਣੇ ਜਾ ਸਕਦੇ ਹਨ।

**-ਚੰਦਰ ਮੋਹਨ**

## ਡਲਿਵਰੀ ਮੈਨ (ਕਹਾਣੀ ਸੰਗ੍ਰਹਿ) ਭਗਵੰਤ ਰਸੂਲਪੁਰੀ

ਸਮਕਾਲ ਵਿਚ ਰਚੀ ਜਾ ਰਹੀ ਪੰਜਾਬੀ ਕਹਾਣੀ ਵਿਚ ਕਥਾਕਾਰ ਭਗਵੰਤ ਰਸੂਲਪੁਰੀ ਮੌਲਿਕ ਨਾਂ ਥਾਂ ਰੱਖਣ ਵਾਲਾ ਲੇਖਕ ਹੈ। ਰਸੂਲਪੁਰੀ ਦੀ ਕਹਾਣੀ ਨੇ ਦਲਿਤ ਸਮਾਜ ਦੇ ਜੀਵਨ ਨੂੰ ਕਿਸੇ ਰੁਮਾਂਸਿਕ ਮੁਹਾਵਰੇ ਵਿਚ ਪੇਸ਼ ਕਰਨ ਵਾਲੀ ਕਥਾਕਾਰੀ ਦੀ ਥਾਂ ਇਸ ਸਮਾਜ ਦੇ ਗੁੰਮਨਾਮ ਯਥਾਰਥ ਪ੍ਰਤੀ ਬਾਹਰਮੁੱਖੀ ਤੇ ਚਿੰਤਨ ਕੇਂਦਰਤ ਕਥਾ ਦ੍ਰਿਸ਼ਟੀ ਦਾ ਬਲਵੰਤ ਪ੍ਰਗਟਾਵਾ ਕੀਤਾ ਹੈ। ਹਾਸ਼ੀਅਤ ਧਿਰਾਂ ਦੇ ਪਥਰਾਏ ਬੋਲਾਂ ਨੂੰ ਉਸਦੇ ਕਥਾ ਸੰਸਾਰ ਵਿਚ ਹਮੇਸ਼ਾਂ ਵੱਖਰੀ ਸਪੇਸ ਮਿਲਦੀ ਹੈ। ਦਲਿਤ ਜੀਵਨ ਦੀ ਕਰੂਰ ਵਾਸਤਵਿਕਤਾ ਨੂੰ ਪੇਸ਼ ਕਰਨ ਦੇ ਨਾਲ ਨਾਲ ਉਹ ਸਮਕਾਲੀ ਦੌਰ ਵਿਚ ਮੱਧਵਰਗੀ ਜੀਵਨ ਬੋਧ ਦੀਆਂ ਵਿਸੰਗਤੀਆਂ ਦਾ ਵੀ ਕੁਸ਼ਲ ਪੇਸ਼ਕਾਰ ਹੈ। ਮੱਧਵਰਗ ਦੇ ਦੰਭੀ ਕਿਰਦਾਰ ਵਾਲੇ ਰਵਾਇਤੀ ਕਥਾ ਥੀਮ ਦੇ ਨਾਲ ਨਾਲ ਰਸੂਲਪੁਰੀ ਨੇ ਇਸ ਜਮਾਤ ਦੀ ਗੁੰਝਲਦਾਰ ਮਨੋ ਸੰਰਚਨਾ ਦੇ ਅਣਗਾਹੇ ਪਹਿਲੂ ਵੀ ਨਸ਼ਰ ਕੀਤੇ ਹਨ। ਇਸ ਤੋਂ ਇਲਾਵਾ ਪਿੱਤਰ ਸੱਤਾ ਦੇ ਦਮਨ ਵਿਚ ਪਿਸਦੀ ਔਰਤ ਸੰਵੇਦਨਾ ਦੇ ਅਨੇਕਾਂ ਪਾਸਾਰ ਉਸਦੇ ਕਥਾ ਸੰਸਾਰ ਦਾ ਹਿੱਸਾ ਬਣੇ ਹਨ।

ਭਗਵੰਤ ਰਸੂਲਪੁਰੀ ਦਾ ਨਵਾਂ ਕਹਾਣੀ ਸੰਗ੍ਰਹਿ 'ਡਲਿਵਰੀ ਮੈਨ' (ਪੰਨੇ 192, ਮੁੱਲ 295 ਰੁਪਏ, ਵ੍ਹਾਈਟ ਕਰੋਅ ਪਬਲਿਸ਼ਰਜ਼, ਮਾਨਸਾ ) ਵਿਚਾਰ ਅਧੀਨ ਹੈ ਜਿਸ ਵਿਚ ਲੇਖਕ ਦੀਆਂ ਅੱਠ ਕਹਾਣੀਆਂ ਦਰਜ ਹਨ। ਇਨ੍ਹਾਂ ਕਹਾਣੀਆਂ ਦਾ ਕੇਂਦਰ ਮੱਧਵਰਗ ਜੀਵਨ ਦੀਆਂ ਅਜਿਹੀਆਂ ਮਾਨਸਿਕ ਗੰਢਾਂ ਹਨ ਜਿਨ੍ਹਾਂ ਦੇ ਚੇਤਨ ਅਵਚੇਤਨ ਪ੍ਰਭਾਵ ਹੇਠਾਂ ਮਾਨਵੀ ਜੀਵਨ ਕਈ ਗੁੰਝਲਾਂ ਦੇ ਵੱਸ ਪਿਆ ਰਹਿੰਦਾ ਹੈ। ਰਸੂਲਪੁਰੀ ਦੇ ਕਥਾ ਪਾਤਰ ਸਮਾਜਕ ਯਥਾਰਥ ਪ੍ਰਤੀ ਕੋਈ ਰੁਮਾਂਸਿਕ ਤਬਸਰਾ ਕਰਨ ਜਾਂ ਕਿਸੇ ਵਾਦ ਵਿਵਾਦ ਦੀ ਸਿਧਾਂਤਕ ਪੈਰਵਾਈ ਕਰਨ ਦੀ ਥਾਂ ਸਮਕਾਲੀ ਦੌਰ ਦੀ ਜਟਿਲ ਮਾਨਸਿਕਤਾ ਅਤੇ ਅੰਤਰਮੁੱਖੀ ਜੀਵਨ ਦੇ ਬਿਰਤਾਂਤ ਹਨ। 'ਡਲਿਵਰੀ ਮੈਨ' ਕਹਾਣੀ ਦੀ ਗੀਤਾ ਰਿਸ਼ਤਿਆਂ ਦੇ ਭਾਵੁਕ ਦਿਸਦੇ ਸੰਸਾਰ ਦੀ ਬੇਰਹਿਮ ਕਠੋਰਤਾ ਤੋਂ ਦੁਖੀ ਹੋ ਕੇ ਆਰਟੀਫੀਸ਼ੀਅਲ ਯੁੱਗ ਦੇ ਮਸ਼ੀਨੀ ਰੋਬੋਟ ਅਲੈਕਸਾ ਨਾਲ ਰਿਸ਼ਤਿਆਂ ਦੀ ਸਾਂਝ ਦਾ ਅਧਿਆਏ ਸ਼ੁਰੂ ਕਰਨਾ ਚਾਹੁੰਦੀ ਹੈ ਪਰ ਮਾਨਵ ਤੇ ਮਸ਼ੀਨੀ ਸੰਸਕ੍ਰਿਤੀ ਦੇ ਤਣਾਅ ਵਿਚ ਨਮੋਸ਼ੀ, ਵਿਗੋਚਾ ਤੇ ਨਿਰਾਸ਼ਾ ਦੀ ਜੂਨ ਹੀ ਹੰਢਾਉਂਦੀ ਹੈ। ਲੇਖਕ ਇਕਹਿਰੇ ਪਰਿਵਾਰਾਂ ਤੋਂ ਇਕੱਲਤਾ ਵੱਲ ਵੱਧਦੇ ਸਮਾਜ ਦੀ ਉੱਖੜੀ ਮਾਨਸਿਕਤਾ ਪੇਸ਼ ਕਰਦਾ ਕਾਰਪੋਰੇਟੀ ਤਰਜ਼ 'ਤੇ ਵਿਕਸਤ ਹੁੰਦੇ ਸ਼ਹਿਰਾਂ ਵਿਚ ਕੇਵਲ ਵਰਗੇ ਡਲਿਵਰੀ ਮੈਨ ਦੀ ਜਿਗੈਲੋ ਵਰਗੀ ਸਥਿਤੀ ਅਤੇ ਗੀਤਾ ਵਰਗੀਆਂ ਔਰਤਾਂ ਦੇ ਦਮਿਤ ਕਾਮ ਅਵਚੇਤਨ ਪ੍ਰਤੀ ਸੰਵਾਦ ਪੈਦਾ ਕਰਦਾ ਹੈ। ਕਾਰਪੋਰੇਟ ਵਿਵਸਥਾ ਦਾ ਵਿਕਾਸ ਮਾਡਲ 'ਘਰ' ਦੀ ਸੰਸਥਾ ਨੂੰ 'ਫਲੈਟ' ਦੇ ਸੰਕਲਪ ਵਿਚ ਪਰੋਸ ਕੇ ਮੱਧਵਰਗੀ ਜੀਵਨ ਨੂੰ ਮਾਨਵੀ ਇਕੱਲਤਾ, ਉਪਰਾਮਤਾ ਅਤੇ ਸਮੂਹ ਤੋਂ ਵਿਛੁੰਨੇ ਇਕਲਵੰਝੇ ਸੰਸਾਰ ਵਿਚ ਸੁੱਟ ਰਿਹਾ ਹੈ। ਕਹਾਣੀ ਅਜਿਹੇ ਮਾਹੌਲ ਦੀ ਵਿਕਰਾਲਤਾ ਦੁਆਰਾ ਬੰਦੇ ਦੀ ਦਮਿਤ ਹੋ ਰਹੀ ਬੰਦਿਆਈ ਬਾਰੇ ਸੋਝੀ ਪੈਦਾ ਕਰਦੀ ਹੈ। ਕਾਮ ਇੱਛਾਵਾਂ ਦੇ ਦਮਨ ਵਾਲੇ ਅਤ੍ਰਿਪਤ ਜੀਵਨ ਤੋਂ ਪੈਦਾ ਸੰਤਾਪ ਦਾ ਇਕ ਪਾਸਾਰ

'ਛਣ ਛਣ' ਕਹਾਣੀ ਵਿੱਚ ਪੇਸ਼ ਹੋਇਆ ਹੈ ਜਿੱਥੇ ਪਤਨੀ ਦੀ ਮੌਤ ਤੋਂ ਬਾਅਦ ਇਕੱਲਤਾ ਦੇ ਅਜੀਬੋ ਗਰੀਬ ਸ਼ੋਰ ਵਿਚ ਘਿਰਿਆ ਅਧੇੜ ਉਮਰ ਦਾ ਸੇਵਾ ਮੁਕਤ ਫੌਜੀ ਪਾਤਰ ਸੋਹਣ ਸਨਕੀ ਸ਼ੋਸ਼ਲ ਮੀਡੀਆ ਦੇ ਅਸਰ ਹੇਠਾਂ ਵਿਦੇਸ਼ੀ ਔਰਤ ਲੀਜ਼ਾ ਨਾਲ ਸੰਪਰਕ ਸਾਧ ਲੈਂਦਾ ਹੈ। ਇਸ ਸੰਪਰਕ ਵਿਚ ਉਸਦਾ ਦਮਿਤ ਅਵਚੇਤਨ ਕਾਮੁਕ ਆਨੰਦ ਮਹਿਸੂਸ ਕਰਦਾ ਹੈ ਪਰ ਲੀਜ਼ਾ ਦੇ ਇੰਡੀਆ ਆਉਣ ਦਾ ਡਰ ਉਸਨੂੰ ਮੱਧਵਰਗੀ ਜੀਵਨ ਵਿਚ ਅਖੌਤੀ ਇੱਜ਼ਤ, ਨੈਤਿਕਤਾ ਅਤੇ ਸਦਾਚਾਰ ਦੀ ਘਾਲੀ ਘਾਲਣਾ 'ਤੇ ਪਾਣੀ ਫਿਰਨ ਵਾਂਗ ਜਾਪਦਾ ਹੈ। ਸੋਹਣ ਦਾ ਦੋਸਤ ਤੋਖੀ ਵੀ ਪਤਨੀ ਦੀ ਮੌਤ ਤੋਂ ਬਾਅਦ ਦੀ ਇਕੱਲਤਾ ਭੋਗਦਾ ਹੈ ਜੋ ਕਿ ਮੁੰਬਈ ਵਿਚ ਫਲੈਟ ਵਿਚ ਰਹਿ ਰਹੇ ਆਪਣੇ ਪੁੱਤਰ ਤੇ ਨੂੰਹ ਕੋਲ ਜਾਣ ਦੀ ਥਾਂ ਸੋਹਣ ਸਨਕੀ ਨਾਲ ਆਪਣੀ ਇਕੱਲਤਾ ਸਾਂਝੀ ਕਰਦਾ ਹੈ। ਬਜ਼ੁਰਗ ਪਾਤਰਾਂ ਦੀ ਆਪਣੇ ਜੀਵਨ ਸਾਥੀ ਦੇ ਵਿਛੋੜੇ ਤੋਂ ਬਾਅਦ ਦੀ ਵਿਚਲਤ ਮਨੋ ਅਵਸਥਾ ਨੂੰ ਪੇਸ਼ ਕਰਦਿਆਂ ਲੇਖਕ ਸਮਕਾਲ ਦੀ ਆਪਾਧਾਪੀ ਵਿਚ ਉਨ੍ਹਾਂ ਦੀ ਉਜਾੜ ਭਰੀ ਜ਼ਿੰਦਗੀ ਤੇ ਗਹਿਰੇ ਮਨੋ ਸੰਤਾਪ ਨੂੰ ਸਾਂਝੇ ਕਰਦਾ ਹੈ।

ਸੰਗ੍ਰਿਹ ਦੀ ਇਕ ਕਹਾਣੀ 'ਠੇਡਾ' ਦਲਿਤ ਪਛਾਣ ਦੇ ਸੰਕਟ ਦੀ ਸੰਵਾਦੀ ਦਾਸਤਾਨ ਹੈ ਜਿੱਥੇ ਦਲਿਤ ਹੋਂਦ ਆਪਣੇ ਗੌਰਵਸ਼ਾਲੀ ਅਸਤਿਤਵ ਤੋਂ ਖੁੰਝ ਕੇ ਅਨੇਕਾਂ ਠੇਡਿਆਂ ਦੀ ਸ਼ਿਕਾਰ ਹੋ ਕੇ ਰਹਿ ਜਾਂਦੀ ਪੇਸ਼ ਹੋਈ ਹੈ। ਕਹਾਣੀ ਦਾ ਦਲਿਤ ਬਜ਼ੁਰਗ ਪਾਤਰ ਚਾਨਣ ਅਨੇਕਾਂ ਅਜਿਹੇ ਠੇਡਿਆਂ ਦਾ ਗਵਾਹ ਹੈ ਜਿਹੜੇ ਠੇਡੇ ਦਲਿਤ ਧਿਰਾਂ ਨੇ ਬਣੀਆਂ ਲੀਹਾਂ ਨੂੰ ਛੱਡ ਕੇ ਅਤੇ ਆਪਣੀ ਖੁਦੀ ਨੂੰ ਬੁਲੰਦ ਕਰਦਿਆਂ ਬਰਦਾਸ਼ਤ ਕੀਤੇ ਸਨ। ਚਾਨਣ ਰੌਸ਼ਨ ਖਿਆਲਾਂ ਦੀ ਚਾਨਣੀ ਨਾਲ ਭਰੀ ਗੌਰਵਸ਼ਾਲੀ ਦਲਿਤ ਹੋਂਦ ਵਾਲਾ ਪਾਤਰ ਹੈ ਪਰ ਅੱਜ ਉਸਦੇ ਪਰਿਵਾਰ ਵਿਚ ਧੀ ਮਿੰਦਰੋ ਇਸਾਈ ਬਣ ਗਈ ਹੈ, ਪੁੱਤਰ ਸ਼ਾਮਾ ਸਿੱਖ ਧਰਮ ਵਿਚ ਹੈ, ਪੁੱਤਰ ਨਾਮਾ ਕਿਸੇ ਡੇਰੇ ਤੋਂ ਨਾਮਦਾਨੀ ਹੈ ਅਤੇ ਰਾਮਾ ਰਵਿਦਾਸ ਧਾਮ ਦਾ ਸੰਚਾਲਕ ਹੈ। ਕਹਾਣੀਕਾਰ ਇਕ ਪਰਿਵਾਰ ਦੇ ਮਾਧਿਅਮ ਨਾਲ ਸਮੁੱਚੀ ਦਲਿਤ ਲਹਿਰ ਅਤੇ ਦਲਿਤ ਪਛਾਣ ਦੇ ਖੇਰੂੰ ਖੇਰੂੰ ਹੋ ਜਾਣ ਦਾ ਪ੍ਰਤੀਕਮਈ ਬਿਰਤਾਂਤ ਸਿਰਜਦਾ ਹੈ। ਚਾਨਣ ਦੇ ਸਿਰ ਵਿਚ ਹੁੰਦੀ ਟੱਸ ਟੱਸ ਅਤੇ ਮੂੰਹ ਵਿਚ ਚੱਲਦੀ ਬੁੜ ਬੁੜ ਬਹੁਪਾਸਾਰੇ ਸੰਕਟਾਂ ਵਿਚ ਘਿਰੀ ਦਲਿਤ ਹੋਂਦ ਦੀ ਟੁੱਟ ਭੱਜ ਦਾ ਪ੍ਰਮਾਣ ਹਨ। ਕਥਾ ਅੰਤ ਮੌਕੇ ਚਾਨਣ ਦੇ ਡਗਮਗਾ ਕੇ ਡਿੱਗਣ ਮੌਕੇ ਪੁੱਤਰ ਰਾਮੇ ਵੱਲੋਂ ਉਸਨੂੰ ਸੰਭਾਲਣ ਵਾਲੇ ਕਥਾਨਕੀ ਵੇਰਵੇ ਲੇਖਕ ਦੀ ਕਥਾ ਦ੍ਰਿਸ਼ਟੀ ਨੂੰ ਫਿਲਟਰ ਕਰਕੇ ਪੇਸ਼ ਕਰ ਜਾਂਦੇ ਹਨ।

ਕਹਾਣੀ 'ਰਵੀ ਡਿਫੈਂਡਰ' ਭਾਰਤੀ ਸਮਾਜ ਦੇ ਭ੍ਰਿਸ਼ਟ ਤੰਤਰ ਦੀ ਦਾਸਤਾਨ ਹੈ ਜਿੱਥੇ ਰਿਸ਼ਵਤਖੋਰੀ, ਭਾਈ ਭਤੀਜਾਵਾਦ ਅਤੇ ਬੇਇਨਸਾਫ ਨਿਜ਼ਾਮ ਦੇ ਅੱਗੇ ਕਲਾ ਤੇ ਕਾਬਲੀਅਤ ਹਾਰ ਹੰਭ ਕੇ ਹਾਸ਼ੀਆਗ੍ਰਸਤ ਹੋ ਜਾਂਦੀ ਹੈ। ਕਹਾਣੀ ਖੇਡ ਤੰਤਰ ਨੂੰ ਉਤਸ਼ਾਹਤ ਕਰਨ ਵਾਲੀ ਅਫਸਰਸ਼ਾਹੀ ਅਤੇ ਰਾਜਸੀ ਲੋਕਾਂ ਦੇ ਭ੍ਰਿਸ਼ਟਾਚਾਰ ਦੇ ਪਾਜ ਉਘੇੜਦੀ ਹੈ। ਰਵੀ ਫੁੱਟਬਾਲ ਦਾ ਡਿਫੈਂਡਰ ਖਿਡਾਰੀ ਹੈ। ਉਹ ਤਾਉਮਰ ਖੇਡ ਮੈਦਾਨ ਵਿਚ ਵਿਰੋਧੀਆਂ ਦੇ ਹਮਲੇ ਡਿਫੈਂਡ ਕਰਦਾ ਨਾਮਣਾ ਖੱਟਦਾ ਹੈ ਪਰ ਜ਼ਿੰਦਗੀ ਦੇ ਮੈਦਾਨ ਵਿਚ ਭ੍ਰਿਸ਼ਟ ਤੰਤਰ ਨੂੰ ਡਿਫੈਂਡ ਕਰਨ ਤੋਂ ਅਸਮਰੱਥ ਹੋ ਜਾਂਦਾ ਹੈ। ਉਸਦੇ ਫੁੱਟਬਾਲ ਖਿਡਾਰੀ ਪੁੱਤਰ ਆਰੀਅਨ ਦੀ ਖੇਡ ਪ੍ਰਤਿਭਾ ਵੀ ਖੇਡ ਪ੍ਰਬੰਧ ਦੇ ਭ੍ਰਿਸ਼ਟਾਚਾਰ ਅੱਗੇ ਬੇਵੱਸ ਹੋ ਜਾਂਦੀ ਹੈ। ਦੁਖਾਂਤਕ ਭਾਵ ਬੋਧ ਵਾਲੀ ਇਸ ਕਹਾਣੀ ਦੀ ਇਕ ਪਰਤ ਖੇਡ ਆਦਰਸ਼ਾਂ ਦੀ ਦਾਸਤਾਨ ਪੇਸ਼ ਕਰਦੀ ਹੈ ਪਰ ਦੂਜੀ ਪਰਤ ਇਨ੍ਹਾਂ ਆਦਰਸ਼ਾਂ ਨੂੰ ਢਹਿ ਢੇਰੀ ਕਰਨ ਵਾਲੀਆਂ ਬਦ ਤਾਕਤਾਂ ਨੂੰ ਨਸ਼ਰ ਕਰਦੀ ਹੈ। 'ਮੁੱਠੀ 'ਚੋਂ ਕਿਰਦੀ ਰੇਤ' ਕਹਾਣੀ ਪੱਛਮੀ ਜੀਵਨ ਯਥਾਰਥ ਦੀਆਂ ਪੂੰਜੀ ਪ੍ਰਧਾਨ ਤਲਖ ਹਕੀਕਤਾਂ ਵਿਚ ਪੂਰਬੀ ਜੀਵਨ ਮੁੱਲਾਂ ਦੇ ਵਿਗਠਨ ਦੀ ਦਾਸਤਾਨ ਹੈ। ਕਹਾਣੀ ਦੇ ਉੱਤਮਪੁਰਖੀ ਪਿੱਛਲ ਝਾਤ ਬਿਰਤਾਂਤ ਵਿਚ ਮੱਧਵਰਗੀ ਨੌਕਰੀਪੇਸ਼ਾ ਜੋੜੇ ਵੱਲੋਂ ਆਪਣੀ ਧੀ ਕਿਰਨ ਨੂੰ ਪਰਵਾਸ ਭੇਜ ਕੇ ਚੰਗੇ ਭਵਿੱਖ ਦੀ ਕਾਮਨਾ ਉਦੋਂ ਤਾਰ ਤਾਰ ਹੋ ਜਾਂਦੀ ਹੈ ਜਦੋਂ ਕਿਰਨ ਦੀ ਮੌਤ ਉਪਰੰਤ ਘਰ ਦਾ ਜਵਾਈ ਸਾਰੀ ਖੱਟੀ ਕਮਾਈ ਹੜੱਪ ਕਰ ਕੇ ਪੂਰੇ ਪਰਿਵਾਰ ਨੂੰ ਆਰਥਿਕ ਮੰਦੀ ਵੱਲ ਧੱਕ ਦਿੰਦਾ ਹੈ। ਬਜ਼ੁਰਗ ਜੋੜਾ ਕਿਰਨ ਦੀ ਧੀ ਖੁਸ਼ੀ ਨੂੰ

ਮਿਹਨਤ ਕਰਕੇ ਪਾਲਦਾ ਹੈ ਪਰ ਬਾਲਗ ਹੋਣ ਪਿੱਛੋਂ ਖੁਸ਼ੀ ਦਾ ਪੱਛਮੀ ਸੰਸਕ੍ਰਿਤੀ ਦੀ ਖੁੱਲ੍ਹ ਖੇਡ ਹੇਠਾਂ ਆਪਣੇ ਜੀਵਨ ਦੇ ਖੁਦ ਰਾਹ ਤਲਾਸ਼ਣ ਵਾਲਾ ਸੰਕਲਪ ਸੰਘਣਾ ਦੁਖਾਂਤ ਪੈਦਾ ਕਰ ਦਿੰਦਾ ਹੈ। ਲੇਖਕ ਨੇ ਪਰਵਾਸ ਦੇ ਜੀਣ ਥੀਣ ਅੰਦਰ ਪੰਜਾਬੀ ਅਵਚੇਤਨ ਵਿਚਲੇ ਜਗੀਰੂ ਮੁੱਲ ਪ੍ਰਬੰਧ ਦੀ ਮਾਰ ਭੋਗਦੇ ਪਾਤਰਾਂ ਦੀ ਬੇਗਾਨਗੀ, ਲਾਚਾਰੀ ਤੇ ਬੇਵੱਸੀ ਨੂੰ ਪੇਸ਼ ਕੀਤਾ ਹੈ। ਕਹਾਣੀ 'ਤ੍ਰੇੜ' ਨਾਲ ਰਿਸ਼ਤਿਆਂ ਦੇ ਭਿਆਨਕ ਤਹਿਲਕੇ ਵਿਚ ਕਤਰਾ ਕਤਰਾ ਜੀਵਨ ਬਤੀਤ ਕਰਨ ਵਾਲੀ ਮੱਧਵਰਗੀ ਔਰਤ ਦੀ ਸੰਵੇਦਨਾ ਦੇ ਨਵੇਂ ਪਾਸਾਰ ਪੇਸ਼ ਹੋਏ ਹਨ। ਆਪਣੇ ਪਤੀ ਮੰਗੇ ਦੀਆਂ ਨਸ਼ੇੜੀ ਆਦਤਾਂ ਤੇ ਸਹੁਰਾ ਪਰਿਵਾਰ ਦੇ ਦਮਨ ਵਿਚ ਪਿਸਦੀ ਅਧਿਆਪਕਾ ਮੋਨਿਕਾ ਲਈ ਮੂੰਹੋਂ ਮੰਗਿਆ ਤਲਾਕ ਵੀ ਮਾਨਸਿਕ ਪ੍ਰੇਸ਼ਾਨੀ ਦਾ ਸਬੱਬ ਬਣ ਜਾਂਦਾ ਹੈ। ਉਹ ਵਿਆਹ ਸੰਸਥਾ ਦੇ ਰਿਸ਼ਤਿਆਂ ਦੇ ਦਮਨ ਤੋਂ ਇੰਨੀ ਭੈਅਭੀਤ ਹੋ ਜਾਂਦੀ ਹੈ ਕਿ ਆਪਣੇ ਮਦਦਗਾਰ ਦੋਸਤ ਅਵਤਾਰ ਨੂਰਪੁਰੀਆ ਨਾਲ ਵਿਆਹ ਦੀ ਥਾਂ ਲਿਵ ਇਨ ਰਿਲੇਸ਼ਨ ਵਿਚ ਰਹਿਣ ਦੀ ਇੱਛਾ ਰੱਖਦੀ ਹੈ। ਕਹਾਣੀ ਵਿਚ ਲੇਖਕ ਮੋਨਿਕਾ ਦੇ ਘਰ ਉੱਗੇ ਪਿੱਪਲ ਦੇ ਮੈਟਾਫਰ ਨਾਲ ਮਰਦ ਨਾਲ ਜੁੜਨ ਵਾਲੇ ਔਰਤ ਦੇ ਰਿਸ਼ਤਿਆਂ ਨੂੰ ਨਵੇਂ ਪ੍ਰਸੰਗਾਂ ਵਿਚ ਪਰਿਭਾਸ਼ਤ ਕਰਦਾ ਹੈ। ਘਰ ਵਿਚ ਉੱਗਿਆ 'ਪਿੱਪਲ' ਰਿਸ਼ਤਿਆਂ ਦੀਆਂ ਕੰਧਾਂ ਵਿਚ ਤ੍ਰੇੜਾਂ ਦੇਣ ਦੀ ਥਾਂ ਜੇਕਰ 'ਆਕਸੀਜਨ' ਦੇ ਕੇ ਇਨ੍ਹਾਂ ਰਿਸ਼ਤਿਆਂ ਦੀ ਸਜੀਵਤਾ ਨੂੰ ਬਰਕਰਾਰ ਰੱਖੇ ਤਾਂ ਔਰਤ ਮਰਦ ਦੀ ਸਹਿਹੋਂਦ ਅਤੇ ਸਮਰਪਣ ਭਾਵਨਾ ਰਿਸ਼ਤੇ ਨੂੰ ਖੁਸ਼ਨੁਮਾ ਬਣਾ ਦਿੰਦੀ ਹੈ।

ਭਗਵੰਤ ਦੀਆਂ ਕਹਾਣੀਆਂ ਵਿਚ ਔਰਤ ਪਾਤਰ ਕਿਸੇ ਨਾ ਕਿਸੇ ਮਾਨਸਿਕ ਬੇਤਰਤੀਬੇਪਨ ਦੇ ਸ਼ਿਕਾਰ ਹਨ। ਉਸਦੀ ਕਹਾਣੀ ਵਿਚ ਮੱਧਲੀ ਜਮਾਤ ਦੇ ਪਾਤਰ ਕਿਸੇ ਨਾ ਕਿਸੇ ਮਨੋ ਗੰਢ ਦੇ ਸ਼ਿਕਾਰ ਰਹਿ ਕੇ ਅਤ੍ਰਿਪਤ, ਊਣਾ ਅਤੇ ਖੰਡਤ ਕਿਸਮ ਦਾ ਜੀਵਨ ਜੀਉਂਦੇ ਹਨ। ਪਰ ਲੇਖਕ ਔਰਤ ਨੂੰ ਉਸਦੀ ਇਕੱਲਤਾ ਤੇ ਸੁੰਨ ਸਥਿਤੀ ਦੇ ਰੁਮਾਂਸ ਵਿਚ ਪਾਉਣ ਦੀ ਥਾਂ ਔਰਤ ਮਰਦ ਦੇ ਸਹਿਚਾਰ ਤੇ ਸਮਨਵੈ ਵਾਲੀ ਬਿਰਤਾਂਤ ਦ੍ਰਿਸ਼ਟੀ ਵਿਚ ਪੇਸ਼ ਕਰਦਾ ਹੈ। 'ਰੰਗਾਂ ਦੀ ਸਾਂਝ੍ ਸਮਾਜ ਵਿਗਿਆਨ' ਕਹਾਣੀ ਵਿਚ ਲੇਖਕ ਨਗਿੰਦਰ ਨਾਗ ਅਤੇ ਪੂਜਾ ਦੇ ਵਿਆਹੁਤਾ ਦੰਪਤੀ ਜੀਵਨ ਵਿਚਲੇ ਤਣਾਅ ਦੋ ਵਿਪਰੀਤ ਸੰਸਕ੍ਰਿਤੀਆਂ ਵਾਲੇ ਮੁੱਲ ਵਿਧਾਨ ਦਾ ਟਕਰਾਅ ਬਣਾ ਕੇ ਪੇਸ਼ ਕਰਦਾ ਹੈ। ਕਹਾਣੀ ਦਾ ਨਿਭਾਅ ਪੱਖ ਕਲਾ ਅਤੇ ਰੰਗਾਂ ਦੀ ਖੇਡ ਦਾ ਅਨੂਠਾ ਸੰਸਾਰ ਉਸਾਰਨ ਵਿਚ ਹੈ ਜਿਸ ਕਰਕੇ ਸਿੱਧੇ ਯਥਾਰਥ ਜਾਂ ਸਤਹੀ ਕਿਸਮ ਦੀ ਘਟਨਾ ਕੇਂਦਰਤ ਬਿਰਤਾਂਤਕਾਰੀ ਨਾਲੋਂ ਇਹ ਕਹਾਣੀ ਚਿੰਤਨ ਪ੍ਰਧਾਨ ਕਥਾਕਾਰੀ ਦੇ ਘੇਰੇ ਦੀ ਸੰਵਾਦੀ ਰਚਨਾ ਬਣ ਕੇ ਉਭਰਦੀ ਹੈ।

ਕੁੱਲ ਮਿਲਾ ਕੇ ਭਗਵੰਤ ਰਸੂਲਪੁਰੀ ਦਾ ਇਹ ਕਹਾਣੀ ਸੰਗ੍ਰਹਿ ਸੰਵਾਦੀ ਕਿਸਮ ਦੇ ਕਥਾ ਬਿੰਬਾਂ ਦੀ ਪੇਸ਼ਕਾਰੀ ਵਾਲਾ ਹੈ। ਉਸਦੀ ਕਹਾਣੀ ਜਦੋਂ ਆਪਣੀ ਕਥਾ ਦ੍ਰਿਸ਼ਟੀ ਨੂੰ ਬਿਰਤਾਂਤ ਦੀ ਤਹਿ ਅੰਦਰ ਸਮਾਅ ਕੇ ਪੇਸ਼ ਕਰਦੀ ਹੈ ਤਾਂ ਅਰਥਾਂ ਦੀਆਂ ਨਵੀਆਂ ਸੰਭਾਵਨਾਵਾਂ ਪੈਦਾ ਕਰਦੀ ਹੈ। ਜਿਵੇਂ 'ਠੇਡਾ' ਅਤੇ 'ਰੰਗਾਂ ਦੀ ਸਾਂਝ੍ ਸਮਾਜ ਵਿਗਿਆਨ' ਕਹਾਣੀ ਵਿਚ। ਲੇਖਕ ਦੀ ਪੁਸਤਕ ਦਾ ਸਵਾਗਤ ਹੈ।

**–ਜੇ ਬੀ ਸੇਖੋਂ**

## ਰੌਲ਼ਿਆਂ ਵੇਲੇ (ਨਾਵਲ) ਬਲਬੀਰ ਪਰਵਾਨਾ

ਪੰਜਾਬ ਦੇ ਇਤਿਹਾਸ ਵਿਚ ਦੇਸ਼ ਵੰਡ ਦੀ ਘਟਨਾ ਅਜਿਹਾ ਜ਼ਖਮ ਹੈ ਕਿ ਪੌਣੀ ਸਦੀ ਬਾਅਦ ਵੀ ਜਿਸਦੇ ਚਸਕੇ ਪੈ ਰਹੇ ਹਨ। ਇਸ ਦੁਖਾਂਤ ਨੂੰ ਅੱਖੀਂ ਦੇਖਣ ਤੇ ਹੱਡੀਂ ਹੰਢਾਉਣ ਵਾਲਿਆਂ ਕੋਲ਼ੋਂ ਸੁਣ-ਸੁਣ ਕੇ ਇਸਨੂੰ ਨਾ ਦੇਖਣ ਵਾਲੀ ਨਵੀਂ ਪੀੜੀ ਤਕ ਵੱਖ-ਵੱਖ ਕਲਾ ਰੂਪਾਂ ਦੁਆਰਾ ਪਹੁੰਚਾਇਆ ਜਾ ਰਿਹਾ ਹੈ। ਪੰਜਾਬੀ ਸਾਹਿਤ ਵਿਚੋਂ ਪਿਛਲੇ ਕੁਝ ਸਮੇਂ ਤੋਂ ਪੰਜਾਬੀ ਨਾਵਲ ਇਸ ਦੁਖਾਂਤ ਦਾ ਪੁਨਰ ਚਿਤਰਣ ਕਰਦਾ ਆ ਰਿਹਾ ਹੈ। ਇਸ ਚਿਤਰਣ ਵਿਚੋਂ ਕੁਝ ਨਾ ਕੁਝ ਨਵਾਂ ਨਿਕਲਦਾ ਹੈ। ਅਜਿਹਾ ਹੀ ਯਤਨ ਬਲਵੀਰ ਪਰਵਾਨਾ ਦੇ ਨਵੇਂ ਨਾਵਲ 'ਰੌਲ਼ਿਆਂ ਵੇਲੇ'

(ਲੋਕਗੀਤ ਪ੍ਰਕਾਸ਼ਨ, ਮੁਹਾਲੀ, ਪੰਨੇ 187, ਕੀਮਤ 300 ਰੁਪਏ) ਵਿਚ ਦੇਖਣ ਨੂੰ ਮਿਲਦਾ ਹੈ। ਬਲਬੀਰ ਪਰਵਾਨਾ ਕੋਲ ਲੰਬਾ ਸਾਹਿਤਕ ਅਨੁਭਵ ਹੈ ਜਿਸ ਵਿਚੋਂ ਦੇਸ਼-ਵੰਡ ਨੂੰ ਨਵੀਂ ਦ੍ਰਿਸ਼ਟੀ ਤੋਂ ਵੇਖਣ ਦਾ ਉਪਰਾਲਾ ਕੀਤਾ ਹੈ। ਪਰਵਾਨਾ ਨੇ ਨਾਵਲ ਦਾ ਕਥਾਨਕ ਕੰਢੀ ਖੇਤਰ ਦੇ ਦਸੂਹਾ, ਮੁਕੇਰੀਆਂ ਤੇ ਆਸ ਪਾਸ ਦੇ ਇਲਾਕੇ ਵਿਚ ਵੰਡ ਦੇ ਦੁਖਾਂਤ ਨੂੰ ਚੰਦਰ ਪ੍ਰਕਾਸ਼, ਮਾਈ ਸੋਧਾਂ, ਚੂੰਨੀ ਲਾਲ, ਪ੍ਰੋ. ਜੋਗਿੰਦਰ ਸਿੰਘ, ਹਰਨਾਮ ਸਿੰਘ ਬਾਜਵਾ, ਬਸ਼ੀਰ ਮੁਹੰਮਦ, ਬਿੱਕਰ ਸਿੰਘ, ਸ਼ਾਹਪੁਰੀਆ ਬਲਵੰਤ ਸਿੰਘ ਵਰਗੇ ਵੱਖ-ਵੱਖ ਪਾਤਰਾਂ ਦੇ ਹੱਡੀਂ ਹੰਢਾਏ ਜਾਂ ਅੱਖੀਂ ਦੇਖੇ ਅਨੁਭਵ ਵਿਚੋਂ ਉਸਾਰਿਆ ਹੈ। ਨਾਵਲ ਦਾ ਕੇਂਦਰੀ ਪਾਤਰ ਗੁਰਪ੍ਰੀਤ ਆਪਣੇ ਯੂ.ਟਿਊਬ ਚੈਨਲ 'ਜੜ੍ਹਾਂ ਦੀ ਤਲਾਸ਼' ਲਈ ਇਹਨਾਂ ਤੱਥਾਂ ਨੂੰ ਇਕੱਤਰ ਕਰਕੇ ਸਾਂਭਦਾ ਹੈ। ਗੁਰਪ੍ਰੀਤ ਅਸਲ ਵਿਚ ਸਾਂਵਲ ਧਾਮੀ ਤੋਂ ਪ੍ਰੇਰਤ ਹੋ ਕੇ ਘੜਿਆ ਪਾਤਰ ਹੈ।

ਦੇਸ਼-ਵੰਡ ਦੀ ਤ੍ਰਾਸਦੀ ਨਿਰੋਲ ਸਿਆਸੀ ਹਿਤਾਂ ਵਾਲੀ ਸੀ ਜਿਸਦੇ ਕਰਤਾ ਧਰਤਾ ਦੋਹੇਂ ਪਾਸਿਆਂ ਦੇ ਸਿਆਸੀ ਆਗੂ ਸਨ। ਜੇਕਰ ਇਹ ਦੁਖਾਂਤ ਸੁਭਾਵਕ ਰੂਪ ਵਿਚ ਸਮੇਂ ਦੇ ਗਰਭ ਵਿਚੋਂ ਪੈਦਾ ਹੋਇਆ ਹੁੰਦਾ ਤਾਂ ਇਸਨੇ ਸਮੁੱਚੇ ਵਰਗ ਨੂੰ ਆਪਣੀ ਲਪੇਟ ਵਿਚ ਲੈਣਾ ਸੀ। ਹੈਰਾਨੀ ਦੀ ਗੱਲ ਨਹੀਂ ਕਿ ਇਸ ਕਤਲੋਗਾਰਤ ਤੇ ਲੁੱਟਮਾਰ ਵਿਚ ਸਭ ਤੋਂ ਵੱਧ ਨੁਕਸਾਨ ਆਮ ਲੋਕਾਂ ਦਾ ਹੀ ਹੋਇਆ। ਦੋਨੋਂ ਧਿਰਾਂ ਦੇ ਸਿਆਸੀ ਆਗੂ ਇਸ ਸੰਤਾਪ ਤੋਂ ਆਪ ਤਾਂ ਬਚੇ ਰਹੇ ਪਰ ਲੋਕਾਈ ਨੂੰ ਬਚਾਉਣ ਲਈ ਉਹਨਾਂ ਕੋਈ ਵੀ ਚਾਰਾਜੋਈ ਨਾ ਕੀਤੀ। ਨਾਵਲ ਵਿਚੋਂ ਸਿਆਸਤ ਦੀ ਇਸ ਪ੍ਰਤੀਧੁਨੀ ਨੂੰ ਵੀ ਸੁਣਿਆ ਜਾ ਸਕਦਾ ਹੈ। ਨਾਵਲ ਦਾ ਕੇਂਦਰੀ ਪਾਤਰ ਗੁਰਪ੍ਰੀਤ ਆਪਣੇ ਚੈਨਲ ਲਈ ਕੰਮ ਕਰਦਿਆਂ ਵੰਡ ਦੀ ਤ੍ਰਾਸਦੀ ਨੂੰ ਸਮਝਣ ਲਈ ਅੱਖੀਂ ਦੇਖਣ ਵਾਲੇ ਵਡੇਰਿਆਂ ਦੀ ਵਾਰਤਾ ਰਿਕਾਰਡ ਕਰਦਾ ਹੈ। ਇਸ ਵਾਰਤਾ ਵਿਚ ਬੇਸ਼ੱਕ ਉਹੀ ਘਟਨਾਵਾਂ ਹਨ ਜਿਨ੍ਹਾਂ ਨੂੰ ਅਸੀਂ ਪਹਿਲਾਂ ਗਾਹੇ-ਬਗਾਹੇ ਪੜ੍ਹਦੇ ਰਹੇ ਹਾਂ ਪਰੰਤੂ ਫਿਰ ਵੀ ਇਸ ਵਿਚ ਇਕ ਵੱਖਰਾਪਣ ਤੇ ਨਵਾਂਪਣ ਜਾਪਦਾ ਹੈ। ਅਜਿਹਾ ਇਸ ਲਈ ਹੈ ਕਿ ਮਨੁੱਖੀ ਮਨ ਨੂੰ ਹਮੇਸ਼ਾ ਅੱਖੀਂ ਦੇਖਣ ਵਾਲੀ ਰੂੜ੍ਹੀ ਟੁੰਬਦੀ ਹੈ। ਇਸ ਨਾਲ ਇਸ ਵਿਚੋਂ ਸਹਿਜਤਾ ਭਰੀ ਪ੍ਰਮਾਣਿਕਤਾ ਝਲਕਦੀ ਹੈ। ਪਰਵਾਨਾ ਦੀ ਇਸ ਵੱਖਰੀ ਬਿਰਤਾਂਤਕ ਜੁਗਤ ਨਾਲ ਨਾਵਲਕਾਰ ਦੀ ਮੌਜੂਦਗੀ ਦਾ ਅਹਿਸਾਸ ਨਹੀਂ ਹੁੰਦਾ। ਨਾਵਲ ਪੜ੍ਹਦਿਆਂ ਇਸ ਤਰ੍ਹਾਂ ਜਾਪਦਾ ਹੈ ਜਿਵੇਂ ਇਸ ਵਾਰਤਾ ਦੇ ਸੂਤਰਧਾਰ ਪਾਤਰਾਂ ਨੇ ਹੀ ਨਾਵਲ ਲਿਖਿਆ ਹੋਵੇ।

ਬਲਬੀਰ ਪਰਵਾਨਾ ਨੇ ਸੰਤਾਲੀ ਦੇ ਉਜਾੜੇ ਨੂੰ ਉਸਦੀਆਂ ਸਿਆਸੀ ਧੁਨਾਂ ਰਾਹੀਂ ਸਮਝਣ ਦੇ ਨਾਲ-ਨਾਲ ਇਸ ਉਪਜਾਊ ਖੇਤਰ ਵਿਚ ਕਾਰਪੋਰੇਟੀ ਲੁੱਟ-ਖਸੁੱਟ ਦੇ ਸਰੂਪ ਨੂੰ ਵੀ ਸਿਰਜਿਆ ਹੈ। ਕਿਸ ਤਰ੍ਹਾਂ ਕਾਰਪੋਰੇਟ ਆਪਣੇ ਮੁਨਾਫ਼ੇ ਲਈ ਇਸ ਖੇਤਰ ਦੀ ਉਪਜਾਊ ਸ਼ਕਤੀ ਨੂੰ ਤਬਾਹ ਕਰਦਾ ਹੈ। ਦਸੂਹਾ ਤੇ ਮੁਕੇਰੀਆਂ ਦੇ ਇਲਾਕੇ ਵਿਚ ਰੇਤ ਤੇ ਬਜਰੀ ਮਾਫੀਆ ਵੱਲੋਂ ਕੁਦਰਤੀ ਸਰੋਤਾਂ ਦੀ ਲੁੱਟ ਨਾਲ ਕਿਸ ਤਰ੍ਹਾਂ ਦੇ ਵਾਤਾਵਰਣਕ ਵਿਗਾੜ ਪੈਦਾ ਕੀਤੇ ਗਏ ਹਨ, ਕਾਰਪੋਰੇਟ ਨੇ ਮਨੁੱਖੀ ਲਾਲਸਾਵਾਂ ਵਧਾ ਕੇ ਕਿਸ ਤਰ੍ਹਾਂ ਮਨੁੱਖ ਨੂੰ ਬਰਬਾਦੀ ਦੇ ਰਾਹ ਵੱਲ ਤੋਰ ਦਿੱਤਾ ਹੈ, ਨਾਵਲ ਇਹ ਸਾਹਮਣੇ ਲਿਆਉਂਦਾ ਹੋਇਆ ਇਸ ਗੱਲ 'ਤੇ ਚਿੰਤਾ ਵੀ ਵਿਅਕਤ ਕਰਦਾ ਹੈ। ਅਤੇ ਗੁਰਪ੍ਰੀਤ ਦੀ ਜੀਵਨ ਜਾਚ ਰਾਹੀਂ ਇਸਤੋਂ ਬਚਣ ਦਾ ਇਕ ਮਾਡਲ ਵੀ ਸਿਰਜਦਾ ਹੈ। ਗੁਰਪ੍ਰੀਤ ਇਕ ਚਿੰਤਨਸ਼ੀਲ ਸੂਝਵਾਨ ਨੌਜਵਾਨ ਵਜੋਂ ਪੇਸ਼ ਹੋਇਆ ਹੈ। ਉਹ ਆਪਣੀਆਂ ਲੋੜਾਂ ਨੂੰ ਆਪਣੀਆਂ ਆਰਥਿਕ ਸੀਮਾਵਾਂ ਤੋਂ ਪਾਰ ਨਹੀਂ ਜਾਣ ਦਿੰਦਾ। ਜ਼ਿੰਦਗੀ ਬਾਰੇ ਉਸਦਾ ਨਜ਼ਰੀਆ ਆਸ਼ਾਵਾਦੀ ਹੈ। ਗੁਰਪ੍ਰੀਤ ਸਿਖਾਉਂਦਾ ਹੈ ਕਿ ਸੀਮਤ ਸਾਧਨਾਂ ਨਾਲ ਵੀ ਮਨੁੱਖ ਚੰਗਾ ਜੀਵਨ ਜਿਉਂ ਸਕਦਾ ਹੈ। ਮਨੁੱਖ ਨੇ ਬਿਨਾਂ ਵਜਾਹ ਆਪਣੀਆਂ ਲੋੜਾਂ ਨੂੰ ਵਧਾ ਕੇ ਆਪਣੇ ਲਈ ਸੰਕਟ ਖੜ੍ਹੇ ਕਰ ਲਏ ਹਨ। ਇਹ ਸੰਕਟ ਰੁਕਣ ਦਾ ਨਾਮ ਹੀ ਨਹੀਂ ਲੈ ਰਹੇ। ਸੰਤਾਲੀ ਦੇ ਕੌਮੀ ਉਜਾੜੇ ਤੋਂ ਬਾਅਦ ਸਮਕਾਲੀ ਸਮਾਜ ਵਿਚ ਹਿੰਸਾ, ਨਫ਼ਰਤ ਤੇ ਹੋਰਨਾਂ ਪੱਖਾਂ ਤੋਂ ਮਾਨਸਿਕ ਉਜਾੜਾ ਵਾਪਰ ਰਿਹਾ ਹੈ। ਸਿਹਤ ਤੇ ਵਾਤਾਵਰਣ ਵਿਗਾੜ ਦੇ ਪੱਖ ਤੋਂ ਅਸੀਂ ਤਬਾਹੀ ਦੀ ਕਗਾਰ 'ਤੇ ਪਹੁੰਚ ਚੁੱਕੇ

ਹਾਂ। ਸਮਾਜਕ, ਨੈਤਿਕ, ਧਾਰਮਿਕ ਤੇ ਸਿਆਸੀ ਪੱਖ ਤੋਂ ਪੰਜਾਬ ਕੰਗਾਲੀ ਵੱਲ ਵਧ ਰਿਹਾ ਹੈ। ਸਾਡੇ ਵੱਡ-ਵਡੇਰੇ ਬੇਸ਼ੱਕ ਸੰਤਾਲੀ ਦੇ ਉਜਾੜੇ ਤੋਂ ਨਹੀਂ ਬਚ ਸਕੇ ਪਰ ਨਵੀਂ ਚਿੰਤਨੀ ਸੂਝ ਨਾਲ ਮੌਜੂਦਾ ਦੌਰ ਦੇ ਉਜਾੜੇ ਤੋਂ ਬਚਿਆ ਜਾ ਸਕਦਾ ਹੈ। ਇਸ ਵਿਚਾਰ ਨੂੰ ਨਾਵਲੀ ਵਿਸ਼ੇ ਦੇ ਗਰਭ ਵਿਚੋਂ ਸਮਝਿਆ ਜਾ ਸਕਦਾ ਹੈ। ਇਸਨੂੰ ਸਮਝਣ ਦੇ ਨਾਲ-ਨਾਲ ਅੱਗੇ ਵਿਸਥਾਰਨ ਦੀ ਲੋੜ ਹੈ।

ਨਾਵਲ ਵਿਚ ਰਿਸ਼ਤਿਆਂ ਦਾ ਬੜਾ ਖ਼ੂਬਸੂਰਤ ਵਿਵਰਣ ਸਹਿਜ ਰੂਪ ਵਿਚ ਉਸਰਿਆ ਮਿਲਦਾ ਹੈ। ਸੰਤਾਲੀ ਦੇ ਉਜਾੜੇ ਸਮੇਂ ਇਹ ਦੋ ਰੂਪਾਂ ਵਿਚ ਸਾਹਮਣੇ ਆਉਂਦਾ ਹੈ। ਇਕ ਧਿਰ ਉਹ ਜੋ ਆਪਣੇ ਰਿਸ਼ਤਿਆਂ ਦੀ ਜਾਨ ਬਚਾਉਣ ਲਈ ਆਪਣੀ ਜਾਨ ਦਾਅ 'ਤੇ ਲਗਾ ਦਿੰਦੀ ਹੈ। ਐਨੇ ਸਾਲ ਬੀਤਣ ਦੇ ਬਾਵਜੂਦ ਉਹਨਾਂ ਅੰਦਰੋਂ ਵਿਛੜਿਆਂ ਨੂੰ ਮਿਲਣ ਦੀ ਤਾਂਘ ਨਹੀਂ ਮੁੱਕੀ। ਦੂਜੀ ਧਿਰ ਉਹਨਾਂ ਲੋਕਾਂ ਦੀ ਹੈ ਜੋ ਫ਼ਿਰਕੂ ਭਾਵਨਾਵਾਂ ਵਿਚ ਭੜਕ ਇਕੋ ਥਾਂ ਰਹਿਣ, ਕੰਮ ਕਰਨ, ਖਾਣ-ਪੀਣ ਤੇ ਖੇਡਣ ਵਾਲਿਆਂ ਦਾ ਕਤਲੇਆਮ ਕਰਦੀ ਹੈ। ਸਮਕਾਲੀ ਦੌਰ ਦੇ ਬਹੁਤੇ ਰਿਸ਼ਤੇ ਮੋਹ ਦੀ ਖਿੱਚ ਵਿਚੋਂ ਬਾਹਰ ਜਾ ਸਵਾਰਥ ਦੀ ਧੁਰੀ ਦੁਆਲੇ ਘੁੰਮਣ ਲੱਗ ਗਏ ਹਨ। ਸੰਜਨਾ ਦਾ ਨਵੀਨ ਤੇ ਗੁਰਪ੍ਰੀਤ ਨਾਲ ਰਿਸ਼ਤਾ ਇਸ ਯਥਾਰਥ ਦਾ ਪ੍ਰਮਾਣ ਬਣਦਾ ਹੈ। ਆਪਣੇ ਸਵਾਰਥ ਲਈ ਉਹ ਨਵੀਨ ਨਾਲ ਜੁੜ ਕੇ ਉਸਤੋਂ ਅਲੱਗ ਹੁੰਦੀ ਹੈ, ਬਾਅਦ ਵਿਚ ਗੁਰਪ੍ਰੀਤ ਨਾਲੋਂ ਅਲੱਗ ਹੋ ਕੇ ਆਪਣੀ ਪਰਮੋਸ਼ਨ ਲਈ ਨਵੇਂ ਮੈਨੇਜਰ ਨਾਲ ਜੁੜਨਾ ਉਸਦੀਆਂ ਅਤ੍ਰਿਪਤ ਖਾਹਿਸ਼ਾਂ ਦਾ ਪ੍ਰਗਟਾਵਾ ਮਾਤਰ ਹੈ। ਬਸ਼ੀਰ ਮੁਹੰਮਦ ਦੀ ਧੀ ਆਬਿਦਾ ਅਤੇ ਗੁਰਪ੍ਰੀਤ ਦਾ ਆਪਸੀ ਰਿਸ਼ਤਾ ਸਵਾਰਥੀ ਭਾਵਨਾਵਾਂ ਤੋਂ ਰਹਿਤ ਮਿੱਟੀ ਦੇ ਮੋਹ ਨਾਲ ਜੁੜਿਆ ਹੋਇਆ ਹੈ। ਆਬਿਦਾ ਤੇ ਗੁਰਪ੍ਰੀਤ ਉਸ ਅੰਤਲੀ ਪੀੜ੍ਹੀ ਦੇ ਪ੍ਰਤੀਨਿਧ ਹਨ ਜਿਨ੍ਹਾਂ ਨੇ ਸੰਤਾਲੀ ਦਾ ਉਜਾੜਾ ਖ਼ੁਦ ਨਹੀਂ ਦੇਖਿਆ ਪਰ ਜਿਨ੍ਹਾਂ ਵਿਚ ਉਸ ਦੁਖਾਂਤ ਨੂੰ ਸਮਝਣ ਤੇ ਆਪਣੇ ਪੁਰਖਿਆਂ ਦੀਆਂ ਯਾਦਾਂ ਨੂੰ ਸਤਿਕਾਰ ਦੇਣ ਦੀ ਬੇਹੱਦ ਸ਼ਿੱਦਤ ਹੈ। ਗੁਰਪ੍ਰੀਤ ਵੀ ਇਸੇ ਸ਼ਿੱਦਤ ਨਾਲ ਕੰਮ ਕਰਦਾ ਹੈ ਤੇ ਆਬਿਦਾ ਉਸਦੀ ਇਸੇ ਸ਼ਿੱਦਤ ਤੋਂ ਪ੍ਰਭਾਵਤ ਹੋ ਉਸ ਨਾਲ ਜੁੜਦੀ ਹੈ। ਨਾਵਲਕਾਰ ਨੇ ਦੋਹਾਂ ਦੇ ਰਿਸ਼ਤੇ ਨੂੰ ਪੂਰ ਚੜ੍ਹਾ ਕੇ ਦੋਹਾਂ ਪੰਜਾਬਾਂ ਦੇ ਰਿਸ਼ਤੇ ਨੂੰ ਮੁੜ ਪਹਿਲਾਂ ਵਰਗਾ ਬਣਾਉਣ ਦੀ ਇੱਛਾ ਕੀਤੀ ਹੈ।

ਨਾਵਲ ਦਾ ਵਿਸ਼ਾ ਸੰਤਾਲੀ ਦੀ ਤ੍ਰਾਸਦੀ ਦੁਆਲੇ ਕੇਂਦਰਤ ਹੈ ਪਰ ਇਸਦੀ ਪੇਸ਼ਕਾਰੀ ਵਿਚੋਂ ਸਾਂਝੇ ਪੰਜਾਬ ਦੀ ਰਹਿਤਲ ਦਾ ਖ਼ੂਬਸੂਰਤ ਦ੍ਰਿਸ਼ ਨਜ਼ਰ ਆਉਂਦਾ ਹੈ। ਨਾਵਲਕਾਰ ਦੇ ਸਿਰਜੇ ਪਾਤਰਾਂ ਦੀ ਵਾਰਤਾ ਵਿਚੋਂ ਕਮਾਲ ਦੇ ਦ੍ਰਿਸ਼ ਚਿਤਰਨ ਉੱਭਰਦੇ ਹਨ। ਇਹ ਪਾਤਰ ਪਾਠਕ ਨੂੰ ਜਿੱਥੇ ਵੰਡੇ ਪੰਜਾਬ ਦੇ ਜ਼ਖਮ ਦਿਖਾਉਂਦੇ ਹਨ ਉਥੇ ਅਣਵੰਡੇ ਪੰਜਾਬ ਦੀਆਂ ਗਲੀਆਂ ਵਿਚ ਆਪਣੀ ਉਂਗਲ ਫੜ ਕੇ ਤੋਰਦੇ ਹਨ। ਪਾਠਕ ਇਸ ਤਰ੍ਹਾਂ ਮਹਿਸੂਸ ਕਰਦਾ ਹੈ ਜਿਵੇਂ ਉਸ ਸਮੇਂ ਦੇ ਦ੍ਰਿਸ਼ ਆਪਣੇ ਅੱਖੀਂ ਦੇਖ ਰਿਹਾ ਹੋਵੇ। ਅਜਿਹਾ ਪਾਤਰਾਂ ਦੇ ਮੂੰਹੋਂ ਬਿਰਤਾਂਤ ਉਸਾਰੀ ਕਰਵਾਉਣ ਦੀ ਨਵੀਨ ਜੁਗਤ ਕਾਰਨ ਸੰਭਵ ਹੋਇਆ ਹੈ। ਇਹ ਨਾਵਲ ਆਪਣੀ ਇਸ ਕਲਾਤਮਿਕਤਾ ਕਾਰਨ ਦੇਸ਼-ਵੰਡ ਦੀ ਤ੍ਰਾਸਦੀ ਬਾਰੇ ਸਾਂਭਣਯੋਗ ਦਸਤਾਵੇਜ਼ ਹੈ। **-ਹਰਿੰਦਰ ਸਿੰਘ ਬਰਾੜ**

z

## ਪ੍ਰਾਪਤ ਪੁਸਤਕਾਂ

**ਮੁਹੱਬਤ ਨੇ ਕਿਹਾ** (ਕਾਵਿ ਸੰਗ੍ਰਹਿ) ਦੇਵਿੰਦਰ ਸੈਫੀ
ਪੰਨੇ 173, ਮੁੱਲ 300 ਰੁਪਏ, ਊੜਾ ਪਬਲੀਕੇਸ਼ਨ, ਲੌਂਗੀ ਵਿੰਡ, ਮੋਗਾ 152028

**ਹਨੇਰੇ ਦੀ ਤਲੀ 'ਤੇ** (ਕਾਵਿ ਸੰਗ੍ਰਹਿ) ਕੁਲਵਿੰਦਰ ਖਹਿਰਾ
ਪੰਨੇ 72, ਮੁੱਲ 100 ਰੁਪਏ, 5ਆਬ ਪ੍ਰਕਾਸ਼ਨ, ਦੇਸ਼ ਭਗਤ ਯਾਦਗਾਰ ਬਿਲਡਿੰਗ, ਜਲੰਧਰ

**ਕ੍ਰਾਂਤੀ ਦੀ ਭਾਸ਼ਾ** (ਕਾਵਿ ਸੰਗ੍ਰਹਿ) ਸੁਖਿੰਦਰ
ਪੰਨੇ 176, ਮੁੱਲ 150 ਰੁਪਏ,$10, ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ

**ਸ਼੍ਰੀ** (ਕਾਵਿ ਸੰਗ੍ਰਹਿ) ਸੁਰਿੰਦਰ ਸੀਹਰਾ
ਪੰਨੇ 174, ਮੁੱਲ 250 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ

**ਨਦੀਏ ਤੇਰਾ ਕੀ ਸਿਰਨਾਵਾਂ** (ਕਾਵਿ ਸੰਗ੍ਰਹਿ) ਕੇਸਰ ਕਰਮਜੀਤ
ਪੰਨੇ 80, ਮੁੱਲ 200 ਰੁਪਏ, ਪ੍ਰਤੀਕ ਪਬਲੀਕੇਸ਼ਨ, ਪਟਿਆਲਾ

**ਧਰਤੀ ਦੀ ਵਾਰ** (ਕਾਵਿ ਸੰਗ੍ਰਹਿ) ਸੁਰਿੰਦਰਪਾਲ ਸਿੰਘ ਮੰਡ
ਪੰਨੇ 128, ਮੁੱਲ 200 ਰੁਪਏ, ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ
**ਇੰਜ ਮਿਲਿਆ ਰੱਬ ਮੈਨੂੰ** (ਕਾਵਿ ਸੰਗ੍ਰਹਿ) ਅਮਰਜੀਤ ਕਸਕ
ਪੰਨੇ 110 ਮੁੱਲ 250 ਰੁਪਏ, ਪ੍ਰਿਥਮ ਪ੍ਰਕਾਸ਼ਨ, ਪਟਿਆਲਾ
**ਕੋਮਲ ਪੱਤੀਆਂ ਦਾ ਉਲਾਂਭਾ** (ਕਾਵਿ ਸੰਗ੍ਰਹਿ) ਦਵਿੰਦਰ ਪਟਿਆਲਵੀ
ਪੰਨੇ 98, ਮੁੱਲ 150 ਰੁਪਏ, ਕੇ ਪਬਲੀਕੇਸ਼ਨਜ਼, ਬਰੇਟਾ
**ਖੁਆਬਾਂ ਦੀ ਕਾਨਸ** (ਕਾਵਿ ਸੰਗ੍ਰਹਿ) ਡਾ. ਮਨਜੀਤ ਸਿੰਘ ਮਝੈਲ
ਪੰਨੇ 120, ਮੁੱਲ 200 ਰੁਪਏ, ਸੰਜੋਗ ਪਬਲਿਸ਼ਰਜ਼, ਚੰਡੀਗੜ੍ਹ
**ਲਾਹੁਤ** (ਕਾਵਿ ਸੰਗ੍ਰਹਿ) ਸੱਤ-ਔਜ
ਪੰਨੇ 176, ਮੁੱਲ 240 ਰੁਪਏ, ਕੈਲੀਬਰ ਪਬਲੀਕੇਸ਼ਨ, ਪਟਿਆਲਾ
**ਚੰਨ ਦਾ ਉੱਚੜਿਆ ਚਿਹਰਾ** (ਨਾਵਲ) ਕੇ. ਐੱਲ. ਗਰਗ
ਪੰਨੇ 181, ਮੁੱਲ 350 ਰੁਪਏ, ਨਵਯੁਗ ਪਬਲਿਸ਼ਰਜ਼, K-24 ਹੌਜ਼ ਖਾਸ,ਨਵੀਂ ਦਿੱਲੀ 110 016
**ਮੁਹਾਜ਼** (ਨਾਵਲ) ਨਛੱਤਰ
ਪੰਨੇ 227, ਮੁੱਲ 550 ਰੁਪਏ, ਆਰਸੀ ਪਬਲਿਸ਼ਰਜ਼,51 ਹੌਜ਼ ਪਰਦਾ ਬਾਗ,ਦਰਿਆ ਗੰਜ.ਾਸ,ਨਵੀਂ ਦਿੱਲੀ
**ਮੈਂ ਮਿੱਟੀ ਨਹੀਂ** (ਨਾਵਲ) ਬਲਦੇਵ ਸਿੰਘ
ਪੰਨੇ 221, ਮੁੱਲ 350 ਰੁਪਏ, ਯੂਨੀਸਟਾਰ ਬੁਕਸ, ਇੰਡਸਰਟੀਅਲ ਏਰੀਆ, ਫੇਜ਼ 9, ਮੁਹਾਲੀ
**ਮੇਰੇ ਤਿੰਨ ਨਾਵਲ** (ਨਾਵਲ) ਬੂਟਾ ਸਿੰਘ ਚੌਹਾਨ
ਪੰਨੇ 416, ਮੁੱਲ 825 ਰੁਪਏ, ਆਰਸੀ ਪਬਲਿਸ਼ਰਜ਼,51 ਹੌਜ਼ ਪਰਦਾ ਬਾਗ,ਦਰਿਆ ਗੰਜ.ਾਸ,ਨਵੀਂ ਦਿੱਲੀ
**ਜੇਬ ਵਿਚਲਾ ਬ੍ਰਹਿਮੰਡ** (ਨਾਵਲ) ਰੂਪ ਸਿੰਘ
ਪੰਨੇ 330, ਮੁੱਲ 575 ਰੁਪਏ, ਨਵਯੁਗ ਪਬਲਿਸ਼ਰਜ਼, K-24 ਹੌਜ਼ ਖਾਸ,ਨਵੀਂ ਦਿੱਲੀ 110 016
**ਘੱਗਰ ਕੰਢੇ ਦੇ ਕਜ਼ਾਕ** (ਨਾਵਲ) ਹਰਜੀਤ ਕੌਰ ਵਿਰਕ
ਪੰਨੇ 152, ਮੁੱਲ 250 ਰੁਪਏ, The Book Highway, Vill: Ahan Kheri, Malekotla 148023
**ਸਿਲਸਿਲੇ** (ਨਾਵਲ) ਚਰਨ ਸਿੰਘ
ਪੰਨੇ 130, ਮੁੱਲ 300 ਰੁਪਏ, ਕਾਵਿ ਸ਼ਾਸਤਰ ਪਬਲੀਕੇਸ਼ਨਜ਼, ਸਤਨਾਮਪੁਰਾ. ਫਗਵਾੜਾ
**ਸੱਤਰ ਐੱਮ. ਐੱਮ. ਏ ਡਰੀਮ** (ਨਾਵਲ) ਹਰਵਿੰਦਰ ਸਿੰਘ ਚਹਿਲ
ਪੰਨੇ 168, ਮੁੱਲ 300 ਰੁਪਏ, ਨਵਰੰਗ ਪਬਲੀਕੇਸ਼ਨਜ਼, ਚੱਕ ਅੰਮ੍ਰਿਤਸਰੀਆ, ਪਾਤੜਾਂ ਰੋਡ, ਸੁਨਾਮ
**ਆਪਣੀ ਹੋਂਦ ਦੀ ਭਾਲ਼ ਵਿਚ ਸਿਮਰਨ** (ਨਾਵਲ) ਮੋਨਿਕਾ ਦੇਵੀ , ਅਨੁਵਾਦਕ ਮਿਸਰਦੀਪ ਭਾਟੀਆ
ਪੰਨੇ 116, ਮੁੱਲ 225 ਰੁਪਏ, ਨਵਯੁਗ ਪਬਲਿਸ਼ਰਜ਼, K-24 ਹੌਜ਼ ਖਾਸ,ਨਵੀਂ ਦਿੱਲੀ 110 016
**ਇਕ ਸਵਰਗੀ ਝੂਟਾ** (ਯੋਗੋਸਲਾਵੀਅਨ ਨਾਵਲ) ਗਰੋਜ਼ਦਾਨਾ ਆਲੇਇਚ, ਅਨੁਵਾਦਕ ਸ਼ਿਵ ਕੁਮਾਰ
ਪੰਨੇ 147, ਮੁੱਲ 300 ਰੁਪਏ, ਨਵਯੁਗ ਪਬਲਿਸ਼ਰਜ਼, K-24 ਹੌਜ਼ ਖਾਸ,ਨਵੀਂ ਦਿੱਲੀ 110 016
**ਤਾਰਿਆਂ ਦੀ ਛਾਵੇਂ** (ਨਾਵਲੈੱਟ) ਧਿਆਨ ਸਿੰਘ ਸ਼ਾਹ ਸਿਕੰਦਰ
ਪੰਨੇ 48, ਮੁੱਲ 80 ਰੁਪਏ, ਸਹਿਜ ਪਬਲੀਕੇਸ਼ਨ, ਸਮਾਣਾ
**2024 ਦੀਆਂ ਪ੍ਰਤੀਨਿਧ ਕਹਾਣੀਆਂ** (ਕਹਾਣੀ ਸੰਗ੍ਰਹਿ) ਸੰਪਾਦਕ: ਸੁਕੀਰਤ
ਪੰਨੇ 151, ਮੁੱਲ 200 ਰੁਪਏ, ਪੀਪਲਜ਼ ਫੋਰਮ, ਬਰਗਾੜੀ, ਜ਼ਿਲ੍ਹਾ ਫਰੀਦਕੋਟ
**ਇਹ ਤਾਂ ਮੈਂ ਹੀ ਹਾਂ** (ਕਹਾਣੀ ਸੰਗ੍ਰਹਿ) ਨਿਰੰਜਣ ਬੋਹਾ
ਪੰਨੇ 136, ਮੁੱਲ 250 ਰੁਪਏ, ਊੜਾ ਪਬਲੀਕੇਸ਼ਨ, ਮੋਗਾ
**ਅਮਾਨਤ** (ਕਹਾਣੀ ਸੰਗ੍ਰਹਿ) ਪਿਆਰਾ ਸਿੰਘ ਟਾਂਡਾ
ਪੰਨੇ 116, ਮੁੱਲ 225 ਰੁਪਏ, ਨਵਯੁਗ ਪਬਲਿਸ਼ਰਜ਼, K-24 ਹੌਜ਼ ਖਾਸ,ਨਵੀਂ ਦਿੱਲੀ 110 016
**ਕਫਨ ਦੀ ਜੇਬ ਨਹੀਂ ਹੁੰਦੀ** (ਲੰਪਨ ਸ਼੍ਰੇਣੀ ਨਾਲ ਸੰਬੰਧਤ ਕਹਾਣੀਆਂ) ਸੰਪਾਦਕ: ਜਸਵੀਰ ਸਿੰਘ ਰਾਣਾ
ਪੰਨੇ 238, ਮੁੱਲ 290 ਰੁਪਏ, ਕੈਲੀਬਰ ਪਬਲੀਕੇਸ਼ਨ, ਪਟਿਆਲਾ
**ਨਾਗ ਕਥਾਵਾਂ** (ਰਾਜਸਥਾਨੀ ਕਹਾਣੀਆਂ) ਵਿਜੈਦਾਨ ਦੇਥਾ, ਸੰਪਾਦਨ ਤੇ ਅਨੁਵਾਦ: ਕੇਸਰਾ ਰਾਮ
ਪੰਨੇ 78, ਮੁੱਲ 150 ਰੁਪਏ, ਸਪਤਰਿਸ਼ੀ ਪਬਲੀਕੇਸ਼ਨ, ਪਟਿਆਲਾ
**ਅੱਧੇ ਆਕਾਸ਼ ਦਾ ਇੰਦਰਧਨੁੱਸ਼** (ਹਿੰਦੀ ਲੇਖਿਕਾਵਾਂ ਦੀਆਂ ਕਹਾਣੀਆਂ) ਸੰਪਾਦਨ ਤੇ ਅਨੁਵਾਦ: ਅਮਰਜੀਤ ਕੌਂਕੇ
ਪੰਨੇ 144, ਮੁੱਲ 300 ਰੁਪਏ, ਨਵਯੁਗ ਪਬਲਿਸ਼ਰਜ਼, K-24 ਹੌਜ਼ ਖਾਸ,ਨਵੀਂ ਦਿੱਲੀ 110 016
**ਪੁਰਖਾਰ ਵਾਟਾਂ** (ਕਮਿਊਨਿਸਟ ਕੁਲਵਕਤੀ ਦੀ ਜੀਵਨ ਗਾਥਾ) ਮੰਗਤ ਰਾਮ ਪਾਸਲਾ
ਪੰਨੇ 160, ਮੁੱਲ 150 ਰੁਪਏ, 5ਆਬ ਪ੍ਰਕਾਸ਼ਨ, ਦੇਸ਼ ਭਗਤ ਯਾਦਗਾਰ ਬਿਲਡਿੰਗ, ਜਲੰਧਰ
**ਮੇਰੀ ਜੀਵਨ ਕਥਾ: ਸੱਚੋ ਸੱਚ** (ਸਵੈ ਜੀਵਨੀ) ਬਾਬਾ ਗੇਂਦਾ ਸਿੰਘ ਦੌਧਰ, ਸੰਪਾਦਕ: ਸੁਖਦੇਵ ਸਿੰਘ ਸਿਰਸਾ
ਪੰਨੇ 152, ਮੁੱਲ 300 ਰੁਪਏ, ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ
**ਨਾ ਕਾਹੂ ਸੇ ਦੋਸਤੀ** (ਲੇਖ) ਡਾ. ਹਜ਼ਾਰਾ ਸਿੰਘ ਚੀਮਾ
ਪੰਨੇ 472, ਮੁੱਲ 660 ਰੁਪਏ, ਆਜ਼ਾਦ ਬੁੱਕ ਡਿਪੂ, ਹਾਲ ਬਾਜ਼ਾਰ, ਅੰਮ੍ਰਿਤਸਰ
**ਬੋਲ ਮਿੱਟੀ ਦਿਆ ਬਾਵਿਆ** (ਲੇਖ) ਡਾ. ਨਰੇਸ਼
ਪੰਨੇ 313, ਮੁੱਲ 650 ਰੁਪਏ, ਨਵਯੁਗ ਪਬਲਿਸ਼ਰਜ਼, K-24 ਹੌਜ਼ ਖਾਸ,ਨਵੀਂ ਦਿੱਲੀ 110

**ਹਮਾਯੂੰਨਾਮਾ- ਗੁਲਬਦਨ ਬੇਗਮ** (ਹਮਾਯੂੰ ਦੀ ਭੈਣ ਵੱਲੋਂ ਲਿਖੀ ਜੀਵਨੀ) ਸਵਰਨਜੀਤ ਕੌਰ ਸੰਮੀ
ਪੰਨੇ 117, ਮੁੱਲ 295 ਰੁਪਏ, ਆਰਸੀ ਪਬਲਿਸ਼ਰਜ਼, ਪਰਦਾ ਬਾਗ਼, ਦਰਿਆ ਗੰਜ, ਨਵੀਂ ਦਿੱਲੀ
**ਲਿਖਤਮ ਸੁਖਬੀਰ** (ਸੁਖਬੀਰ ਦੀਆਂ 'ਆਰਸੀ' ਵਿਚ ਛਪੀਆਂ ਲਿਖਤਾਂ) ਸੰਪਾਦਨ: ਡਾ. ਚੰਦਰ ਮੋਹਨ
ਪੰਨੇ 489, ਮੁੱਲ 800 ਰੁਪਏ, ਨਵਯੁਗ ਪਬਲਿਸ਼ਰਜ਼, K-24 ਹੌਜ਼ ਖਾਸ,ਨਵੀਂ ਦਿੱਲੀ 110 016
**ਪੜ੍ਹੈ ਅਤੈ** (ਕਾਵਿ-ਵੈਦੀਆ) ਰਣਜੀਤ ਸਿੰਘ ਰੰਗੀਲਾ
ਪੰਨੇ 246, ਮੁੱਲ 425 ਰੁਪਏ, 20$ ਸ਼ਬਦਲੋਕ ਪਬਲੀਕਾਸ਼ਨਜ਼, Shabdlok.com
**ਨਾਨਕ ਦਰਸ਼ਨ ਤੇ ਸਹਿਜ ਸੁਭਾਅ** (ਕਾਵਿ-ਨਾਟਕ) ਚਰਨ ਸਿੰਘ
ਪੰਨੇ 139, ਮੁੱਲ 350 ਰੁਪਏ, ਕਾਵਿ ਸ਼ਾਸਤਰ, ਪਰਵਾਸੀ ਖੋਜ ਕੇਂਦਰ, ਫਗਵਾੜਾ
**ਜਿਉਣ ਦਾ ਸਲੀਕਾ** (ਨਿਬੰਧ) ਸੁਰਿੰਦਰਪਾਲ ਸਿੰਘ ਮੰਡ
ਪੰਨੇ 128, ਮੁੱਲ 200 ਰੁਪਏ, ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ
**ਸਾਵੀਂ ਸੋਚ** ਸ਼ਾਨ ਨਾਲ ਤੁਰਨ ਦੀ ਕਲਾ (ਨਿਬੰਧ) ਸੁਰਿੰਦਰਪਾਲ ਸਿੰਘ ਮੰਡ
ਪੰਨੇ 112, ਮੁੱਲ 200 ਰੁਪਏ, ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ
**ਬ੍ਰਹਮ ਸੂਤਰ** (ਬ੍ਰਹਮ ਵਿਚਾਰ) ਨਿਰਵੈਰ ਸਿੰਘ
ਪੰਨੇ 236, ਮੁੱਲ 700 ਰੁਪਏ, ਨਵਯੁਗ ਪਬਲਿਸ਼ਰਜ਼, K-24 ਹੌਜ਼ ਖਾਸ,ਨਵੀਂ ਦਿੱਲੀ 110 016
**ਪੰਜਾਬ ਤੇ ਪਰਵਾਸ** (ਵਾਰਤਕ) ਸੰਪਾਦਕ ਗੁਰਪ੍ਰੀਤ ਸਿੰਘ ਤੂਰ, ਅਮਰਜੀਤ ਸਿੰਘ ਭੁੱਲਰ, ਬਲਵੰਤ ਸਿੰਘ ਸੰਧੂ
ਪੰਨੇ 248, ਮੁੱਲ 325 ਰੁਪਏ, ਚੇਤਨਾ ਪ੍ਰਕਾਸ਼ਨ, ਲੁਧਿਆਣਾ
**ਮੇਰੇ ਸੁਪਨਿਆਂ ਦਾ ਦੇਸ਼ ਕਨੇਡਾ** (ਸਵੈ ਜੀਵਨੀ ਦੇ ਅੰਗ ਸੰਗ) ਮਲਕੀਤ ਸਿੰਘ ਸਿੱਧੂ
ਪੰਨੇ 299, ਮੁੱਲ 425 ਰੁਪਏ,$25, ਚੇਤਨਾ ਪ੍ਰਕਾਸ਼ਨ, ਪੰਜਾਬੀ ਭਬਨ,ਲੁਧਿਆਣਾ
**ਘਟਨਾਵਾਂ** (ਸੰਸਮਰਣ) ਧਿਆਨ ਸਿੰਘ ਸ਼ਾਹ ਸਿਕੰਦਰ
ਪੰਨੇ 72, ਮੁੱਲ 120 ਰੁਪਏ, ਸਹਿਜ ਪਬਲੀਕਾਸ਼ਨਜ਼, ਸਮਾਣਾ
**ਅੱਖੀਂ ਡਿੱਠੇ ਪਲਾਂ ਦੀ ਗਾਥਾ** (ਬ੍ਰਹਮ ਵਿਚਾਰ) ਨਿਰਵੈਰ ਸਿੰਘ
ਪੰਨੇ 152, ਮੁੱਲ 300 ਰੁਪਏ, ਆਜ਼ਾਦ ਬੁੱਕ ਡਿੱਪੂ, ਹਾਲ ਬਾਜ਼ਾਰ, ਅੰਮ੍ਰਿਤਸਰ
**ਨਵੇਂ ਤੋਂ ਨਵੇਂ ਹੱਲ:** ਇਸਰਾਈਲੀ ਜੁਗਤੀਪੁਣਾ (ਵਾਰਤਕ) ਆਵੀ ਯੋਰਿਸ, ਅਨੁਵਾਦ: ਪੂਨਮ ਸਿੰਘ
ਪੰਨੇ 230, ਮੁੱਲ 500 ਰੁਪਏ, ਨਵਯੁਗ ਪਬਲਿਸ਼ਰਜ਼, K-24 ਹੌਜ਼ ਖਾਸ,ਨਵੀਂ ਦਿੱਲੀ 110 016
**ਚਰਨ ਸਿੰਘ ਦਾ ਕਾਵਿ ਸੰਸਾਰ** (ਆਲੋਚਨਾ) ਜੋਗਿੰਦਰ ਸਿੰਘ ਕੈਰੋਂ
ਪੰਨੇ 108, ਮੁੱਲ 220 ਰੁਪਏ, ਬਸੰਤ-ਸੁਹੇਲ ਪਬਲੀਕੇਸ਼ਨਜ਼, ਸਤਨਾਮਪੁਰਾ, ਫਗਵਾੜਾ

---


## 'ਸਿਰਜਣਾ' ਬਾਰੇ ਜਾਣਕਾਰੀ

| | |
|---|---|
| 1. ਪ੍ਰਕਾਸ਼ਨ ਸਥਾਨ | 225-ਬੀ, ਮਖਦੂਮਪੁਰਾ, ਜਲੰਧਰ |
| 2. ਪ੍ਰਕਾਸ਼ਨ ਕਾਲ | ਤ੍ਰੈਮਾਸਕ |
| 3. ਛਾਪਕ, ਪ੍ਰਕਾਸ਼ਕ ਤੇ ਮਾਲਕ | ਸੁਰਿੰਦਰ ਮੋਹਨ ਸਿੰਘ |
| 4. ਕੌਮੀਅਤ | ਭਾਰਤੀ |
| 5. ਪਤਾ | 225-ਬੀ, ਮਖਦੂਮਪੁਰਾ, ਜਲੰਧਰ |
| 6. ਸੰਪਾਦਕ | ਰਘਬੀਰ ਸਿੰਘ |
| 7. ਕੌਮੀਅਤ | ਭਾਰਤੀ |
| 8. ਪਤਾ | 1728, ਸੈਕਟਰ 43-ਬੀ, ਚੰਡੀਗੜ੍ਹ |

ਮੈਂ ਸੁਰਿੰਦਰ ਮੋਹਨ ਸਿੰਘ, ਐਲਾਨ ਕਰਦਾ ਹਾਂ ਕਿ ਉਪਰੋਕਤ ਵੇਰਵਾ ਮੇਰੇ ਗਿਆਨ ਤੇ ਵਿਸ਼ਵਾਸ ਅਨੁਸਾਰ ਸਹੀ ਹੈ।

ਮਿਤੀ: 28 ਫਰਵਰੀ 2025 ਦਸਤਖਤ: ਸੁਰਿੰਦਰ ਮੋਹਨ ਸਿੰਘ, ਪ੍ਰਕਾਸ਼ਕ

---

ਪ੍ਰਿੰਟਰ, ਪਬਲਿਸ਼ਰ ਤੇ ਮਾਲਕ ਸੁਰਿੰਦਰ ਮੋਹਨ ਸਿੰਘ ਨੇ ਸਿਰਜਣਾ ਪ੍ਰਿੰਟਰਜ਼ ਐਂਡ ਸਟੇਸ਼ਨਰਜ਼, ਸ਼ੋਅਰੂਮ ਨੰਬਰ 443, ਮਟੌਰ, ਸੈਕਟਰ 70, ਮੁਹਾਲੀ ਤੋਂ ਛਪਵਾ ਕੇ 225-ਬੀ, ਮਖਦੂਮਪੁਰਾ, ਜਲੰਧਰ ਤੋਂ ਪ੍ਰਕਾਸ਼ਤ ਕੀਤਾ।

ਸੰਪਾਦਕ: ਰਘਬੀਰ ਸਿੰਘ ਪ੍ਰਕਾਸ਼ਨ ਮਿਤੀ: 1 ਅਪਰੈਲ, 2025

## ਕਹਾਣੀਕਾਰ ਲਾਲ ਸਿੰਘ ਦੀਆਂ ਸਵੈ-ਜੀਵਨਕ ਕਥਾਵਾਂ 'ਬੇਸਮਝੀਆਂ'




ਦੋਸਤੋਵਸਕੀ ਲਿਖਦਾ ਹੈ ਕਿ ਜ਼ਿੰਦਗੀ, ਸਾਰੀਆਂ ਕਲਪਨਾਵਾਂ ਤੋਂ ਕਿਤੇ ਵੱਧ ਅਮੀਰ ਹੈ। ਕਹਾਣੀਕਾਰ ਲਾਲ ਸਿੰਘ ਦੀਆਂ ਸਵੈ-ਜੀਵਨਕ ਕਥਾਵਾਂ 'ਬੇਸਮਝੀਆਂ' ਜ਼ਿੰਦਗੀ ਦੀ ਇਸੇ ਅਮੀਰੀ ਦੀ ਬਾਤ ਪਾਉਂਦੀਆਂ ਹਨ। ਇਨ੍ਹਾਂ ਕਥਾਵਾਂ ਅੰਦਰ ਧੜਕਦੀ ਜ਼ਿੰਦਗੀ ਦੇ ਬਹੁਤ ਸਾਰੇ ਰੰਗ ਨਜ਼ਰੀਂ ਪੈਂਦੇ ਹਨ ਜਿਨ੍ਹਾਂ ਕਰ ਕੇ ਜ਼ਿੰਦਗੀ, ਜ਼ਿੰਦਗੀ ਹੈ।

ਪੰਨੇ 112 ਸੁੰਦਰ ਦਿੱਖ ਮੁੱਲ 250 ਰੁਪਏ

**ਲੋਕਗੀਤ ਪ੍ਰਕਾਸ਼ਨ, ਮੁਹਾਲੀ**

**SIRJANA** Literary Punjabi Quarterly Chandigarh
No. 216 ISSN 2455-1058 April-June 2025
Registered with the Registrar of Newspapers for India vide R.N. 10215/65

## ਦੇਸ਼-ਵੰਡ ਬਾਰੇ ਬਲਬੀਰ ਪਰਵਾਨਾ ਦਾ
## ਨਵਾਂ ਨਾਵਲ 'ਰੌਲ਼ਿਆਂ ਵੇਲੇ'




ਬਲਬੀਰ ਪਰਵਾਨਾ ਨੇ ਸੰਤਾਲੀ ਨੂੰ 20ਵੀਂ ਸਦੀ ਦੀ ਮਹਾਂ ਤ੍ਰਾਸਦੀ ਆਖਿਆ ਹੈ। ਆਪਣੇ ਨਵੇਂ ਨਾਵਲ 'ਰੌਲ਼ਿਆਂ ਵੇਲੇ' ਵਿਚ ਉਹਨੇ ਸੰਨ ਸੰਤਾਲੀ ਦੀ ਵੰਡ ਨੂੰ ਨਵੀਂ ਦ੍ਰਿਸ਼ਟੀ ਤੋਂ ਦੇਖਣ ਦਾ ਉਪਰਾਲਾ ਕੀਤਾ ਹੈ। ਨਾਵਲ ਵਿਚੋਂ ਸਾਂਝੇ ਪੰਜਾਬ ਦੀ ਰਹਿਤਲ ਦਾ ਖ਼ੂਬਸੂਰਤ ਦ੍ਰਿਸ਼ ਤਾਂ ਉੱਭਰਦਾ ਹੀ ਹੈ, ਇਸ ਵਿਚ ਸੰਤਾਲੀ ਦੀ ਮਹਾਂ ਤ੍ਰਾਸਦੀ ਦੀ ਸਿਆਸਤ ਨੂੰ ਸਮਝਣ ਦਾ ਯਤਨ ਵੀ ਹੈ।

ਪੰਨੇ 188 ਸੁੰਦਰ ਦਿੱਖ ਮੁੱਲ 300 ਰੁਪਏ

**ਲੋਕਗੀਤ ਪ੍ਰਕਾਸ਼ਨ, ਮੁਹਾਲੀ**